A1 Roofing & Siding Ltd.
•ROOFING •SIDING •SOFFIT •STUCCO •HARDIE •FASCIA •EAVESTROUGH
ਘਰਾਂ ਦੀਆਂ ਛੱਤਾਂ ਅਤੇ ਸਾਈਡਿੰਗ, ਸਟੱਕੋ ਦਾ ਤਸੱਲੀਬਖ਼ਸ਼ ਕੰਮ ਕਰਵਾਓ
Jaswinder 403-614-2094 Harwinder 403-402-5615

The Punjabi Newspaper
ਪੰਜਾਬੀਅਤ ਦਾ ਪਹਿਰੇਦਾਰ
# ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000
Edmonton : 780 599 2000 | Regina/Saskatoon : 639 999 1000 : Winnipeg 431 733 3000
Chief Editor : Harbans Buttar

Look & Find your dream home with
MANJIT JASWAL REALTOR®
THE NAME YOU CAN TRUST FOR YOUR ALL BUYING & SELLING REAL ESTATE NEEDS
CENTURY 21 Bravo Realty
403.861.2253

Vol: 11 No: 262 Website : www.punjabiakhbaar.ca Email: editor@punjabiakhbaar.ca Friday, 21 February 2025

## ਸਰੋਮਣੀ ਗੁਰੂਦਵਾਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ: ਹਰਜਿੰਦਰ ਸਿੰਘ ਧਾਮੀ ਨੇ ਆਪਣੇ ਔਹੁਦੇ ਤੋਂ ਅਸਤੀਫਾ ਦਿੱਤਾ



ਅੰਮ੍ਰਿਤਸਰ (ਪੰਜਾਬੀ ਅਖ਼ਬਾਰ ਬਿਊਰੋ) ਅੰਮ੍ਰਿਤਸਰ ਵਿਖੇ ਬੁਲਾਈ ਗਈ ਪ੍ਰੈਸ ਕਾਨਫਰੰਸ ਦੌਰਾਨ ਮੀਡੀਆ ਨੂੰ ਸੰਬੋਧਿਤ ਹੁੰਦਿਆਂ ਸਰੋਮਣੀ ਗੁਰੂਦਵਾਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ: ਹਰਜਿੰਦਰ ਸਿੰਘ ਧਾਮੀ ਨੇ ਆਪਣੇ ਔਹੁਦੇ ਤੋਂ ਅਸਤੀਫਾ ਦੇਣ ਦਾ ਐਲਾਨ ਕਰ ਦਿੱਤਾ ਹੈ। ਐਸ ਜੀ ਪੀ ਸੀ ਪ੍ਰਧਾਨ ਧਾਮੀ ਨੇ ਦੱਸਿਆ ਕਿ ਉਹਨਾਂ ਨੇ ਆਪਣਾ ਅਸਤੀਫ਼ਾ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਨੂੰ ਸੌਂਪ ਦਿੱਤਾ ਹੈ। ਅਸਤੀਫੇ ਦੇ ਕਾਰਣਾਂ ਦੇ ਪਿਛਕਿੜ ਵੱਲ ਜਾਂਦਿਆਂ ਸ: ਧਾਮੀ ਨੇ ਕਿਹਾ ਕਿ ਉਹਨਾਂ ਨੇ ਇਹ ਅਸਤੀਫ਼ਾ ਸਿੰਘ ਸਾਹਿਬਾਨ ਦੇ ਸਤਿਕਾਰ ਵੱਜੋਂ ਦਿੱਤਾ ਹੈ। ਉਹਨਾਂ ਨੇ ਕਿਹਾ ਕਿ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਜੋ ਪੋਸਟ ਸੋਸ਼ਲ ਮੀਡੀਆ ’ਤੇ ਗਿਆਨੀ ਹਰਪ੍ਰੀਤ ਸਿੰਘ ਦੇ ਹੱਕ ਵਿੱਚ ਪਾਈ ਸੀ, ਉਸ ਦਾ ਸਤਿਕਾਰ ਕਰਦਿਆਂ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਵੱਜੋਂ ਆਪਣੀ ਨੈਤਿਕ ਜ਼ਿਮੇਵਾਰੀ ਕਬੂਲਦਿਆਂ ਅਸਤੀਫ਼ਾ ਦਿੰਦਾ ਹਾਂ। ਉਨ੍ਹਾਂ ਨੇ ਕਿਹਾ ਕਿ ਉਹ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਮਿਲ ਕੇ ਇਹ ਬੇਨਤੀ ਕਰਨਗੇ ਕਿ ਉਨ੍ਹਾਂ ਨੂੰ ਸ਼੍ਰੋਮਣੀ ਅਕਾਲੀ ਦਲ ਦੀ ਭਰਤੀ ਸੰਬੰਧੀ ਬਣਾਈ ਗਈ 7 ਮੈਂਬਰੀ ਕਮੇਟੀ ਦੇ ਮੁਖ਼ੀ ਦੀ ਜ਼ਿੰਮੇਵਾਰੀ ਤੋਂ ਵੀ ਫ਼ਾਰਿਗ ਕੀਤਾ ਜਾਵੇ। ਵਰਨਯਯੋਗ ਹੈ ਕਿ ਪਿਛਲੇ ਦਿਨਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਵੱਲੋਂ ਅਪਣਾਏ ਗਏ ਰੁਖ਼ ਕਾਰਣ ਇਹ ਚਰਚਾ ਰਹੀ ਹੈ ਕਿ ਐਡਵੋਕੇਟ ਧਾਮੀ ਪਾਰਟੀ ਦੇ ਕੁੱਝ ਆਗੂਆਂ ਦਾ ਦਬਾਅ ਮਹਿਸੂਸ ਕਰ ਰਹੇ ਸਨ ਅਤੇ ਉਨ੍ਹਾਂ ਦੀ ਅਗਵਾਈ ਵਿੱਚ ਸ਼੍ਰੋਮਣੀ ਕਮੇਟੀ ਨੂੰ ਉਹ ਫ਼ੈਸਲੇ ਲੈਣੇ ਪੈ ਰਹੇ ਸਨ ਜਿਨ੍ਹਾਂ ਨਾਲ ਉਹ ਸਹਿਮਤ ਨਹੀਂ ਸਨ। ਚਾਰ ਵਾਰ ਸ਼੍ਰੋਮਣੀ ਗੁਰੂਦਵਾਰਾ ਪਰਬੰਧਕ ਕਮੇਟੀ ਦੇ ਪ੍ਰਧਾਨ ਅਤੇ ਆਪਣੇ ਉਸ ਤੋਂ ਪਹਿਲੇ ਜੀਵਨ ਕਾਲ ਵਿੱਚ ਕਿੱਤੇ ਵੱਲੋਂ ਐਡਵੋਕੇਟ ਰਹੇ ਹਰਜਿੰਦਰ ਸਿੰਘ ਧਾਮੀ ਹੋਰਾਂ ਨੇ ਪ੍ਰੈਸ ਕਾਨਫਰੰਸ ਦੌਰਾਨ ਆਪਣੇ ਵੱਲੋਂ ਜੋ ਕਹਿਣਾ ਸੀ ਉਹ ਕਹਿਕੇ ਚਲਦੇ ਬਣੇ ਪਰ ਉਹਨਾਂ ਨੇ ਆਖਿਰ ਵਿੱਚ ਇੱਕ ਤੋਂ ਸਿਵਾਇ ਕਿਸੇ ਪੱਤਰਕਾਰ ਦਾ ਸੁਆਲ ਦਾ ਜੁਆਬ ਨਾ ਦਿੰਦਿਆਂ ਪ੍ਰੈਸ ਕਾਨਫਰੰਸ ਖਤਮ ਕਰ ਦਿੱਤੀ। ਆਪਣੀ ਗੱਲਬਾਤ ਦੌਰਾਨ ਉਹਨਾਂ ਨੇ ਇਸ ਗੱਲ ਉੱਪਰ ਚਿੰਤਾ ਵੀ ਜਾਹਿਰ ਕੀਤੀ ਕਿ ਪੰਥ ਦੀ ਸ਼ਕਤੀ ਨੂੰ ਕਮਜ਼ੋਰ ਕਰਨ ਦੀਆਂ ਕੋਝੀਆਂ ਚਾਲਾਂ ਚੱਲੀਆਂ ਜਾ ਰਹੀਆਂ ਹਨ ਸਿੱਖਾਂ ਦੀ ਰਾਜਨੀਤਕ ਤਾਕਤ ਸਰੋਮਣੀ ਅਕਾਲੀ ਦਲ ਨੂੰ ਕਮਜ਼ੋਰ ਕੀਤਾ ਜਾ ਰਿਹਾ ਹੈ।

## ਟਰੰਪ ਕੈਨੇਡਾ ਨੂੰ ਅਮਰੀਕਾ ਦਾ 51ਵਾਂ ਸੂਬਾ ਬਣਾਉਣ ਲਈ ਗੰਭੀਰ -ਟਰੂਡੋ

ਟੋਰਾਂਟੋ (ਪੰਜਾਬੀ ਅਖ਼ਬਾਰ ਬਿਊਰੋ ) ਟੋਰਾਂਟੋ ਵਿਖੇ ਹੋਏ ਕੈਨੇਡਾ ਅਮਰੀਕਾ ਬਿਜਨਸ ਸੰਮੇਲਨ ਦੇ ਦੌਰਾਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਇਹ ਕਹਿੰਦੇ ਸੁਣੇ ਗਏ ਕਿ ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਜੋ ਕੈਨੇਡਾ ਨੂੰ ਅਮਰੀਕਾ ਦਾ 51ਵਾਂ ਸੂਬਾ ਬਣਾਉਣ ਦੀ ਗੱਲ ਕੀਤੀ ਜਾ ਰਹੀ ਹੈ ਉਹ ਅਸਲ ਵਿੱਚ ਅਜਿਹਾ ਕਰਨਾ ਚਾਹੁੰਦੇ ਹਨ ਅਤੇ ਇਸ ਲਈ ਗੰਭੀਰ ਹਨ ਪ੍ਰਧਾਨ ਮੰਤਰੀ ਇਹ ਵੀ ਕਹਿੰਦਾ ਸੁਣੇ ਗਏ ਕਿ ਟਰੰਪ ਦਾ ਇਸ ਪਿਛਲਾ ਮਕਸਦ ਕੈਨੇਡਾ ਦੇ ਵਸੀਲਿਆਂ ਤੋਂ ਲਾਭ ਕਮਾਉਣਾ ਹੈ ਇਸੇ ਦੌਰਾਨ ਪ੍ਰਧਾਨ ਮੰਤਰੀ ਨੇ ਆਖਿਆ ਕਿ ਭਾਵੇਂ ਟਰੰਪ ਵੱਲੋਂ ਕੈਨੇਡਾ ਉੱਪਰ ਲਗਾਏ ਜਾ ਰਹੇ ਟੈਰਿਫ ਇਕ ਮਹੀਨੇ ਲਈ ਰੁਕ ਗਏ ਹਨ ਪਰ ਜੇਕਰ ਇਹ ਅਸਲ ਵਿੱਚ ਲੱਗ ਜਾਂਦੇ ਹਨ ਤਾਂ ਸਾਨੂੰ ਉਸ ਲਈ ਪੂਰੀ ਤਰ੍ਹਾਂ ਤਿਆਰ ਹੋਣਾ ਪਵੇਗਾ ਉਹਨਾਂ ਕਿਹਾ ਕਿ ਇਸ ਵਾਸਤੇ ਕੈਨੇਡਾ ਦੇ ਅੰਦਰ ਫਰੀ ਟਰੇਡ ਜਾਂ ਮੁਕਤ ਵਪਾਰ ਹੋਣਾ ਜਰੂਰੀ ਹੈ।



## ਟੋਰਾਂਟੋ ਏਅਰਪੋਰਟ ਤੇ ਲੈਂਡਿੰਗ ਦੌਰਾਨ ਜਹਾਜ਼ ਪਲਟਿਆ, 18 ਯਾਤਰੀ ਜ਼ਖਮੀ

ਟੋਰਾਂਟੋ : (ਪੰਜਾਬੀ ਅਖ਼ਬਾਰ ਬਿਊਰੋ) ਟੋਰਾਂਟੋ ਦੇ ਪੀਅਰਸਨ ਅੰਤਰਰਾਸ਼ਟਰੀ ਹਵਾਈ ਅੱਡੇ ’ਤੇ ਸੋਮਵਾਰ ਨੂੰ ਡੈਲਟਾ ਏਅਰਲਾਈਨਜ਼ ਦਾ ਇੱਕ ਜਹਾਜ਼ ਹਾਦਸਾਗ੍ਰਸਤ ਹੋ ਗਿਆ, ਜਿਸ ਕਾਰਨ 18 ਯਾਤਰੀ ਜ਼ਖਮੀ ਹੋ ਗਏ। ਸੀਬੀਸੀ ਟੀਵੀ ਨੇ ਦੱਸਿਆ ਕਿ ਜਹਾਜ਼ ਮਿਨੀਆਪੋਲਿਸ ਤੋਂ ਟੋਰਾਂਟੋ ਆ ਰਿਹਾ ਸੀ ਅਤੇ ਲੈਂਡਿੰਗ ਦੌਰਾਨ ਰਨਵੇ ’ਤੇ ਪਲਟ ਗਿਆ। ਰਾਇਟਰਜ਼ ਦੀ ਰਿਪੋਰਟ ਮੁਤਾਬਕ ਘਟਨਾ ਵਾਲੀ ਥਾਂ ’ਤੇ ਮੌਜੂਦ ਪੈਰਾ-ਮੈਡੀਕਲ ਸਟਾਫ ਨੇ ਪੁਸ਼ਟੀ ਕੀਤੀ ਕਿ ਹਾਦਸੇ ’ਚ ਦੋ ਯਾਤਰੀ ਗੰਭੀਰ ਰੂਪ ਨਾਲ ਜ਼ਖਮੀ ਹੋਏ ਹਨ, ਜਦਕਿ ਬਾਕੀਆਂ ਨੂੰ ਮਾਮੂਲੀ ਸੱਟਾਂ ਲੱਗੀਆਂ ਹਨ। ਟੋਰਾਂਟੋ ਦੇ ਪੀਅਰਸਨ ਇੰਟਰਨੈਸ਼ਨਲ ਏਅਰਪੋਰਟ ’ਤੇ ਇਕ ਪੋਸਟ ਵਿਚ ਲਿਖਿਆ ਸਾਰੇ ਯਾਤਰੀਆਂ ਅਤੇ ਚਾਲਕ ਦਲ ਦਾ ਧਿਆਨ ਰੱਖਿਆ ਜਾ ਰਿਹਾ ਹੈ। ਪੀਲ ਰੀਜਨਲ ਪੁਲਸ ਦੀ ਕਾਂਸਟੇਬਲ ਸਾਰਾਹ ਪੈਟਨ ਨੇ ਹਾਦਸੇ ਬਾਰੇ ਵਧੇਰੇ ਜਾਣਕਾਰੀ ਦਿੰਦੇ ਹੋਏ ਕਿਹਾ, ”ਇੱਕ ਜਹਾਜ਼ ਹਾਦਸਾ ਹੋਇਆ ਹੈ। ਮੇਰੀ ਜਾਣਕਾਰੀ ਮੁਤਾਬਕ ਜ਼ਿਆਦਾਤਰ ਯਾਤਰੀ ਸੁਰੱਖਿਅਤ ਹਨ ਅਤੇ ਉਨ੍ਹਾਂ ਨੂੰ ਜਹਾਜ਼ ਤੋਂ ਬਾਹਰ ਕੱਢ ਲਿਆ ਗਿਆ ਹੈ। ਕਰੈਸ਼ ਹੋਏ ਜਹਾਜ਼ ਦੀਆਂ ਕਈ ਵੀਡੀਓਜ਼ ਸੋਸ਼ਲ ਮੀਡੀਆ ’ਤੇ ਸਾਹਮਣੇ ਆਈਆਂ ਹਨ, ਜਿਨ੍ਹਾਂ ’ਚ ਜਹਾਜ਼ ਪਲਟਿਆ ਹੋਇਆ ਦਿਖਾਈ ਦੇ ਰਿਹਾ ਹੈ ਅਤੇ ਐਮਰਜੈਂਸੀ ਸੇਵਾਵਾਂ ਦੀਆਂ ਟੀਮਾਂ ਬਚਾਅ ਕਰ ਰਹੀਆਂ ਹਨ। ਰਨਵੇ ਦੇ ਚਾਰੇ ਪਾਸੇ ਬਰਫ਼ ਨਜ਼ਰ ਆ ਰਹੀ ਹੈ। ਇਸ ਘਟਨਾ ਕਾਰਨ ਟੋਰਾਂਟੋ ਪੀਅਰਸਨ ਏਅਰਪੋਰਟ ਤੋਂ ਆਉਣ ਅਤੇ ਜਾਣ ਵਾਲੀਆਂ 40 ਤੋਂ ਵੱਧ ਉਡਾਣਾਂ ਨੂੰ ਦੇਰੀ ਦਾ ਸਾਹਮਣਾ ਕਰਨਾ ਪਿਆ। ਜਾਣਕਾਰੀ ਮੁਤਾਬਕ ਫਲੈਪ ਐਕਟੂਏਟਰ ’ਚ ਖਰਾਬੀ ਕਾਰਨ ਜਹਾਜ਼ ਅਚਾਨਕ ਪਲਟ ਗਿਆ। ਪੀਅਰਸਨ ਇੰਟਰਨੈਸ਼ਨਲ ਏਅਰਪੋਰਟ ’ਤੇ ਜਹਾਜ਼ ਦੇ ਹਾਦਸਾਗ੍ਰਸਤ ਹੋਣ ਦੀ ਵੀਡੀਓ ਸੋਸ਼ਲ ਮੀਡੀਆ ’ਤੇ ਵਾਇਰਲ ਹੋਈ ਹੈ, ਜਿਸ ’ਚ ਕਾਲਾ ਧੂੰਆਂ ਉੱਠਦਾ ਦਿਖਾਈ ਦੇ ਰਿਹਾ ਹੈ।



Barinder Ubhi
Realtor
C (204)807-5013
E babbu_ubhi@yahoo.com
WIN MAX REAL ESTATE LTD
10- 998 Keewatin St. Winnipeg, MB, R2R 2V1 P:(204) 905-9798

Always Fresh
Always Delicious
OPEN
11am - Midnight
ਪਹਿਲੀ ਅਤੇ ਆਖਰੀ ਬਾਈਟ ਦੀ ਤਸੱਲੀ ਦਾ ਨਾਂ ਹੀ ਪੀਜ਼ਾ ਬਾਈਟ ਐ !
Pizza Bite
Perfect place for Perfect taste
Authentic Indian Curry and Sweet House
•Pizza and Indian Food
•Indian Sweets
•Tiffin Service
•Catering
Pizzabite saskatoon
Pizza Bite
www.pizzabite.ca
Call - (306)954-0011 , (306)-954-0077
#2 606 22nd St West Saskatoon , SK.

PANGEA IMMIGRATION
ਕਨੇਡਾ ਪੱਕੇ ਹੋਣ ਦਾ ਰਾਹ, ਪੈਨਜੀਆ ਇਮੀਗ੍ਰੇਸ਼ਨ ਵਾਲਿਆਂ ਦੀ ਸਲਾਹ
Contact Us For All Your Immigration Needs
RCIC-IRB Regulated Canadian Immigration Consultant
• Student Visa • Work permit • Visitor Visa • LMIA • PR Application
• Refugee Cases and Appeals • PNP Family Sponsorship • Citizenship • Nanny Caregiver • USA Visa
Raman Dhaliwal (RCIC-IRB)
Commissioner for oaths in and for Alberta
Member of CAPIC
Cell: +1 403-672-1313
Office: +1 403-401-5911
Email: info@pangeaimmigration.ca
Website: www.pangeaimmigration.ca
Green Plaza Unit 232, 4818 Westwinds Dr NE Calgary AB T3J 3Z5

Cityscape Family Dental
Dr. Rashmi Bajaj & Associates
403 226 2121
Serving Individuals, Families & Communities Since 2016

RANDY SINGH
306.361.7810
REALTOR®, CENTURY 21 Fusion
Residential | Commercial | Farm
Home Buyer & Listing Specialist!
Serving Saskatoon, Warman, Martensville and surrounding area, offering the highest level of expertise and service with integrity.
AWARD WINNING SERVICE
Top 30 Under 30 by Units (C21 Canada 2023)
randy.singh@c21.ca | randysinghrealty.com

Amrit Singh Kang
Mortgage Expert
Call Me For All Your Mortgage Needs
ਮੰਨ ਗਏ ਤੁਹਾਡੀ ਘਰ ਦੀ ਪਸੰਦ ਨੂੰ
ਹੁਣ ਮਾਰਗੇਜ ਲਈ ਕਾਲ ਕਰੋ ਕੰਗ ਨੂੰ
204-218-3852
Just4kang@gmail.com

CARPET EMPIRE
Calgary Carpet Empire
SALE
CARPET, HARDWOOD, LAMINATE, TILES, VINYL PLANKS, CARPET TILES & LINO
Carpet Starting at $1.99 Sf (Burber material with installation)
FINANCING OPTIONS AVAILABLE
Special Discount Over 2000 Sf
Kam: 403 991 0074
Office: 403 510 1515
2935 19 St NE Calgary(AB) T2E7A2
sales@carpetempire.ca www.carpetempire.ca

SARDAR SUPER MARKET
ਸਰਦਾਰ ਸੁਪਰ ਮਾਰਕੀਟ
ਸਸਤੀ ਅਤੇ ਸਿਹਤਮੰਦ ਵਰਾਇਟੀ ਵਾਲਾ ਗਰੌਸਰੀ ਸਟੋਰ
204 416 0999
E1-55 Waterford Green Commons, Winnipeg (MB) R2R 0Z9

Buta Singh Dhillon
Sales Associates
ਘਰ ਖਰੀਦਣ ਜਾਂ ਵੇਚਣ ਲਈ ਤਜ਼ਰਬੇਕਾਰ ਅਤੇ ਭਰੋਸੇਯੋਗ ਨਾਂ
Cell:204.880.6600
Office:204.987.9800
RE/MAX executives realty
butadhillon@remax.net www.remax.ca

SHORY LAW LLP
• IMMIGRATION • BUSINESS
• CRIMINAL • REAL ESTATE
www.shorylaw.com (403) 216-1199
220 - 4851 Westwinds Dr. N.E., Calgary
@shorylaw
Chetan Shory Sarvesh Jeet Devinder Shory Jatin Shory

COPPERSTONE AT COPPERFIELD

# THE KENDAL



## MODERN SINGLE-FAMILY HOME WITH SPICE KITCHEN & LEGAL BASEMENT SUITE OPTIONS

Starting from Mid $600's Excl. GST.

ਸਾਡੇ ਮਾਡਰਨ ਸਿੰਗਲ ਫੈਮਿਲੀ ਹੋਮਜ਼ ਸਮਕਾਲੀ ਬਾਹਰੀ ਆਰਕੀਟੈਕਚਰ ਪੇਸ਼ ਕਰਦੇ ਹਨ ਜਿਸ ਵਿੱਚ ਡਬਲ ਫਰੰਟ ਗੈਰੇਜ ਅਤੇ ਇੱਕ ਨਿੱਜੀ ਪਰ ਸੱਦਾ ਦੇਣ ਵਾਲਾ ਸਾਹਮਣੇ ਪ੍ਰਵੇਸ਼ ਦੁਆਰ ਹੈ। ਇੱਕ ਬਹੁ-ਪੀੜ੍ਹੀ ਜੀਵਨ ਸ਼ੈਲੀ ਵਾਲਾ ਇਹ ਘਰ ਮੌਰਗੇਜ ਸਹਾਇਕ ਜਾਂ ਪੂਰਕ ਵਜੋਂ ਸੇਵਾ ਕਰਨ ਲਈ ਅਧੂਰੇ ਅਤੇ ਮੁਕੰਮਲ ਕਾਨੂੰਨੀ ਬੇਸਮੈਂਟ ਸੂਟ ਵਿਕਲਪਾਂ ਦੇ ਨਾਲ ਨੌਜਵਾਨ ਅਤੇ ਬਹੁ-ਪੀੜ੍ਹੀ ਪਰਿਵਾਰਾਂ ਲਈ ਕਾਫੀ ਥਾਂ ਪ੍ਰਦਾਨ ਕਰਦੇ ਹਨ।

ਰੋਜ਼ਾਨਾ ਜੀਵਨ ਨੂੰ ਹੋਰ ਵੀ ਸੁਵਿਧਾਜਨਕ ਬਣਾਉਣ ਲਈ ਮੁੱਖ ਵਿਕਲਪਾਂ 'ਤੇ ਘਰੇਲੂ ਵਿਸ਼ੇਸ਼ਤਾਵਾਂ ਜਿਵੇਂ ਕਿ ਇੱਕ ਵਿਸ਼ਾਲ ਘਰ ਦਾ ਦਫਤਰ, ਬੋਨਸ ਰੂਮ, ਮਸਾਲਾ ਰਸੋਈ ਅਤੇ ਬੈੱਡਰੂਮ ਵੀ ਉਪਲਬਧ ਹਨ। ਮੌਰਗੇਜ ਭੁਗਤਾਨਾਂ ਵਿੱਚ ਸਹਾਇਤਾ ਲਈ ਮਹੀਨਾਵਾਰ ਕਿਰਾਏ ਦੀ ਆਮਦਨ ਲਈ ਇੱਕ 1- ਜਾਂ 2- ਬੈੱਡਰੂਮ ਕਾਨੂੰਨੀ ਆਮਦਨ ਸੂਟ ਸ਼ਾਮਲ ਕਰੋ।

**ਹੋਰ ਜਾਣਕਾਰੀ ਲਈ ਅੱਜ ਹੀ ਰਜਿਸਟਰ ਕਰੋ!!**



Den



Great room



Walk-in spice kitchen



Kitchen

**SHOWHOMES NOW OPEN**
1233 Copperfield Blvd SE,
Calgary, AB T2Z 5G1

Monday to Wednesday - 2 PM to 8 PM
Thursday & Friday - By Appointment Only
Saturday & Sunday - 12 PM to 5 PM

**587.352.4266 | COPPERSTONELIVING.COM**

VESTA PROPERTIES

ਤੁਸੀ ਆਪਣੇ
ਬਿਜਨਸ ਦੀ
ਐਡ ਇਸ ਥਾਂ
'ਤੇ ਲਗਵਾ
ਸਕਦੇ ਹੋ

The Punjabi Newspaper
ਪੰਜਾਬੀਅਤ ਦਾ ਪਰਚਮ
# ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000
Edmonton : 780 599 2000 | Regina/Saskatoon : 639 999 1000 : Winnipeg 431 733 3000

ਤੁਸੀ ਆਪਣੇ
ਬਿਜਨਸ ਦੀ
ਐਡ ਇਸ ਥਾਂ
'ਤੇ ਲਗਵਾ
ਸਕਦੇ ਹੋ

Vol: 11 No: 262 Website : www.punjabiakhbaar.ca Email: editor@punjabiakhbaar.ca Friday, 21 February 2025

# ਟਰੰਪ ਵੱਲੋਂ ਵਿਜ਼ਟਰ ਵੀਜ਼ਾ ਨਿਯਮਾਂ 'ਚ ਵੱਡੀ ਤਬਦੀਲੀ

## ਲੱਖਾਂ ਭਾਰਤੀਆਂ ਨੂੰ ਹੋਵੇਗੀ ਵੀਜ਼ੇ ਤੋਂ ਨਾਂਹ




ਵਾਸ਼ਿੰਗਟਨ:(ਪੰਜਾਬੀ ਅਖ਼ਬਾਰ ਬਿਊਰੋ) ਅਮਰੀਕਾ ਦੇ ਰਾਸ਼ਟਰਪਤੀ ਡੌਨਲਡ ਟਰੰਪ ਵੱਲੋਂ ਗੈਰਕਾਨੂੰਨੀ ਪ੍ਰਵਾਸੀਆਂ ਦੀ ਫੜੋ ਫੜੀ ਦਰਮਿਆਨ ਵਿਜ਼ਟਰ ਵੀਜ਼ਾਂ ਨਿਯਮਾਂ ਵਿਚ ਵੱਡੀ ਤਬਦੀਲੀ ਦਾ ਐਲਾਨ ਕੀਤਾ ਗਿਆ ਹੈ ਅਤੇ ਲੱਖਾਂ ਭਾਰਤੀਆਂ ਨੂੰ ਵੀਜ਼ੇ ਤੋਂ ਨਾਂਹ ਕੀਤੀ ਜਾ ਸਕਦੀ ਹੈ। ਵਿਜ਼ਟਰ ਵੀਜ਼ਾ 'ਤੇ ਅਮਰੀਕਾ ਪੁੱਜੇ ਪਰ ਵਾਪਸ ਨਾ ਜਾਣ ਵਾਲੇ ਭਾਰਤੀਆਂ ਦੀ ਸਾਲਾਨਾ ਗਿਣਤੀ 25 ਹਜ਼ਾਰ ਦੇ ਨੇੜੇ ਦੱਸੀ ਜਾ ਰਹੀ ਜਦਕਿ ਕੈਨੇਡਾ ਅਤੇ ਮੈਕਸੀਕੋ ਦਾ ਬਾਰਡਰ ਟੱਪ ਕੇ ਆਉਣ ਵਾਲੇ ਇਨਾਂ ਵਿਚ ਸ਼ਾਮਲ ਨਹੀਂ। 2023 ਵਿਚ 17 ਲੱਖ 60 ਹਜ਼ਾਰ ਭਾਰਤੀ ਬੀ-1 ਅਤੇ ਬੀ-2 ਵੀਜ਼ਾ 'ਤੇ ਅਮਰੀਕਾ ਪੁੱਜੇ ਜਿਨਾਂ ਵਿਚੋਂ ਡੇਢ ਫ਼ੀ ਸਦੀ ਵੀਜ਼ਾ ਖਤਮ ਹੋਣ ਤੋਂ ਬਾਅਦ ਵੀ ਵਾਪਸ ਨਾ ਗਏ ਅਜਿਹੇ ਵਿਚ ਵਿਜ਼ਟਰ ਵੀਜ਼ਾ ਨਿਯਮ ਸਖਤ ਕਰਨੇ ਬੇਹੱਦ ਲਾਜ਼ਮੀ ਹੋ ਗਏ। ਤਾਜ਼ਾ ਤਬਦੀਲੀਆਂ ਮੁਤਾਬਕ ਵੀਜ਼ਾ ਇੰਟਰਵਿਊ ਤੋਂ ਛੋਟ ਸਿਰਫ਼ ਉਨਾਂ ਲੋਕਾਂ ਨੂੰ ਮਿਲ ਸਕੇਗੀ ਜਿਨਾਂ ਦਾ ਵੀਜ਼ਾ 12 ਮਹੀਨੇ ਦੇ ਅੰਦਰ ਐਕਸਪਾਇਰ ਹੋਣ ਵਾਲਾ ਹੈ ਜਦਕਿ ਇਸ ਤੋਂ ਪਹਿਲਾਂ 48 ਮਹੀਨੇ ਤੱਕ ਵੀਜ਼ਾ ਮਿਆਦ ਪੁੱਗਣ ਵਾਲਿਆਂ ਨੂੰ ਵੀ ਇੰਟਰਵਿਊ ਤੋਂ ਛੋਟ ਮਿਲੀ ਹੋਈ ਸੀ। ਨਵੀਂ ਦਿੱਲੀ ਸਥਿਤ ਅਮਰੀਕਾ ਦੀ ਅੰਬੈਸੀ ਅਤੇ ਮੁੰਬਈ ਕੌਂਸਲੇਟ ਵਿਚ ਵੀਜ਼ਾ ਇੰਟਰਵਿਊ ਵਾਸਤੇ ਔਸਤ ਉਡੀਕ ਸਮਾਂ 440 ਦਿਨ ਚੱਲ ਰਿਹਾ ਹੈ ਜਦਕਿ ਚੇਨਈ ਕੌਂਸਲੇਟ ਵਿਚ 436 ਦਿਨ ਦੀ ਉਡੀਕ ਕਰਨੀ ਪੈਂਦੀ ਹੈ। ਹੈਦਰਾਬਾਦ ਕੌਂਸਲੇਟ ਵਿਚ ਇੰਟਰਵਿਊ ਲਈ ਉਡੀਕ ਸਮਾਂ 429 ਦਿਨ ਦੱਸਿਆ ਜਾ ਰਿਹਾ ਹੈ ਕਿ ਕੋਲਕਾਤਾ ਵਿਖੇ 415 ਦਿਨ ਦੀ ਉਡੀਕ ਕਰਨੀ ਪੈ ਰਹੀ ਹੈ। ਇਸੇ ਦੌਰਾਨ ਹਾਲ ਹੀ ਵਿਚ ਸਾਹਮਣੇ ਆਏ ਅਧਿਐਨ ਮੁਤਾਬਕ ਕੈਲੇਫੋਰਨੀਆ, ਟੈਕਸਸ, ਨਿਊ ਜਰਸੀ, ਨਿਊ ਯਾਰਕ ਅਤੇ ਇਲੀਨੌਇ ਵਿਚ ਸਭ ਤੋਂ ਵੱਧ ਭਾਰਤੀ ਗੈਰਕਾਨੂੰਨੀ ਤਰੀਕੇ ਨਾਲ ਰਹਿ ਰਹੇ ਹਨ ਜਦਕਿ ਓਹਾਇਓ ਵਿਚ ਮੌਜੂਦ ਗੈਰਕਾਨੂੰਨੀ ਪ੍ਰਵਾਸੀਆਂ ਵਿਚੋਂ 16 ਫ਼ੀ ਸਦੀ ਭਾਰਤੀ ਹਨ ਅਤੇ ਮਿਸ਼ੀਗਨ ਵਿਚ ਇਹ ਅੰਕੜਾ 14 ਫ਼ੀ ਸਦੀ ਦੱਸਿਆ ਜਾ ਰਿਹਾ ਹੈ। ਟੈਨੇਸੀ, ਇੰਡਿਆਨਾ, ਜਾਰਜੀਆ ਅਤੇ ਵਿਸਕੌਨਸਿਨ ਵਿਚ ਮੌਜੂਦ ਭਾਰਤੀ ਮੂਲ ਦੇ ਲੋਕਾਂ ਵਿਚੋਂ 20 ਫੀ ਸਦੀ ਗੈਰਕਾਨੂੰਨੀ ਤਰੀਕੇ ਨਾਲ ਰਹਿ ਰਹੇ ਹਨ। ਇਸੇ ਦੌਰਾਨ ਮੋਹਾਲੀ ਜ਼ਿਲੇ ਦੇ ਪਿੰਡ ਜੌਲਾ ਖੁਰਦ ਨਾਲ ਸਬੰਧਤ ਗੁਰਪ੍ਰੀਤ ਸਿੰਘ ਅਤੇ ਉਸ ਦੀ ਪਤਨੀ ਅਮਨਪ੍ਰੀਤ ਕੌਰ 80 ਲੱਖ ਰੁਪਏ ਗਵਾ ਕੇ ਆਪਣੇ ਪਿੰਡ ਪਰਤ ਆਏ। ਟਰੰਪ ਵੱਲੋਂ ਡਿਪੋਰਟ ਕੀਤੇ ਪੰਜਾਬੀ ਨੌਜਵਾਨਾਂ ਵਿਚ ਸ਼ਾਮਲ ਗੁਰਪ੍ਰੀਤ ਸਿੰਘ ਅਤੇ ਅਮਨਪ੍ਰੀਤ ਕੌਰ ਨੇ ਦੱਸਿਆ ਕਿ ਉਨਾਂ ਨੇ ਹਰਿਆਣਾ ਦੇ ਇਕ ਏਜੰਟ ਰਾਹੀਂ ਅਮਰੀਕਾ ਦਾ ਸਫ਼ਰ ਸ਼ੁਰੂ ਕੀਤਾ ਅਤੇ ਵੱਖ ਵੱਖ ਮੁਲਕਾਂ ਤੋਂ ਹੁੰਦੇ ਹੋਏ 5 ਫ਼ਰਵਰੀ ਨੂੰ ਮੈਕਸੀਕੋ ਤੋਂ ਅਮਰੀਕਾ ਵਿਚ ਦਾਖਲ ਹੋਏ। ਗੁਰਪ੍ਰੀਤ ਅਤੇ ਉਸ ਦੀ ਪਤਨੀ 9 ਮਹੀਨੇ ਪਹਿਲਾਂ ਦੁਬਾਈ ਰਵਾਨਾ ਹੋਏ ਸਨ ਅਤੇ ਲੰਮੀ ਜੱਦੋ-ਜਹਿਦ ਤੋਂ ਬਾਅਦ ਹੀ ਅਮਰੀਕਾ ਦੀ ਧਰਤੀ 'ਤੇ ਕਦਮ ਰੱਖਣ ਦਾ ਮੌਕਾ ਮਿਲਿਆ ਪਰ ਐਨੇ ਲੰਮੇ ਸਮੇਂ ਦੌਰਾਨ ਸੱਤਾ ਬਦਲ ਚੁੱਕੀ ਸੀ ਅਤੇ ਜੋਅ ਬਾਇਡਨ ਦੀ ਥਾਂ ਡੌਨਲਡ ਟਰੰਪ ਰਾਸ਼ਟਰਪਤੀ ਬਣ ਗਏ। ਪੰਜਾਬ ਪੁਲਿਸ ਵਿਚ ਏ.ਐਸ.ਆਈ. ਵਜੋਂ ਤੈਨਾਤ ਗੁਰਪ੍ਰੀਤ ਸਿੰਘ ਦੇ ਪਿਤਾ ਨੇ ਕਿਹਾ ਕਿ ਉਨਾਂ ਨੂੰ ਵੱਡਾ ਆਰਥਿਕ ਨੁਕਸਾਨ ਹੋਇਆ ਹੈ। ਸਰਕਾਰਾਂ ਨੂੰ ਚਾਹੀਦਾ ਹੈ ਕਿ ਲੋਕਾਂ ਨੂੰ ਸਬਜ਼ਬਾਗ ਦਿਖਾਉਣ ਵਾਲੇ ਟਰੈਵਲ ਏਜੰਟਾਂ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇ। ਉਧਰ ਰੂਪਨਗਰ ਦਾ ਹਰਸਿਮਰਜੀਤ ਸਿੰਘ ਵੀ ਡਿਪੋਰਟ ਹੋਣ ਵਾਲੀ ਨੌਜਵਾਨਾਂ ਵਿਚ ਸ਼ਾਮਲ ਹੈ ਜਿਸ ਮਾਪੇ ਉਸ ਨੂੰ ਅੰਮ੍ਰਿਤਸਰ ਲੈ ਕੇ ਅਣਦੱਸੀ ਮੰਜ਼ਿਲ ਵੱਲ ਰਵਾਨਾ ਹੋ ਗਏ।




## ਟਰੰਪ ਨੇ ਸਾਰੇ ਵਪਾਰਕ ਭਾਈਵਾਲਾਂ 'ਤੇ ਬਰਾਬਰ ਦੇ ਟੈਕਸ ਲਗਾਏ

ਵਾਸ਼ਿੰਗਟਨ (ਪੰਜਾਬੀ ਅਖ਼ਬਾਰ ਬਿਊਰੋ )ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਪਹਿਲਾਂ ਵਪਾਰਕ ਭਾਈਵਾਲਾਂ ਵੱਲੋਂ ਦਰਾਮਦ ਵਸਤਾਂ 'ਤੇ ਬਰਾਬਰ ਦੇ ਟੈਕਸ ਲਗਾਉਣ ਵਾਲੇ ਹੁਕਮਾਂ ਤੇ ਦਸਤਖ਼ਤ ਕਰ ਦਿੱਤੇ ਨੇ ਇਸ ਤਹਿਤ ਅਮਰੀਕਾ ਕਿਸੇ ਵੀ ਮੁਲਕ ਤੋਂ ਦਰਾਮਦ ਵਸਤਾ ਦੇ ਉਹੀ ਟੈਕਸ ਲਗਾਏਗਾ ਜੋ ਇਹ ਮੁਲਕ ਅਮਰੀਕਾ ਤੋਂ ਦਰਾਮਦ ਹੋਣ ਵਾਲੀਆਂ ਵਸਤਾਂ ਤੇ ਲਗਾਉਂਦੇ ਨੇ ਟਰੰਪ ਦੀ ਇਸ ਪੇਸ਼ਕਦਮੀ ਨਾਲ ਅਮਰੀਕਾ ਤੋਂ ਉਸਦੇ ਭਾਈਵਾਲਾਂ 'ਤੇ ਰਵਾਇਤੀ ਵਿਰੋਧੀ ਮੁਲਕਾਂ ਦਰਮਿਆਨ ਵਿਆਪਕ ਆਰਥਿਕ ਸਮੱਸਿਆ ਪੈਦਾ ਹੋਣ ਦਾ ਖਦਸ਼ਾ ਪ੍ਰਗਟ ਕੀਤਾ ਜਾ ਰਿਹਾ ਇਸੇ ਦੌਰਾਨ ਵ ?ਹਾਈਟ ਹਾਊਸ ਦੇ ਅਧਿਕਾਰੀਆਂ ਨੇ ਕਿਹਾ ਕਿ ਇਹ ਕਾਰਜਕਾਰੀ ਹੁਕਮ ਫੌਰੀ ਲਾਗੂ ਨਹੀਂ ਹੋਣਗੇ ਤੇ ਦੂਜੇ ਦੇਸ਼ਾਂ ਨਾਲ ਸੰਭਾਵੀ ਵਪਾਰਿਕ ਗੱਲਬਾਤ ਲਈ ਸਮਾਂ ਮਿਲੇਗਾ। ਹੁਕਮਾਂ ਦੇ ਦਸਤਖ਼ਤ ਕਰਨ ਮਗਰੋਂ ਟਰੰਪ ਨੇ ਕਿਹਾ ਕਿ ਮੈਂ ਵਪਾਰਕ ਬੈਲੰਸ ਕਾਇਮ ਕਰਨ ਦੇ ਇਰਾਦੇ ਨਾਲ ਇਹ ਟੈਕਸ ਵਸੂਲਨ ਦਾ ਫੈਸਲਾ ਕੀਤਾ ਇਹ ਸਾਰਿਆਂ ਲਈ ਢੁਕਵਾਂ ਹੈ ਅਤੇ ਕੋਈ ਵੀ ਹੋਰ ਦੇਸ਼ ਸ਼ਿਕਾਇਤ ਨਹੀਂ ਕਰ ਸਕਦਾ।

# ਜਰਮਨੀ : ਹਿਟਲਰ ਦੀ ਸੋਚ ਵਾਲੀ ਪਾਰਟੀ ਸੱਤਾ ਵਿਚ ਆਉਣ ਦੇ ਆਸਾਰ

## ਅਲਟਰਨੇਟਿਵ ਫੌਰ ਜਰਮਨੀ ਵੱਲੋਂ ਟਰੰਪ ਦੀ ਤਰਜ਼ 'ਤੇ ਚੋਣ ਪ੍ਰਚਾਰ



ਬਰਲਿਨ(ਪੰਜਾਬੀ ਅਖ਼ਬਾਰ ਬਿਊਰੋ) : ਜਰਮਨੀ ਵਿਚ ਆਮ ਚੋਣਾਂ ਦੇ ਹੈਰਾਨਕੁੰਨ ਨਤੀਜੇ ਆਉਣ ਦੀ ਪੇਸ਼ੀਨਗੋਈ ਕੀਤੀ ਗਈ ਹੈ ਜਿਥੇ ਦੂਜੀ ਆਲਮੀ ਜੰਗ ਤੋਂ 80 ਸਾਲ ਬਾਅਦ ਪਹਿਲੀ ਵਾਰ ਕੱਟੜਪੰਥੀ ਅਲਟਰਨੇਟਿਵ ਫ਼ੌਰ ਜਰਮਨੀ ਪਾਰਟੀ ਸੱਤਾ ਵਿਚ ਆ ਸਕਦੀ ਹੈ। ਇਹ ਪਾਰਟੀ ਡੌਨਲਡ ਟਰੰਪ ਦੇ ਚੋਣ ਮਾਡਲ ਤੋਂ ਪ੍ਰਭਾਵਤ ਹੈ ਅਤੇ ਬਿਲਕੁਲ ਉਸੇ ਤਰੀਕੇ ਨਾਲ ਪ੍ਰਚਾਰ ਕੀਤਾ ਜਾ ਰਿਹਾ ਹੈ। ਜਰਮਨੀ ਵਿਚ 23 ਫ਼ਰਵਰੀ ਨੂੰ ਵੋਟਾਂ ਪੈਣਗੀਆਂ ਅਤੇ ਪਿਛਲੀਆਂ ਚੋਣਾਂ ਦੌਰਾਨ ਸੱਤਵੇਂ ਨੰਬਰ ਰਹੀ ਪਾਰਟੀ ਵੱਲੋਂ ਜਰਮਨੀ ਫਸਟ ਦਾ ਨਾਹਰਾ ਦਿਤਾ ਗਿਆ ਹੈ। ਅਲਟਰਨੇਟਿਵ ਫ਼ੌਰ ਜਰਮਨੀ ਦੀ ਮਕਬੂਲੀਅਤ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਹਾਲ ਹੀ ਵਿਚ ਸੂਬਾਈ ਚੋਣਾਂ ਦੌਰਾਨ ਪੰਜ ਵਿਚੋਂ 2 ਰਾਜਾਂ ਵਿਚ ਪਾਰਟੀ ਨੂੰ ਸਪੱਸ਼ਟ ਬਹੁਮਤ ਮਿਲ ਗਿਆ। ਹੁਣ ਫੈਡਰਲ ਚੋਣਾਂ ਦੌਰਾਨ ਵੀ ਰਿਕਾਰਡ ਵੋਟਾਂ ਮਿਲਣ ਦੇ ਆਸਾਰ ਨਜ਼ਰ ਆ ਰਹੇ ਹਨ। ਅਲਟਰਨੇਟਿਵ ਫ਼ੌਰ ਜਰਮਨੀ ਨੌਜਵਾਨਾਂ ਵਿਚ ਸਭ ਤੋਂ ਵੱਧ ਮਕਬੂਲ ਹੈ ਅਤੇ ਚੋਣ ਸਰਵੇਖਣਾਂ ਦੌਰਾਨ 50 ਸਾਲ ਤੋਂ ਘੱਟ ਉਮਰ ਦੇ 70 ਫ਼ੀ ਸਦੀ ਵੋਟਰ ਇਸ ਨੂੰ ਵੋਟ ਪਾਉਣ ਦਾ ਜ਼ਿਕਰ ਕਰ ਰਹੇ ਹਨ। ਅਲਟਰਨੇਟਿਵ ਫ਼ੌਰ ਜਰਮਨੀ ਦੀ ਆਗੂ ਐਲਿਸ ਵੀਡਲ ਪ੍ਰਵਾਸੀਆਂ ਬਾਰੇ ਸਖ਼ਤ ਸਟੈਂਡ ਰਖਦੀ ਹੈ ਅਤੇ ਬਾਹਰੀ ਲੋਕਾਂ ਦਾ ਘੱਟ ਤੋਂ ਘੱਟ ਦਾਖਲ ਚਾਹੁੰਦੀ ਹੈ। ਮੰਨਿਆ ਜਾ ਰਿਹਾ ਹੈ ਕਿ ਅਲਟਰਨੇਟਿਵ ਫ਼ੌਰ ਜਰਮਨੀ ਦੀ ਸਰਕਾਰ ਬਣਦੀ ਹੈ ਤਾਂ ਅਮਰੀਕਾ ਨਾਲ ਰਿਸ਼ਤਿਆਂ ਨੂੰ ਵਧੇਰੇ ਮਜ਼ਬੂਤ ਕਰਨ 'ਤੇ ਜ਼ੋਰ ਦਿਤਾ ਜਾਵੇਗਾ। ਕੱਟੜਪੰਥੀ ਵਿਚਾਰਧਾਰਾ ਵਾਲੀ ਪਾਰਟੀ ਸੱਤਾ ਵਿਚ ਆਈ ਤਾਂ ਭਾਰਤੀਆਂ ਨੂੰ ਨੁਕਸਾਨ ਦਾ ਸਾਹਮਣਾ ਕਰਨਾ ਪਵੇਗਾ ਕਿਉਂਕਿ ਓਲਾਫ਼ ਸ਼ੁਲਜ਼ ਦੀ ਸਰਕਾਰ ਵੱਲੋਂ ਭਾਰਤੀਆਂ ਨੂੰ ਚਾਰ ਗੁਣਾ ਸਕਿੱਲ ਵੀਜ਼ੇ ਜਾਰੀ ਕਰਨ ਦਾ ਐਲਾਨ ਕੀਤਾ ਜਾ ਚੁੱਕਾ ਹੈ। ਅਜਿਹੇ ਵਿਚ ਅਲਟਰਨੇਟਿਵ ਫ਼ੌਰ ਜਰਮਨੀ ਸਥਾਨਕ ਲੋਕਾਂ ਨੂੰ ਪਹਿਲ ਦੇਵੇਗੀ ਅਤੇ ਭਾਰਤੀ ਲੋਕਾਂ ਨੂੰ ਵੀਜ਼ਾ ਦਿੱਕਤਾਂ ਦਾ ਸਾਹਮਣਾ ਕਰਨਾ ਪਵੇਗਾ। ਦੱਸ ਦੇਈਏ ਕਿ ਇਸ ਵੇਲੇ ਜਰਮਨੀ ਵਿਚ ਤਕਰੀਬਨ 2 ਲੱਖ 85 ਹਜ਼ਾਰ ਭਾਰਤੀ ਵਸਦੇ ਹਨ ਪਰ ਨਵੀਂ ਸਰਕਾਰ ਵਰਕ ਵੀਜ਼ਾ ਅਤੇ ਪਰਮਾਨੈਂਟ ਰੈਜ਼ੀਡੈਂਸੀ ਨਾਲ ਸਬੰਧਤ ਨੀਤੀਆਂ ਸਖ਼ਤ ਕਰ ਸਕਦੀ ਹੈ। ਜਰਮਨੀ ਵਿਚ 2021 ਦੌਰਾਨ 25 ਹਜ਼ਾਰ ਭਾਰਤੀ ਵਿਦਿਆਰਥੀ ਪੜ੍ਹ ਰਹੇ ਸਨ ਜਿਨਾਂ ਦੀ ਗਿਣਤੀ ਪਿਛਲੇ ਸਾਲ ਦੁੱਗਣੀ ਹੋ ਗਈ। ਹੈਰਾਨੀ ਇਸ ਗੱਲ ਦੀ ਹੈ ਕਿ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਅਤੇ ਦੁਨੀਆਂ ਦੇ ਸਭ ਤੋਂ ਅਮੀਰ ਸ਼ਖਸ ਈਲੌਨ ਮਸਕ ਅਲਟਰਨੇਟਿਵ ਫ਼ੌਰ ਜਰਮਨੀ ਦੀ ਹਮਾਇਤ ਕਰ ਰਹੇ ਹਨ। ਮਸਕ ਦਾ ਦਾਅਵਾ ਹੈ ਕਿ ਅਲਟਰਨੇਟਿਵ ਫ਼ੌਰ ਜਰਮਨੀ ਦੇ ਸੱਤਾ ਵਿਚ ਆਉਣ ਨਾਲ ਇਹ ਮੁਲਕ ਯੂਰਪ ਵਿਚ ਮੁੜ ਤਾਕਤਵਾਰ ਹੋ ਕੇ ਉਭਰੇਗਾ। ਦੂਜੇ ਪਾਸੇ ਜਰਮਨੀ ਵਿਚ ਪਹਿਲੀ ਵਾਰ ਭਾਰਤੀ ਮੂਲ ਦੇ ਸਿਧਾਰਥ ਮੁਦਗਲ ਚੋਣ ਮੈਦਾਨ ਵਿਚ ਹਨ। ਸੀ.ਐਸ.ਯੂ. ਪਾਰਟੀ ਵੱਲੋਂ ਉਨਾਂ ਨੂੰ ਉਮੀਦਵਾਰ ਬਣਾਇਆ ਗਿਆ ਹੈ ਅਤੇ ਉਨਾਂ ਦਾ ਮੁੱਖ ਮੁੱਦਾ ਜਰਮਨੀ ਦੇ ਅਰਥਚਾਰੇ ਨੂੰ ਬਿਹਤਰ ਬਣਾਉਂਦਿਆਂ ਨੌਜਵਾਨਾਂ ਵਾਸਤੇ ਰੁਜ਼ਗਾਰ ਦੇ ਵੱਧ ਤੋਂ ਵੱਧ ਮੌਕੇ ਪੈਦਾ ਕਰਨਾ ਹੈ।







## ਬਰਤਾਨੀਆ ਨੇ 19 ਹਜ਼ਾਰ ਵਿਅਕਤੀਆਂ ਨੂੰ ਡਿਪੋਰਟ ਕੀਤਾ

ਲੰਡਨ (ਪੰਜਾਬੀ ਅਖ਼ਬਾਰ ਬਿਊਰੋ ) ਬਰਤਾਨੀਆ ਨੇ ਗ਼ੈਰ ਕਾਨੂੰਨੀ ਪ੍ਰਵਾਸੀਆਂ ਖਿਲਾਫ ਵੱਡੀ ਕਾਰਵਾਈ ਕਰਦਿਆਂ 19 ਹਜ਼ਾਰ ਵਿਅਕਤੀਆਂ ਨੂੰ ਡਿਪੋਰਟ ਕੀਤਾ ਹੈ ਇਹਨਾਂ ਵਿੱਚ ਗੈਰ ਕਾਨੂੰਨੀ ਪ੍ਰਵਾਸੀਆਂ ਦੇ ਨਾਲ ਵਿਦੇਸ਼ੀ ਅਪਰਾਧੀ ਵੀ ਸ਼ਾਮਿਲ ਨੇ ਯੂਕੇ ਦੀ ਕੀਰ ਸਟਾਰਮਰ ਦੀ ਅਗਵਾਈ ਵਾਲੀ ਲੇਬਰ ਸਰਕਾਰ ਨੇ ਮੁਲਕ ਵਿੱਚ ਗੈਰ ਕਾਨੂੰਨੀ ਤਰੀਕੇ ਨਾਲ ਕੰਮ ਕਰ ਰਹੇ ਲੋਕਾਂ ਨੂੰ ਕਾਬੂ ਕਰਨ ਲਈ ਪਿਛਲੇ ਸਮੇਂ ਵਿੱਚ ਵੱਡੇ ਪੱਧਰ ਤੇ ਛਾਪੇ ਮਾਰੇ ਨੇ ਯੂਕੇ ਪੁਲਿਸ ਨੇ ਜਿਨਾਂ ਥਾਵਾਂ ਨੂੰ ਨਿਸ਼ਾਨਾ ਬਣਾਇਆ ਉਹਨਾਂ ਵਿੱਚ ਭਾਰਤੀ ਰੈਸਟੋਰੈਂਟ ਨੇਲ ਬਾਰਜ ਸਟੋਰ ਤੇ ਕਾਰ ਵਾਸ਼ਿਜ ਸ਼ਾਮਿਲ ਨੇ ਕਿਉਂਕਿ ਬਹੁਤੇ ਪ੍ਰਵਾਸੀ ਕਾਮੇ ਇਹਨਾਂ ਥਾਵਾਂ ਤੇ ਹੀ ਕੰਮ ਕਰਦੇ ਨੇ ਗ੍ਰਿਹਿ ਮੰਤਰੀ ਇਵੈਂਟ ਕੂਪਰ ਨੇ ਕਿਹਾ ਕਿ ਉਹਨਾਂ ਦੇ ਵਿਭਾਗ ਦੀਆਂ ਇਮੀਗ੍ਰੇਸ਼ਨ ਇਨਫੋਰਸਮੈਂਟ ਟੀਮਾਂ ਨੇ ਜਨਵਰੀ ਮਹੀਨੇ ਵਿੱਚ 828 ਟਿਕਾਣਿਆਂ ਤੇ ਛਾਪੇ ਮਾਰੇ ਨੇ ਜੋ ਪਿਛਲੇ ਸਾਲ ਦੇ ਮੁਕਾਬਲੇ 48 ਫੀਸਦ ਜਿਆਦਾ ਨੇ ਉਤਰੀ ਇੰਗਲੈਂਡ ਦੇ ਹੰਬਸਾਈਟ ਵਿੱਚ ਭਾਰਤੀ ਰੈਸਟੋਰੈਂਟ ਤੇ ਮਾਰੇ ਛਾਪੇ ਦੌਰਾਨ ਸੱਤ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ। ਲੇਬਰ ਪਾਰਟੀ ਦੇ ਗੈਰ ਕਾਨੂੰਨੀ ਪ੍ਰਵਾਸੀਆਂ ਖਿਲਾਫ ਸ਼ਿਕੰਜਾ ਅਜਿਹੇ ਮੌਕੇ ਕੱਸਿਆ ਜਦੋਂ ਪਾਰਟੀ ਵੱਲੋਂ ਪੇਸ਼ ਬਾਰਡਰ ਸੁਰੱਖਿਆ ਅਸਾਇਲਾਂ ਤੇ ਇਮੀਗ੍ਰੇਸ਼ਨ ਬਿੱਲ ਇਸ ਸਭ ਤੇ ਦੂਜੀ ਨਜ਼ਰਸਾਨੀ ਲਈ ਸੰਸਦ ਵਿੱਚ ਆਇਆ ਇਸ ਨਵੇਂ ਕਾਨੂੰਨ ਦਾ ਮੁੱਖ ਮੰਤਵ ਅਪਰਾਧਕ ਗਿਰੋਹਾਂ ਨਾਲ ਨਜਿੱਠਣਾ















# ਖਾਲਸਾ ਸਕੂਲ ਕੈਲਗਰੀ ਨੇ ਐਲਬਰਟਾ ਦੇ 848 ਸਕੂਲਾਂ ਵਿੱਚੋਂ ਪਹਿਲੇ 17 ਵਿਚ ਆਪਣੀ ਜਗ੍ਹਾ ਬਣਾਈ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਖਾਲਸਾ ਸਕੂਲ ਕੈਲਗਰੀ ਨੇ ਵਿਦਿਅਕ ਪ੍ਰਦਰਸ਼ਨ ਵਿੱਚ ਐਲਬਰਟਾ ਦੇ 848 ਸਕੂਲਾਂ ਵਿੱਚੋਂ ਪਹਿਲੇ 17 ਵਿਚ ਆਪਣੀ ਜਗ੍ਹਾ ਬਣਾਈ ਹੈ। ਸਕੂਲ ਦੇ ਪ੍ਰਬੰਧਕਾਂ ਅਨੁਸਾਰ ਉਹਨਾਂ ਮਾਣ ਤੇ ਖ਼ੁਸ਼ੀ ਮਹਿਸੂਸ ਹੋ ਰਹੀ ਹੈ ਕਿ ਇਹ ਸ਼ਾਨਦਾਰ ਸਫਲਤਾ ਸਾਡੇ ਵਿਦਿਆਰਥੀਆਂ, ਅਧਿਆਪਕਾਂ , ਪੂਰੇ ਸਕੂਲ ਦੇ ਸਮੂਹ ਸਟਾਫ ਅਤੇ ਸਕੂਲ ਬੋਰਡ ਦੀ ਮਿਹਨਤ, ਸਮਰਪਣ ਅਤੇ ਵਚਨਬੱਧਤਾ ਨੂੰ ਦਰਸਾਉਂਦੀ ਹੈ। ਸੀ ਏ ਏ ਏ ਲੜਕੀਆਂ ਦੇ ਜੂਨੀਅਰ ਹਾਈ ਲੀਗ ਵਾਲੀਬਾਲ 2024-2025 ਟੂਰਨਾਮੈਂਟ ਦੌਰਾਨ ਖਾਲਸਾ ਸਕੂਲ ਦੀ ਕੁੜੀਆਂ ਦੀ ਵਾਲੀਬਾਲ ਟੀਮ ਇਸ ਸੀਜ਼ਨ ਵਿੱਚ ਸ਼ਾਨਦਾਰ ਇਤਿਹਾਸ ਰਚ ਰਹੀ ਹੈ। ਇਹ ਟੀਮ ਬਹੁਤ ਹੀ ਉੱਚ ਪੱਧਰ ਦਾ ਮੁਕਾਬਲਾ ਕਰ ਰਹੀ ਹੈ ਅਤੇ ਆਪਣੇ ਅਦਭੁੱਤ ਜ਼ਜ਼ਬੇ, ਕੁਸ਼ਲਤਾ, ਟੀਮਵਰਕ ਅਤੇ ਦ੍ਰਿੜਤਾ ਨਾਲ ਮੱਲਾਂ ਮਾਰ ਰਹੀ ਹੈ। ਉਨ੍ਹਾਂ ਦੀ ਮਿਹਨਤ ਅਤੇ ਸਮਰਪਣ ਸਾਨੂੰ ਸਭ ਨੂੰ ਪ੍ਰੇਰਿਤ ਕਰਦੇ ਹਨ। ਉਨ੍ਹਾਂ ਦੀ ਹਿੰਮਤ, ਉਤਸ਼ਾਹ ਅਤੇ ਮੁਕਾਬਲਾ ਕਰਨ ਦੀ ਭਾਵਨਾ ਨੇ ਹੀ ਉਨ੍ਹਾਂ ਨੂੰ ਅਸਲੀ ਚੈਂਪਿਅਨ ਬਣਾਇਆ ਹੈ। ਖਾਲਸਾ ਸਕੂਲ ਕੈਲਗਰੀ ਵਿੱਚ, ਵਿੱਦਿਆ ਅਤੇ ਖੇਡਾਂ ਦੇ ਮਿਆਰ ਨੂੰ ਉੱਚਾ ਕਰਨ ਲਈ ਸਦਾ ਉਤਸ਼ਾਹਿਤ ਕੀਤਾ ਜਾਂਦਾ ਹੈ, ਤਾਂ ਜੋ ਸਾਡੇ ਵਿਦਿਆਰਥੀ,ਖਾਸ ਕਰਕੇ ਸਾਡੀਆਂ ਖਿਡਾਰਨ ਕੁੜੀਆਂ, ਨਵੀਆਂ ਉਚਾਈਆਂ ਨੂੰ ਛੂਹਣ, ਚੰਗੀਆਂ ਆਗੂ ਬਣਨ ਅਤੇ ਹਰ ਮੈਦਾਨ ਵਿੱਚ ਸਫਲਤਾ ਹਾਸਲ ਕਰਨ। ਸਾਡੇ ਸਾਰੇ ਵਿਦਿਆਰਥੀ , ਕੋਚ ਸਾਹਿਬਾਨ ,ਸਮੂਹ ਸਟਾਫ ਅਤੇ ਸਕੂਲ ਬੋਰਡ ਇਹਨਾਂ ਮਾਣਮੱਤੀਆਂ ਪ੍ਰਾਪਤੀਆਂ ਲਈ ਵਧਾਈ ਦੇ ਹੱਕਦਾਰ ਹਨ।

# ਬੀ ਸੀ ਦੀ ਵਿਧਾਨ ਸਭਾ ਵਿਚ ਲੇਖਕ ਗੁਰਨੈਬ ਸਾਜਨ ਦਾ ਮਨਿਸਟਰ ਜਗਰੂਪ ਸਿੰਘ ਬਰਾੜ ਨੇ ਸਨਮਾਨ ਕੀਤਾ



ਸਰੀ (ਪੰਜਾਬੀ ਅਖ਼ਬਾਰ ਬਿਊਰੋ) ਜਗਰੂਪ ਸਿੰਘ ਬਰਾੜ ਮਨਿਸਟਰ ਆਫ਼ ਮਾਈਨਿੰਗ ਕਰਿਟੀਕਲ ਐਂਡ ਮਿਨਰਜ਼ ਨੇ ਆਪਣੇ ਪਿੰਡ ਦਿਉਣ ਦੇ ਬੇਬਾਕ ਕਲਮਕਾਰ ਅਤੇ ਫ਼ਿਲਮਕਾਰ ਗੁਰਨੈਬ ਸਾਜਨ ਦਿਉਣ ਦਾ ਬ੍ਰਿਟਿਸ਼ ਕੋਲੰਬੀਆ ਸੂਬਾ ਦੇ ਸਰੀ ਫਲੀਟਵੁੱਡ ਪਹੁੰਚਣ ਤੇ ਨਿੱਘਾ ਸਵਾਗਤ ਕੀਤਾ। ਗੁਰਨੈਬ ਸਾਜਨ ਨੂੰ ਕੈਨੇਡਾ ਦੀ ਧਰਤੀ ਤੇ ਪਹੁੰਚਣ ਲਈ ਜੀ ਆਇਆਂ ਨੂੰ ਆਖਿਆ ਅਤੇ ਸਰੀ ਵਿੱਚ ਪੰਜਾਬੀਆਂ ਵੱਲੋਂ ਪਾਏ ਯੋਗਦਾਨ ਅਤੇ ਸਰੀ ਚ ਮਿੰਨੀ ਪੰਜਾਬ ਦੀ ਦੀ ਝਲਕ ਦਿਖਾਈ। ਇਸ ਤੋਂ ਇਲਾਵਾ ਉਨਾਂ ਗੁਰਨੈਬ ਸਾਜਨ ਨੂੰ ਬੀਸੀ ਦੀ ਰਾਜਧਾਨੀ ਵਿਕਟੋਰੀਆ ਦੀ ਵਿਧਾਨ ਸਭਾ ਵਿਚ ਬੀਸੀ ਸਰਕਾਰ ਵੱਲੋਂ ਹੁੰਦੀਆਂ ਰਾਜਨੀਤਿਕ ਸਰਗਰਮੀਆਂ ਬਾਰੇ ਜਾਣਕਾਰੀ ਦਿੱਤੀ ਅਤੇ ਉਹਨਾਂ ਵਿਧਾਨ ਸਭਾ ਆਪਣੇ ਦਫਤਰ ਵਿੱਚ ਗੁਰਨੈਬ ਸਾਜਨ ਦੀ ਪਲੇਠੀ ਪੁਸਤਕ ਸਿਮਰਨ ਨੂੰ ਵੀ ਜਾਰੀ ਕੀਤਾ ਅਤੇ ਉਹਨਾਂ ਨੂੰ ਪੰਜਾਬ ਵਿੱਚ ਬਤੌਰ ਪੱਤਰਕਾਰ ਲੇਖਕ ਤੇ ਫ਼ਿਲਮਕਾਰ ਵੱਜੋਂ ਸ਼ਾਨਦਾਰ ਸੇਵਾਵਾਂ ਦੇਣ ਬਦਲੇ ਪ੍ਰਸੰਸਾ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ।

# ਪੰਜਾਬੀ ਲੈਂਗੂਏਜ ਐਜੂਕੇਸ਼ਨ ਐਸੋਸੀਏਸ਼ਨ ਵੱਲੋਂ ਅੰਤਰਰਾਸ਼ਟਰੀ ਮਾਂ ਬੋਲੀ ਦਿਵਸ ਸਮਾਗਮ 23 ਫਰਵਰੀ ਨੂੰ

ਸਰੀ, (ਹਰਦਮ ਮਾਨ)-ਪੰਜਾਬੀ ਲੈਂਗੂਏਜ ਐਜੂਕੇਸ਼ਨ ਐਸੋਸੀਏਸ਼ਨ (ਪਲੀਅ) ਵੱਲੋਂ ਅੰਤਰਰਾਸ਼ਟਰੀ ਮਾਂ ਬੋਲੀ ਦਿਵਸ 23 ਫਰਵਰੀ (ਐਤਵਾਰ) ਨੂੰ ਤਾਜ ਪਾਰਕ ਕਨਵੈਂਨਸ਼ਨ ਸੈਂਟਰ (8580-132 ਸਟਰੀਟ) ਸਰੀ ਵਿਖੇ ਇਕ ਵਜੇ ਤੋਂ ਤਿੰਨ ਵਜੇ ਤੱਕ ਮਨਾਇਆ ਜਾ ਰਿਹਾ ਹੈ। ਇਹ ਜਾਣਕਾਰੀ ਦਿੰਦਿਆਂ ਪਲੀਅ ਦੇ ਪ੍ਰਧਾਨ ਬਲਵੰਤ ਸਿੰਘ ਸੰਘੇੜਾ ਨੇ ਦੱਸਿਆ ਹੈ ਕਿ ਦੀਪਕ ਬਿਨਿੰਗ ਫਾਊਂਡੇਸ਼ਨ ਅਤੇ ਤਾਜ ਪਾਰਕ ਦੇ ਸਹਿਯੋਗ ਨਾਲ ਕਰਵਾਏ ਜਾ ਰਹੇ ਇਸ ਸਮਾਗਮ ਵਿਚ ਸਰੀ ਨਿਊਟਨ ਤੋਂ ਐਮ. ਐਲ. ਏ. ਅਤੇ ਐਂਟੀ ਰੇਸਿਜਮ ਅਤੇ ਡਿਪਟੀ ਪ੍ਰੀਮੀਅਰ ਅਤੇ ਅਟੌਰਨੀ ਜਨਰਲ ਨਿੱਕੀ ਸ਼ਰਮਾਂ ਦੇ ਪਾਰਲੀਮੈਂਟਰੀ ਸਕੱਤਰ ਜੈਸੀ ਸੁੰਨੜ ਮੁੱਖ ਬੁਲਾਰੇ ਹੋਣਗੇ।




ਸਮਾਗਮ ਵਿਚ ਸਰੀ ਸਕੂਲ ਬੋਰਡ ਦੇ ਮੈਂਬਰ ਗੈਰੀ ਥਿੰਦ, ਐਬਸਫੋਰਡ ਸਕੂਲ ਬੋਰਡ ਦੇ ਵਾਈਸ ਚੇਅਰ ਪ੍ਰੀਤ ਰਾਏ ਅਤੇ ਡੈਲਟਾ ਸਕੂਲ ਬੋਰਡ ਦੇ ਮੈਂਬਰ ਨਿੰਮੀ ਡੌਲਾ ਆਪੋ ਆਪਣੇ ਸਕੂਲ ਜ਼ਿਲਿਆਂ ਵਿਚ ਪੰਜਾਬੀ ਬਾਰੇ ਹੋ ਰਹੇ ਉਪਰਾਲਿਆਂ ਦੀ ਜਾਣਕਾਰੀ ਸਾਂਝੀ ਕਰਨਗੇ। ਸਥਾਨਿਕ ਸਕੂਲਾਂ, ਕਾਲਜਾਂ ਅਤੇ ਯੂਨੀਵਰਸਟੀਆਂ ਦੇ ਵਿਦਿਆਰਥੀ ਮਾਂ ਬੋਲੀ ਪੰਜਾਬੀ ਸੰਬੰਧੀ ਆਪਣੇ ਵਿਚਾਰ, ਕਵਿਤਾਵਾਂ, ਗੀਤ ਪੇਸ਼ ਕਰਨਗੇ। ਗਾਇਕ ਸੁੱਖੀ ਲਾਲੀ ਅਤੇ ਬਿੰਦਰ ਰੋਡੇ ਆਪਣੇ ਗੀਤਾਂ ਨਾਲ ਸਰੋਤਿਆਂ ਦਾ ਮਨੋਰੰਜਨ ਕਰਨਗੇ। ਸਕੂਲ ਵਿਦਿਆਰਥੀਆਂ ਵੱਲੋਂ ਪੰਜਾਬੀ ਸਿੱਖਣ ਲਈ ਪ੍ਰੇਰਨਾ ਦੇਣ ਵਾਲੀ ਛੋਟੀ ਵੀਡੀਓ ਵੀ ਦਿਖਾਈ ਜਾਵੇਗੀ।

ਸਮਾਗਮ ਵਿਚ ਸ਼ਾਮਲ ਹੋਣ ਲਈ ਕੋਈ ਐਂਟਰੀ ਫੀਸ ਨਹੀਂ। ਪਲੀਅ ਵੱਲੋਂ ਸਮੂਹ ਪੰਜਾਬੀਆਂ ਨੂੰ ਇਸ ਸਮਾਗਮ ਵਿਚ ਸ਼ਾਮਲ ਹੋਣ ਅਤੇ ਮਾਂ ਬੋਲੀ ਪੰਜਾਬੀ ਦਾ ਮਾਣ ਵਧਾਉਣ ਲਈ ਖੁੱਲ੍ਹਾ ਸੱਦਾ ਦਿੱਤਾ ਹੈ। ਹੋਰ ਜਾਣਕਾਰੀ ਲਈ ਬਲਵੰਤ ਸਿੰਘ ਸੰਘੇੜਾ ਨਾਲ ਫੋਨ ਨੰਬਰ 604-836-8976 ਅਤੇ ਸਾਧੂ ਬਿਨਿੰਗ ਨਾਲ 778-773-1886 ਉਪਰ ਸੰਪਰਕ ਕੀਤਾ ਜਾ ਸਕਦਾ ਹੈ।

# ਰਾਜੇਸ਼ ਅੰਗਰਾਲ ਕੈਲਗਰੀ ਸਕਾਈਵਿਊ ਤੋਂ ਹੋਣਗੇ NDP ਦੇ ਉਮੀਦਵਾਰ

ਮੈਂ ਇਹ ਘੋਸ਼ਣਾ ਕਰਦੇ ਹੋਏ ਬੇਹੱਦ ਖੁਸ਼ ਹਾਂ ਕਿ ਮੈਨੂੰ ਕੈਲਗਰੀ ਸਕਾਈਵਿਊ ਫੈਡਰਲ-ਐਮਪੀ ਰਾਈਡਿੰਗ ਲਈ NDP ਉਮੀਦਵਾਰ ਵਜੋਂ ਸਰਵਸੰਮਤੀ ਨਾਲ ਚੁਣਿਆ ਗਿਆ ਹੈ !ਇਸ ਦਾ ਮਤਲਬ ਹੈ ਕਿ ਹੁਣ ਮੈਂ ਆਗੂ ਸ. ਜਗਮੀਤ ਸਿੰਘ ਦੀ ਸ਼ਾਨਦਾਰ ਟੀਮ ਦਾ ਹਿੱਸਾ ਬਣ ਗਿਆ ਹਾਂ, ਅਤੇ ਮੈਂ ਆਪਣੇ ਸਮਾਜ ਦੀ ਸੇਵਾ ਕਰਨ ਲਈ ਇਹ ਨਵੀਂ ਯਾਤਰਾ ਸ਼ੁਰੂ ਕਰਕੇ ਬਹੁਤ ਉਤਸ਼ਾਹਿਤ ਮਹਿਸੂਸ ਕਰ ਰਿਹਾ ਹਾਂ।ਮੈਂ ਆਪਣੇ ਸਾਰੇ ਸਹਿਯੋਗੀਆਂ, ਦੋਸਤਾਂ, ਅਤੇ ਭਰਾਵਾਂ ਦਾ ਦਿਲੋਂ ਧੰਨਵਾਦ ਕਰਦਾ ਹਾਂ, ਜਿਨ੍ਹਾਂ ਨੇ ਹਮੇਸ਼ਾ ਮੈਨੂੰ ਹੌਸਲਾ ਦਿੱਤਾ ਅਤੇ ਮੇਰਾ ਸਮਰਥਨ ਕੀਤਾ। ਮੈਨੂੰ ਪੂਰਾ ਵਿਸ਼ਵਾਸ ਹੈ ਕਿ ਅਸੀਂ ਮਿਲ ਕੇ ਆਪਣੇ ਸਮਾਜ ਵਿੱਚ ਇੱਕ ਮਹੱਤਵਪੂਰਨ ਬਦਲਾਵ ਲਿਆ ਸਕਦੇ ਹਾਂ।ਇਸ ਦੇ ਨਾਲ ਹੀ, ਮੈਨੂੰ ਇਹ ਸਾਂਝਾ ਕਰਕੇ ਬੇਹੱਦ ਖੁਸ਼ੀ ਹੋ ਰਹੀ ਹੈ ਕਿ ਡਸ਼ਮੇਸ਼ ਕਲਚਰ ਸੈਂਟਰ (ਮਾਰਟਿੰਡੇਲ ਗੁਰਦੁਆਰਾ ਸਾਹਿਬ) ਵਿਖੇ ਗੁਰੂ ਸਾਹਿਬ ਅਤੇ ਵਡ ? ਬਜ਼ੁਰਗਾਂ ਦਾ ਆਸ਼ੀਰਵਾਦ ਲੈਣ ਦਾ ਆਯੋਜਿਤ ਕੀਤਾ ਗਿਆ ਅੱਜ ਦਾ ਸਮਾਗਮ ਬਹੁਤ ਹੀ ਸ਼ਾਨਦਾਰ ਅਤੇ ਸਫਲ ਰਿਹਾ। ਤੁਹਾਡੀ ਮੌਜੂਦਗੀ, ਪਿਆਰ, ਅਤੇ ਸਮਰਥਨ ਨੇ ਇਸ ਮੌਕੇ ਨੂੰ ਹੋਰ ਵੀ ਵਿਸ਼ੇਸ਼ ਬਣਾ ਦਿੱਤਾ। ਮੈਂ ਵੱਖ-ਵੱਖ ਧਰਮਾਂ ਅਤੇ ਸਭਿਆਚਾਰਾਂ ਨਾਲ ਸੰਬੰਧਤ ਆਪਣੇ ਦੋਸਤਾਂ, ਭਰਾਵਾਂ, ਅਤੇ ਚੰਗੇ ਚਾਹੁਣ ਵਾਲਿਆਂ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ, ਜੋ ਇਸ ਮਹੱਤਵਪੂਰਨ ਦਿਨ ‘ਤੇ ਮੇਰੇ ਨਾਲ ਸ਼ਾਮਲ ਹੋਏ। ਜਿਵੇਂ ਕਿ ਮੈਂ NDP ਉਮੀਦਵਾਰ - ਕੈਲਗਰੀ ਸਕਾਈਵਿਊ ਵਜੋਂ ਆਪਣੀ ਨਵੀਂ ਯਾਤਰਾ ਦੀ ਸ਼ੁਰੂਆਤ ਕਰ ਰਿਹਾ ਹਾਂ, ਮੈਂ ਉਮੀਦ ਕਰਦਾ ਹਾਂ ਕਿ ਤੁਹਾਡੀ ਸਹਿਯੋਗ, ਦੁਆਵਾਂ ਅਤੇ ਅਸੀਸਾਂ ਨਾਲ ਅਸੀਂ ਆਪਣੇ ਸਮਾਜ ਲਈ ਇੱਕ ਉਜਵਲ ਭਵਿੱਖ ਬਣਾਉਣ ਦੀ ਯਤਨ ਕਰਾਂਗੇ। ਚਲੋ, ਮਿਲ ਕੇ ਅਸਲੀ ਤਬਦੀਲੀ ਲਿਆਈਏ !



# ਬਓਮੌਂਟ ਦੇ ਬਜੁਰਗ ਸਹਿਰ ਜਾਣ ਲਈ ਬੱਸਾਂ ਦੀ ਮੰਗ ਕਰਦੇ ਹਨ

ਐਡਮਿੰਟਨ (ਪੰਜਾਬੀ ਅਖ਼ਬਾਰ ਬਿਊਰੋ)ਐਡਮਿੰਟਨ ਦੇ ਨਾਲ ਲੱਗਦੇ ਕਸਬੇ ਬਓਮੌਂਟ ਵਿਖੇ ਸੀਨੀਅਰ ਸਿਟੀਜਨ ਦੀ ਮੀਟਿੰਗ ਸ਼੍ਰੀ ਮੇਜਰ ਸਿੰਘ ਕਲੇਰ ਦੀ ਪ੍ਰਧਾਨਗੀ ਹੇਠ ਹੋਈ । ਇਸ ਮੌਕੇ ਸ਼੍ਰੀ ਮਲਕੀਤ ਸਿੰਘ ਅਤੇ ਸ਼੍ਰੀ ਗੁਰਮੁੱਖ ਸਿੰਘ ਮੁੰਡੀ ਜੀ ਹੋਰਾਂ ਨੂੰ ਜਨਮ ਦਿਨ ਦੀਆਂ ਮੁਬਾਰਕਾਂ ਦਿੱਤੀਆਂ ਗਈਆਂ । ਇਸ ਮੌਕੇ ਸਲੋਕ ਬਾਬਾ ਫ਼ਰੀਦ ਜੀ ਦੀ ਸਟੀਕ ਅਤੇ ਗੁਫਤਗੂ ਮੈਗਜ਼ੀਨ ਭੇਂਟ ਕੀਤੇ ਗਏ,ਇਨ੍ਹਾਂ ਵੀਰਾਂ ਨੇ ਕਾਫ਼ੀ ਸਨੈਕਸ ਦਾ ਸਭਨਾਂ ਲਈ ਪ੍ਰਬੰਧ ਕੀਤਾ । ਪ੍ਰਧਾਨ ਜੀ ਨੇ ਸੀਨੀਅਰ ਸਿਟੀਜਨ ਨੂੰ ਆਉਂਦੀਆਂ ਸਮੱਸਿਆਵਾਂ ਲਈ ਬ?ਮੌਂਟ ਪ੍ਰਸ਼ਾਸਨ ਤੋਂ ਆਨ ਡਿਮਾਂਡ ਬੱਸ ਦੀ ਮੰਗ ਕੀਤੀ , ਕਿ?ਂ ਜੋ ਬੱਚੇ ਪੁੱਤਰ, ਧੀਆਂ ਆਪਣੇ ਕੰਮਾਂ ਤੇ ਗਏ ਹੁੰਦੇ ਆ ਸੀਨੀਅਰ ਸਿਟੀਜਨ ਲਈ ਦਵਾਈ ਬੂਟੀ ,ਐਕਸਰੇ , ਅੱਖਾਂ ਦੇ ਚੈਕਅਪ ਲਈ ਐਡਮਿੰਟਨ ਜਾਣਾ ਹੁੰਦਾ ਹੈ ,ਉਹਨਾਂ ਨੂੰ ਬਹੁਤ ਮੁਸ਼ਕਿਲ ਦਾ ਸਾਹਮਣਾ ਕਰਨਾ ਪੈਂਦਾ ਹੈ। ਐਡਮਿੰਟਨ ਦੀ ਤਰ੍ਹਾਂ ਆਨ ਡਿਮਾਂਡ ਬੱਸ ਦੀ ਸਹੂਲਤ ਦਿੱਤੀ ਜਾਵੇ ਜੀ । ਦੂਸਰਾ ਐਡਮਿੰਟਨ ਦੀ ਤਰ੍ਹਾਂ ਸੀਨੀਅਰ ਸਿਟੀਜਨ ਨੂੰ ਫ੍ਰੀ ਬੱਸ ਪਾਸ ਦਿੱਤੇ ਜਾਣ। ਮੀਟਿੰਗ ਵਿੱਚ ਸਤੀਸ਼ ਸਚਦੇਵਾ, ਸ਼੍ਰੀ ਅਮਰੀਕ ਸਿੰਘ, ਸ਼੍ਰੀ ਕੁਲਦੀਪ ਸਿੰਘ, ਸ਼੍ਰੀ ਅਮਰਜੀਤ ਸਿੰਘ,ਸ਼੍ਰੀ ਗਰਮੁਖ ਸਿੰਘ ਮੁੰਡੀ, ਸ਼੍ਰੀ ਮਲਕੀਤ ਸਿੰਘ ਖੱਖ, ਸ਼੍ਰੀ ਸੁਰਿੰਦਰ ਸਿੰਘ ਕੁਲਾਰ ਸ਼੍ਰੀ ਗੁਰਬਿੰਦਰ ਸਿੰਘ ਗਿੱਲ ਹਾਜ਼ਰ ਸਨ । ਅਖੀਰ ਵਿੱਚ ਪ੍ਰਧਾਨ ਜੀ ਸ਼੍ਰੀ ਮੇਜਰ ਸਿੰਘ ਕਲੇਰ ਹੋਰਾਂ ਸਭਨਾਂ ਦਾ ਧੰਨਵਾਦ ਕੀਤਾ



# ਜਹਾਜ਼ ਸੜਕ ’ਤੇ ਲੈਂਡਿੰਗ ਦੌਰਾਨ ਬੱਸ ਨਾਲ ਟਕਰਾਇਆ - 2 ਜਣਿਆਂ ਦੀ ਮੌਤ

ਵਿਨੀਪੈੱਗ (ਪੰਜਾਬੀ ਅਖ਼ਬਾਰ ਬਿਊਰੋ ) ਬ੍ਰਾਜ਼ੀਲ ਦੇ ਸਾਓ ਪਾਓਲੋ ਵਿੱਚਹੋਏ ਇੱਕ ਜਹਾਜ਼ ਹਾਦਸੇ ਵਿੱਚ ਦੋ ਲੋਕਾਂ ਦੀ ਮੌਤ ਹੋ ਗਈ।6 ਲੋਕ ਜ਼ਖਮੀ ਦੱਸੇ ਜਾ ਰਹੇ ਹਨ। ਰਿਪੋਰਟਾਂ ਅਨੁਸਾਰ ਕਿੰਗ ਏਅਰ ਦਾ 690 ਜਹਾਜ਼ ਐਮਰਜੈਂਸੀ ਲੈਂਡਿੰਗ ਦੀ ਕੋਸ਼ਿਸ਼ ਕਰ ਰਿਹਾ ਸੀ ਕਿ ਉਹ ਇੱਕ ਬੱਸ ਨਾਲ ਟਕਰਾ ਗਿਆ । ਇਸ ਤੋਂ ਬਾਅਦ ਜਹਾਜ਼ ’ਚ ਅੱਗ ਲੱਗ ਗਈ, ਜਿਸ ’ਚ 2 ਲੋਕਾਂ ਦੀ ਸੜ ਕੇ ਮੌਤ ਹੋ ਗਈ। ਜਹਾਜ਼ ਦੇ ਮਲਬੇ ਨਾਲ ਟਕਰਾਉਣ ਨਾਲ ਬੱਸ ’ਚ ਬੈਠੀ ਇਕ ਔਰਤ ਗੰਭੀਰ ਰੂਪ ’ਚ ਜ਼ਖਮੀ ਹੋ ਗਈ ਹੈ। ਇਸ ਤੋਂ ਇਲਾਵਾ ਬਾਈਕ ਸਵਾਰ ਵਿਅਕਤੀ ਮਲਬੇ ਦੀ ਲਪੇਟ ’ਚ ਆ ਕੇ ਗੰਭੀਰ ਜ਼ਖਮੀ ਹੋ ਗਿਆ। ਇਸ ਜਹਾਜ਼ ਸਾਊਥ ਰਿਓ ਗ੍ਰਾਂਡੇ ਤੋਂ ਡੋ ਸੁਲ ਵੱਲ ਜਾ ਰਿਹਾ ਸੀ। ਜਹਾਜ਼ ਉਡਾਣ ਭਰਨ ਤੋਂ ਬਾਅਦ 5 ਕਿਲੋਮੀਟਰ ਦੀ ਦੂਰੀ ਵੀ ਤੈਅ ਨਹੀਂ ਕਰ ਸਕਿਆ। ਜਹਾਜ਼ ਨੂੰ ਐਮਰਜੈਂਸੀ ਲੈਂਡਿੰਗ ਦੀ ਲੋੜ ਕਿਉਂ ਪਈ, ਅਜੇ ਤੱਕ ਇਹ ਪਤਾ ਨਹੀਂ ਲੱਗ ਸਕਿਆ ਹੈ।

## ਯੂਕਰੇਨ ਦੇ ਪ੍ਰਮਾਣੂ ਪਲਾਂਟ ’ਤੇ ਹਮਲਾ

ਓਟਵਾ (ਪੰਜਾਬੀ ਅਖ਼ਬਾਰ ਬਿਊਰੋ )ਯੂਕਰੇਨ ਦੇ ਚਰਨੋਬਿਲ ਪ੍ਰਮਾਣੂ ਪਲਾਂਟ ਤੇ ਡਰੋਨ ਨਾਲ ਹਮਲਾ ਕੀਤਾ ਗਿਆ ਯੂਕਰੇਨ ਦੇ ਰਾਸ਼ਟਰਪਤੀ ਵੋਲੋਦੋਮੀਰ ਜੈਲਂਸਕੀ ਨੇ ਇਸ ਹਮਲੇ ਲਈ ਰੂਸ ਨੂੰ ਜ਼ਿੰਮੇਵਾਰ ਦੱਸਿਆ ਜੈਲਂਸਕੀ ਨੇ ਕਿਹਾ ਕਿ ਵਿਸਫੋਟਕਾਂ ਨਾਲ ਲੈਸ ਰੂਸੀ ਡਰੋਨ ਨੇ ਇਸ ਪ੍ਰਮਾਣੂ ਪਲਾਂਟ ਦੀ ਕੰਕਰੀਟ ਸੇਫਟੀ ਸ਼ੀਲਡ ਤੇ ਹਮਲਾ ਕੀਤਾ ਹਮਲੇ ਵਿੱਚ ਇਸ ਦੇ ਸੇਫਟੀ ਸ਼ੀਲਡ ਨੂੰ ਨੁਕਸਾਨ ਪਹੁੰਚਿਆ ਹਾਲਾਂਕਿ ਰੂਸ ਨੇ ਅਜਿਹੇ ਕਿਸੇ ਵੀ ਹਮਲੇ ਤੋਂ ਇਨਕਾਰ ਕੀਤਾ। ਜੈਲਂਸਕੀ ਅਨੁਸਾਰ ਇਹ ਹਮਲਾ ਤਬਾਹ ਹੋਏ ਪਾਵਰ ਰਿਐਕਟਰ ਨੰਬਰ ਚਾਰ ਤੇ ਕੀਤਾ ਗਿਆ ਸੀ ਹਮਲੇ ਕਾਰਨ ਇਮਾਰਤ ਵਿੱਚ ਅੱਗ ਲੱਗ ਗਈ ਜਿਸ ਨੂੰ ਬੁਝਾ ਦਿੱਤਾ ਗਿਆ।









## ਕੈਨੇਡਾ ਦੇ ਪਹਿਲੇ ਦਸਤਾਰਧਾਰੀ ਸਿੱਖ ਪੁਲਿਸ ਅਧਿਕਾਰੀ ਬਲਤੇਜ ਸਿੰਘ ਢਿੱਲੋਂ ਸੈਨੇਟਰ ਨਿਯੁਕਤ

# ਮੈਂ ਸਾਰੇ ਕੈਨੇਡੀਅਨਾਂ ਦੇ ਹਿੱਤਾਂ ਅਤੇ ਆਵਾਜ਼ ਦੀ ਨੁਮਾਇੰਦਗੀ ਕਰਾਂਗਾ- ਬਲਤੇਜ ਸਿੰਘ ਢਿੱਲੋਂ



ਸਰੀ, (ਹਰਦਮ ਮਾਨ)-ਰਾਇਲ ਕੈਨੇਡੀਅਨ ਮਾਊਂਟੇਡ ਪੁਲਿਸ (RCMP) ਵਿੱਚ ਸੇਵਾ ਨਿਭਾਉਣ ਵਾਲੇ ਪਹਿਲੇ ਦਸਤਾਰਧਾਰੀ ਸਿੱਖ ਅਧਿਕਾਰੀ ਬਲਤੇਜ ਸਿੰਘ ਢਿੱਲੋਂ ਨੂੰ ਗਵਰਨਰ ਜਨਰਲ ਮੈਰੀ ਸਾਈਮਨ ਵੱਲੋਂ ਬ੍ਰਿਟਿਸ਼ ਕੋਲੰਬੀਆ ਲਈ ਇੱਕ ਸੁਤੰਤਰ ਸੈਨੇਟਰ ਵਜੋਂ ਸੈਨੇਟ ਵਿੱਚ ਨਿਯੁਕਤ ਕੀਤਾ ਗਿਆ ਹੈ। ਉਨ੍ਹਾਂ ਦੀ ਇਸ ਨਿਯੁਕਤੀ ਦਾ ਐਲਾਨ ਬੀਤੇ ਦਿਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਕੀਤਾ ਗਿਆ। ਉਨ੍ਹਾਂ ਦੇ ਨਾਲ ਕਿਊਬਿਕ ਲਈ ਮਾਰਟੀਨ ਹੇਬਰਟ ਅਤੇ ਸਸਕੈਚਵਨ ਲਈ ਟੌਡ ਲੇਵਿਸ ਨੂੰ ਵੀ ਸੈਨੇਟਰ ਨਿਯੁਕਤ ਕੀਤਾ ਗਿਆ ਹੈ।

ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਸ. ਢਿੱਲੋਂ, ਸ੍ਰੀਮਤੀ ਹੇਬਰਟ ਅਤੇ ਸ੍ਰੀ ਲੁਈਸ ਨੂੰ ਸੰਸਦ ਦੇ ਨਵੇਂ ਸੁਤੰਤਰ ਸੈਨੇਟਰ ਵਜੋਂ ਨਿਯੁਕਤੀ @ਤੇ ਵਧਾਈ ਦਿੰਦਿਆਂ ਕਿਹਾ ਹੈ ਉਨ੍ਹਾਂ ਦੇ ਵਿਸ਼ਾਲ ਤਜ਼ਰਬੇ ਦਾ ਸੈਨੇਟ ਲਈ ਬਹੁਤ ਵੱਡਾ ਲਾਭ ਹੋਵੇਗਾ ਅਤੇ ਮੈਨੂੰ ਵਿਸ਼ਵਾਸ ਹੈ ਕਿ ਉਹ ਆਪਣੇ ਭਾਈਚਾਰਿਆਂ ਲਈ ਮਜ਼ਬੂਤ ਆਵਾਜ਼ ਬਣਦੇ ਰਹਿਣਗੇ।÷

ਜ਼ਿਕਰਯੋਗ ਹੈ ਕਿ ਬਲਤੇਜ ਸਿੰਘ ਢਿੱਲੋਂ ਇੱਕ ਸੇਵਾ ਮੁਕਤ ਕੈਰੀਅਰ ਪੁਲਿਸ ਅਧਿਕਾਰੀ, ਇੱਕ ਕਮਿਊਨਿਟੀ ਲੀਡਰ ਅਤੇ ਵਿਭਿੰਨਤਾ ਅਤੇ ਸਮਾਵੇਸ਼ ਲਈ ਜੀਵਨ ਭਰ ਵਕੀਲ ਸਨ। 1991 ਵਿੱਚ ਉਸ ਨੇ ਦਸਤਾਰ ਪਹਿਨਣ ਵਾਲੇ ਪਹਿਲੇ RCMP ਅਧਿਕਾਰੀ ਵਜੋਂ ÷ਇਤਿਹਾਸ ਰਚਿਆ÷। ਉਸ ਨੇ RCMP ਨਾਲ 30 ਸਾਲਾਂ ਦਾ ਸਫਲ ਕਰੀਅਰ ਬਣਾਇਆ, ਕਈ ਉੱਚ-ਪ੍ਰੋਫਾਈਲ ਜਾਂਚਾਂ ਵਿੱਚ ਮੁੱਖ ਭੂਮਿਕਾ ਨਿਭਾਈ। 2019 ਤੋਂ ਉਸ ਨੇ ਬ੍ਰਿਟਿਸ਼ ਕੋਲੰਬੀਆ ਦੀ ਗੈਂਗ-ਵਿਰੋਧੀ ਏਜੰਸੀ ਨਾਲ ਕੰਮ ਕੀਤਾ ਹੈ ਅਤੇ ਇੱਕ ਆਗੂ ਵਜੋਂ ਆਪਣੇ ਭਾਈਚਾਰੇ ਵਿੱਚ ਸਰਗਰਮ ਰਿਹਾ ਹੈ। ਉਨ੍ਹਾਂ ਨੇ ਪਿਛਲੇ ਸਾਲ ਸੱਤਾਧਾਰੀ ਬੀਸੀ ਨਿਊ ਡੈਮੋਕ੍ਰੇਟਿਕ ਪਾਰਟੀ (NDP) ਦੇ ਉਮੀਦਵਾਰ ਵਜੋਂ ਬ੍ਰਿਟਿਸ਼ ਕੋਲੰਬੀਆ ਵਿੱਚ ਸੂਬਾਈ ਚੋਣ ਲੜੀ ਸੀ ਪਰ ਹਾਰ ਗਏ ਸਨ। ਆਪਣੇ ਲੰਬੇ ਕਰੀਅਰ ਦੌਰਾਨ ਸ. ਢਿੱਲੋਂ ਨੇ ਬ੍ਰਿਟਿਸ਼ ਕੋਲੰਬੀਆ ਵਿੱਚ ਸੇਵਾ ਨਿਭਾਈ ਅਤੇ 1985 ਵਿੱਚ ਖਾਲਿਸਤਾਨ ਪੱਖੀ ਅੱਤਵਾਦੀਆਂ ਦੁਆਰਾ ਏਅਰ ਇੰਡੀਆ ਦੀ ਉਡਾਣ 182, ਕਨਿਸ਼ਕ @ਤੇ ਬੰਬ ਧਮਾਕੇ ਸਮੇਤ ਮਹੱਤਵਪੂਰਨ ਜਾਂਚਾਂ ਵਿੱਚ ਅਹਿਮ ਭੂਮਿਕਾ ਨਿਭਾਈ ਸੀ।

ਫੇਸਬੁੱਕ @ਤੇ ਇੱਕ ਬਿਆਨ ਵਿੱਚ ਸ. ਢਿੱਲੋਂ ਨੇ ਕਿਹਾ, ਸੈਨੇਟਰ ਵਜੋਂ ਨਿਯੁਕਤ ਹੋਣ 'ਤੇ ਮੈਨੂੰ ਬਹੁਤ ਮਾਣ ਮਹਿਸੂਸ ਹੋ ਰਿਹਾ ਹੈ। ਇਹ ਸ਼ਾਨਦਾਰ ਸਨਮਾਨ ਲਈ ਮੈਂ ਬੇਹੱਦ ਸ਼ੁਕਰਗੁਜ਼ਾਰ ਹਾਂ ਅਤੇ ਵੱਕਾਰੀ ਭੂਮਿਕਾ ਵਿਚ ਆਪਣੇ ਦੇਸ਼ ਦੀ ਸੇਵਾ ਕਰਨ ਲਈ ਪ੍ਰਦਾਨ ਕੀਤੇ ਇਸ ਮੌਕੇ ਲਈ ਬਹੁਤ ਧੰਨਵਾਦੀ ਹਾਂ। ÷ਇੱਕ ਸੈਨੇਟਰ ਹੋਣ ਦੇ ਨਾਤੇ, ਮੈਂ ਸਾਰੇ ਕੈਨੇਡੀਅਨਾਂ ਦੇ ਹਿੱਤਾਂ ਅਤੇ ਆਵਾਜ਼ ਦੀ ਨੁਮਾਇੰਦਗੀ ਕਰਨ ਲਈ ਸਮਰਪਿਤ ਹਾਂ। ਇਕੱਠੇ ਮਿਲ ਕੇ ਅਸੀਂ ਇੱਕ ਹੋਰ ਸਮਾਵੇਸ਼ੀ, ਖੁਸ਼ਹਾਲ ਅਤੇ ਬਰਾਬਰੀ ਵਾਲਾ ਰਾਸ਼ਟਰ ਬਣਾਉਣ ਦੀ ਕੋਸ਼ਿਸ਼ ਕਰਾਂਗੇ। ਇਨ੍ਹਾਂ ਅਨਿਸ਼ਚਿਤ ਸਮਿਆਂ ਵਿੱਚ ਇਹ ਬਹੁਤ ਜ਼ਰੂਰੀ ਹੈ ਕਿ ਅਸੀਂ ਦਰਪੇਸ਼ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਇੱਕ ਰਾਸ਼ਟਰ ਵਜੋਂ ਇੱਕਜੁੱਟ ਹੋਈਏ।

# ਕੈਨੇਡੀਅਨ ਲੋਕ ਮੂਲ ਨਿਵਾਸੀਆਂ ਦੀ ਸੱਚਾਈ ਨੂੰ ਕਬੂਲ ਕਰਨ : ਮਿਸ਼ੇਲ ਗੁੱਡ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) 6 ਫ਼ਰਵਰੀ, 2025 ਨੂੰ ਯੂਨੀਵਰਸਿਟੀ ਆਫ ਕੈਲਗਰੀ ਦੀ ਆਰਟਸ ਫੈਕਲਟੀ ਵੱਲੋਂ 'ਡਿਸਟਿੰਗੁਇਸ਼ਡ ਰਾਈਟਰਜ਼ ਪ੍ਰੋਗਰਾਮ' ਤਹਿਤ 2024-25 ਲਈ ਨਾਮਵਰ ਲੇਖਿਕਾ "ਮਿਸ਼ੇਲ ਗੁੱਡ ਨਾਲ਼ ਸ਼ਾਮ " ਦਾ ਆਯੋਜਨ ਸਟੂਡੀਓ ਬੈੱਲ ਦੇ ਆਲੀਸ਼ਾਨ ਪਰਫਾਰਮੈਂਸ ਹਾਲ ਵਿੱਚ ਕੀਤਾ ਗਿਆ। ਭਰੇ ਹੋਏ ਹਾਲ ਵਿੱਚ ਯੂਨੀਵਰਸਿਟੀ ਦੇ ਪ੍ਰੋਫੈਸਰ, ਵਿਦਿਆਰਥੀ, ਲੇਖਕ, ਚਿੰਤਕ, ਨੇਟਿਵ ਬੁੱਧੀਜੀਵੀ, ਨੇਟਿਵ ਸੰਸਥਾਵਾਂ ਦੇ ਮੈਂਬਰ ਅਤੇ ਅਨੇਕਾਂ ਸਾਹਿਤ ਪ੍ਰੇਮੀ ਸ਼ਾਮਲ ਸਨ। ਯੂਨੀਵਰਸਿਟੀ ਪ੍ਰੋਫੈਸਰ ਨੇ ਮਿਸ਼ੇਲ ਗੁੱਡ ਦੀ ਜਾਣ ਪਛਾਣ ਕਰਾਉਂਦਿਆਂ ਦੱਸਿਆ ਕਿ ਮਿਸ਼ੇਲ ਸਸਕੈਚਵਨ ਵਿੱਚ 'ਰੈੱਡ ਫੀਜੈਂਟ ਕਰੀਅ ਨੇਸ਼ਨ' ਦੀ ਉੱਘੀ ਮੈਂਬਰ ਹੈ। ਉਸ ਕੋਲ ਲਾਅ ਦੀ ਡਿਗਰੀ ਹੈ ਅਤੇ ਬ੍ਰਿਟਿਸ਼ ਯੂਨੀਵਰਸਿਟੀ ਤੋਂ ਐਮ ਐਫ ਏ ਦੀ ਡਿਗਰੀ ਹਾਸਲ ਕੀਤੀ ਹੈ। ਉਸ ਦੇ ਨਾਵਲ "ਫਾਈਵ ਲਿਟਲ ਇੰਡੀਅਨ" ਨੂੰ ਗਵਰਨਰ ਜਨਰਲਜ਼ ਲਿਟਰੇਰੀ ਐਵਾਰਡ ਤੋਂ ਇਲਾਵਾ ਕਈ ਹੋਰ ਵੱਕਾਰੀ ਇਨਾਮ ਮਿਲੇ ਹਨ। ਉਸ ਦੀ ਦੂਜੀ ਬਹੁ-ਚਰਚਿਤ ਪੁਸਤੱਕ "ਟਰੁੱਥ ਟੈਲਿੰਗ " ਹੈ ਅਤੇ ਤੀਜੀ ਪੁਸਤੱਕ ਅਪ੍ਰੈਲ ਤੱਕ ਆਉਣ ਵਾਲ਼ੀ ਹੈ। ਦੋ ਘੰਟੇ ਦੇ ਪ੍ਰੋਗਰਾਮ ਦੌਰਾਨ ਮਿਸ਼ੇਲ ਨੇ ਮੂਲਨਿਵਾਸੀਆਂ ਦੇ ਇਤਿਹਾਸ ਅਤੇ ਅਜੋਕੀ ਸਥਿਤੀ ਬਾਰੇ ਵਿਧੀ-ਵਤ ਤਰੀਕੇ ਨਾਲ ਪੂਰਾ ਬਿਉਰਾ ਪ੍ਰਸਤੁਤ ਕੀਤਾ। ਉਸ ਨੇ ਦੱਸਿਆ ਕਿਵੇਂ ਬਸਤੀਵਾਦੀਆਂ ਨੇ ਉਨ੍ਹਾਂ ਤੋਂ ਜ਼ਮੀਨਾਂ ਖੋਹੀਆਂ, ਲਾਲਚ ਖਾਤਰ ਬਾਈਜ਼ਨ, ਬੀਵਰ, ਮੂਜ਼ ਆਦਿ ਜਾਨਵਰ ਅੰਨ੍ਹੇਵਾਹ ਮਾਰ ਕੇ ਜਾਨਵਰਾਂ ਦੀ ਨਸਲਕੁਸ਼ੀ ਕੀਤੀ, ਯੂਰਪ ਤੋਂ ਲਿਆਂਦੀ ਸ਼ਰਾਬ ਅਤੇ ਬੀਮਾਰੀਆਂ ਦੇ ਜਰਾਸੀਮ ਇਨ੍ਹਾਂ ਦੇ ਘਰ, ਪਰਿਵਾਰ, ਪਿੰਡ ਤਬਾਹ ਕਰਨ ਦਾ ਸਬੱਬ ਬਣੇ, ਕਿਵੇਂ ਰਿਹਾਇਸ਼ੀ ਸਕੂਲਾਂ ਨੇ ਇਨ੍ਹਾਂ ਦੀ ਨਸਲਕੁਸ਼ੀ ਕਰਨ ਦਾ ਰੋਲ ਨਿਭਾਇਆ, ਕਿਵੇਂ ਇਨ੍ਹਾਂ ਸਾਦ-ਮੁਰਾਦੇ ਲੋਕਾਂ ਦਾ ਸਭਿਆਚਾਰ, ਇਨ੍ਹਾਂ ਦੀ ਜ਼ਬਾਨ ਤੱਕ ਨੂੰ ਖੋਹ ਲਿਆ ਗਿਆ। ਮਿਸ਼ੇਲ ਨੇ ਦੱਸਿਆ ਕਿ ਉਸ ਦੀ ਮਾਂ ਵੀ ਰਿਹਾਇਸ਼ੀ ਸਕੂਲ ਦੇ ਤਸੀਹਿਆਂ ਦੀ ਸ਼ਿਕਾਰ ਰਹੀ ਸੀ। ਉਸ ਨੂੰ ਦੁੱਖ ਹੈ ਕਿ ਅਜੇ ਵੀ ਕੈਨੇਡੀਅਨ ਸਰਕਾਰ ਅਤੇ ਸੱਚ ਤੋਂ ਇਨਕਾਰੀ ਲੋਕ ਸਾਰੇ ਸਿਸਟਮ ਨੂੰ ਉਨ੍ਹਾਂ ਦੇ ਖਿਲਾਫ਼ ਭੁਗਤਾ ਰਹੇ ਹਨ। ਮਿਸ਼ੇਲ ਨੇ ਗੰਭੀਰ ਹੋ ਕੇ ਕਿਹਾ ਕਿ ਜੋ ਕੁੱਝ ਬਸਤੀਵਾਦੀ ਨਿਜ਼ਾਮ ਅੰਦਰ ਉਨ੍ਹਾਂ ਨਾਲ਼ ਵਾਪਰਿਆ, ਕੈਨੇਡੀਅਨ ਲੋਕ ਅਤੇ ਸਰਕਾਰ ਉਸ ਸਚਾਈ ਨੂੰ ਕਬੂਲ ਕਰਨ ਅਤੇ ਮੂਲਨੀਵਾਸੀਆਂ ਤੋਂ ਖੋਹੇ ਹੱਕ ਵਾਪਸ ਕੀਤੇ ਜਾਣ। ਮੂਲ ਹੱਕਾਂ ਦੀ ਪ੍ਰਾਪਤੀ ਲਈ ਕੀਤੇ ਜਾ ਰਹੇ ਯਤਨਾਂ ਵਿੱਚ ਸਾਰੇ ਉਨ੍ਹਾਂ ਦਾ ਸਾਥ ਦੇਣ। ਪ੍ਰੋਗਰਾਮ ਦੇ ਅਖੀਰ ਵਿੱਚ ਮਿਸ਼ੇਲ ਨੇ ਸਵਾਲਾਂ ਦੇ ਜਵਾਬ ਦਿੱਤੇ। ਦਰਸ਼ਕਾਂ ਦੁਆਰਾ ਖਰੀਦੀਆਂ ਦੋਵੇਂ ਪੁਸਤਕਾਂ ਉਪਰ ਸ਼ੁਕਰਾਨੇ ਸਹਿਤ ਦਸਤਖ਼ਤ ਕੀਤੇ। ਪੰਜਾਬੀ ਭਾਈਚਾਰੇ ਵੱਲੋਂ ਹਾਜ਼ਰ ਜਗਦੇਵ ਸਿੱਧੂ ਨੇ ਆਪਣੇ ਦੁਆਰਾ ਮੂਲਨਿਵਾਸੀਆਂ ਦੇ ਇਤਿਹਾਸ, ਸਭਿਆਚਾਰ ਅਤੇ ਹੱਕਾਂ ਬਾਰੇ ਕੀਤੇ ਜਾ ਰਹੇ ਉਸਾਰੂ ਪਰਚਾਰ ਬਾਰੇ ਮਿਸ਼ੇਲ ਨੂੰ [illegible] ਜਿਸ ਤੇ ਮਿਸ਼ੇਲ ਨੇ [illegible] ਪ੍ਰਗਟ ਕੀਤੀ।

# ਮੈਕਸੀਕੋ ਨੇ ਅਮਰੀਕਾ ਦੀ ਸਰਹੱਦ ਨਾਲ 10,000 ਫ਼ੌਜੀ ਤਾਇਨਾਤ ਕੀਤੇ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਮੈਕਸਿਕੋ ਦੇ 'ਨੈਸ਼ਨਲ ਗਾਰਡ' ਦੇ ਜਵਾਨ ਅਤੇ ਫੌਜ ਦੇ ਕਈ ਟਰੱਕ ਬੀਤੇ ਦਿਨ ਸਿਊਦਾਦ ਜੁਆਰੇਜ਼ ਅਤੇ ਟੈਕਸਾਸ ਦੇ ਐੱਲ ਪਾਸੋ ਨੂੰ ਵੱਖ ਕਰਨ ਵਾਲੀ ਸਰਹੱਦ 'ਤੇ ਦੇਖੇ ਗਏ। ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਟੈਕਸ ਲਗਾਏ ਜਾਣ ਦੀਆਂ ਧਮਕੀਆਂ ਤੋਂ ਬਾਅਦ ਮੈਕਸਿਕੋ ਨੇ ਆਪਣੀ ਉੱਤਰੀ ਸਰਹੱਦ 'ਤੇ 10,000 ਸੈਨਿਕ ਭੇਜੇ ਹਨ। ਸਿਊਦਾਦ ਜੁਆਰੇਜ਼ ਦੇ ਬਾਹਰਲੇ ਇਲਾਕੇ ਵਿੱਚ ਨਕਾਬਪੋਸ਼ ਅਤੇ ਹਥਿਆਰਬੰਦ ਨੈਸ਼ਨਲ ਗਾਰਡ ਦੇ ਮੈਂਬਰ ਬੈਰੀਅਰਾਂ ਦੇ ਨਾਲ ਝਾੜੀਆਂ ਵਿੱਚੋਂ ਲੰਘਦੇ ਹੋਏ ਦੇਖੇ ਗਏ। ਤਿਜੁਆਨਾ ਨੇੜੇ ਵੀ ਸੈਨਿਕਾਂ ਨੂੰ ਗਸ਼ਤ ਕਰਦੇ ਹੋਏ ਦੇਖਿਆ ਗਿਆ। ਭਾਰੀ ਟੈਕਸ ਲਗਾਉਣ ਦੇ ਟਰੰਪ ਦੇ ਐਲਾਨ ਤੋਂ ਬਾਅਦ ਇਹ ਘਟਨਾਕ੍ਰਮ ਹੋਇਆ ਹੈ। ਮੈਕਸਿਕੋ ਦੀ ਰਾਸ਼ਟਰਪਤੀ ਕਲੌਡੀਆ ਸ਼ਿਨਬੌਮ ਨੇ ਵਾਅਦਾ ਕੀਤਾ ਸੀ ਕਿ ਉਹ ਸਰਹੱਦ ਨੂੰ ਮਜ਼ਬੂਤ ਕਰਨ ਅਤੇ ਫੈਂਟਾਨਾਈਲ ਡਰੱਗ ਦੀ ਤਸਕਰੀ ਰੋਕਣ ਲਈ ਦੇਸ਼ ਦੇ ਨੈਸ਼ਨਲ ਗਾਰਡ ਦੇ ਸੈਨਿਕਾਂ ਨੂੰ ਸਰਹੱਦ 'ਤੇ ਤਾਇਨਾਤ ਰੱਖਣਗੇ। ਮੈਕਸਿਕੋ ਸਰਕਾਰ ਦੇ ਇਕ ਬਿਆਨ ਮੁਤਾਬਕ, ਅਮਰੀਕਾ ਦੇ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨੇ ਲਾਤਿਨੀ ਅਮਰੀਕਾ ਦੇ ਆਪਣੇ ਦੌਰੇ ਦੌਰਾਨ, ਸਰਹੱਦ 'ਤੇ ਸੈਨਿਕਾਂ ਦੀ ਤਾਇਨਾਤੀ ਲਈ ਮੈਕਸਿਕੋ ਸਰਕਾਰ ਦਾ ਧੰਨਵਾਦ ਕੀਤਾ ਹੈ।

# ਮਹਾਨ ਚਿੱਤਰਕਾਰ ਜਰਨੈਲ ਸਿੰਘ ਦੇ ਅਚਾਨਕ ਸਦੀਵੀ ਵਿਛੋੜੇ ਕਾਰਨ ਸਰੀ ਵਿੱਚ ਸੋਗ ਦੀ ਲਹਿਰ


ਜਰਨੈਲ ਸਿੰਘ ਆਰਟਿਸਟ

ਸਰੀ, (ਹਰਦਮ ਮਾਨ)-ਮਹਾਨ ਚਿੱਤਰਕਾਰ ਜਰਨੈਲ ਸਿੰਘ ਦੇ ਅਚਾਨਕ ਸਦੀਵੀ ਵਿਛੋੜੇ ਕਾਰਨ ਸਰੀ ਦੇ ਸਾਹਿਤਕ, ਕਲਾਤਮਿਕ ਅਤੇ ਸਭਿਆਚਾਰ ਹਲਕਿਆਂ ਵਿੱਚ ਸੋਗ ਦੀ ਲਹਿਰ ਫੈਲ ਗਈ ਹੈ। ਬਹੁਤ ਹੀ ਨਿਮਰ ਸ਼ਖ਼ਸੀਅਤ ਦੇ ਮਾਲਕ, ਕਲਾ, ਸਾਹਿਤ ਅਤੇ ਇਨਸਾਨੀਅਤ ਨੂੰ ਪਿਆਰ ਕਰਨ ਵਾਲੇ ਚਿੱਤਰਕਾਰ ਜਰਨੈਲ ਸਿੰਘ ਨੇ ਸਿੱਖ ਇਤਿਹਾਸ, ਪੰਜਾਬੀ ਸਭਿਆਚਾਰ ਨੂੰ ਆਪਣੀ ਕਲਾ ਰਾਹੀਂ ਬਾਖ਼ੂਬੀ ਚਿਤਰਿਆ ਅਤੇ ਦੁਨੀਆਂ ਭਰ ਦੇ ਪੰਜਾਬੀਆਂ ਵਿੱਚ ਬੇਹੱਦ ਮਕਬੂਲੀਅਤ ਅਤੇ ਪਿਆਰ ਸਤਿਕਾਰ ਹਾਸਲ ਕੀਤਾ।

ਸਰੀ ਵਿੱਚ ਉਨ੍ਹਾਂ ਵੱਲੋਂ ਸਥਾਪਿਤ ਕੀਤੀ 'ਜਰਨੈਲ ਆਰਟ ਗੈਲਰੀ' ਸਿਰਫ ਚਿੱਤਰਕਾਰੀ ਤੱਕ ਹੀ ਸੀਮਤ ਨਹੀਂ ਸੀ ਸਗੋਂ ਪਿਛਲੇ ਕਾਫੀ ਸਮੇਂ ਇੱਕ ਅਜਿਹਾ ਪਲੇਟਫਾਰਮ ਬਣਿਆ ਹੋਇਆ ਹੈ ਜਿੱਥੇ ਸਾਹਿਤਕ, ਸਭਿਆਚਾਰਕ, ਕਲਾਤਮਿਕ ਪ੍ਰੋਗਰਾਮ ਹੁੰਦੇ ਰਹਿੰਦੇ ਹਨ।

ਇਹ ਗੈਲਰੀ ਇੱਕ ਅਜਿਹਾ ਮੰਚ ਹੈ ਕਿ ਜਿੱਥੇ ਦੇਸ਼ ਵਿਦੇਸ਼ ਤੋਂ ਆਉਣ ਵਾਲੀਆਂ ਵੱਖ ਵੱਖ ਖੇਤਰਾਂ ਨਾਲ ਸੰਬੰਧਿਤ ਸ਼ਖ਼ਸੀਅਤਾਂ ਨੂੰ ਜੀ ਆਇਆਂ ਕਿਹਾ ਜਾਂਦਾ ਹੈ। ਸਰੀ ਵਿੱਚ ਆਏ ਮਹਿਮਾਨ ਇਸ ਗੈਲਰੀ ਵਿੱਚ ਆ ਕੇ ਆਪਣੀ ਯਾਤਰਾ ਨੂੰ ਸਫਲ ਸਮਝਦੇ ਹਨ।

ਪੰਜਾਬੀ ਪਿਆਰਿਆਂ ਨੂੰ ਖਿੜੇ ਮੱਥੇ ਆਪਣੀ ਬੁੱਕਲ ਦਾ ਨਿੱਘ ਦੇਣ ਵਾਲੀ ਇਹ ਗੈਲਰੀ ਅੱਜ ਬਹੁਤ ਉਦਾਸ ਹੈ।

ਹਰਮਨ ਪਿਆਰੇ ਆਰਟਿਸਟ ਜਰਨੈਲ ਸਿੰਘ ਵੱਲੋਂ ਅਲਵਿਦਾ ਕਹਿ ਜਾਣ 'ਤੇ ਵੈਨਕੂਵਰ ਵਿਚਾਰ ਮੰਚ, ਪੰਜਾਬੀ ਲੇਖਕ ਮੰਚ, ਗ਼ਜ਼ਲ ਮੰਚ ਸਰੀ ਅਤੇ ਹੋਰ ਕਈ ਸੰਸਥਾਵਾਂ ਦੇ ਆਗੂਆਂ ਵੱਲੋਂ ਡੂੰਘੇ ਦੁੱਖ ਦਾ ਇਜ਼ਹਾਰ ਕੀਤਾ ਜਾ ਰਿਹਾ ਹੈ। ਵੈਨਕੂਵਰ ਵਿਚਾਰ ਮੰਚ ਦੇ ਸਰਪ੍ਰਸਤ ਅਤੇ ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ, ਸ਼ਾਇਰ ਮੋਹਨ ਗਿੱਲ, ਅੰਗਰੇਜ਼ ਬਰਾੜ, ਪਰਮਜੀਤ ਸਿੰਘ ਸੇਖੋਂ, ਹਰਦਮ ਮਾਨ, ਗ਼ਜ਼ਲ ਮੰਚ ਸਰੀ ਦੇ ਨਾਮਵਰ ਸ਼ਾਇਰ ਜਸਵਿੰਦਰ, ਰਾਜਵੰਤ ਰਾਜ, ਕ੍ਰਿਸ਼ਨ ਭਨੋਟ, ਦਵਿੰਦਰ ਗੌਤਮ, ਦਸ਼ਮੇਸ਼ ਗਿੱਲ ਫਿਰੋਜ਼, ਪ੍ਰੀਤ ਮਨਪ੍ਰੀਤ, ਗੁਰਮੀਤ ਸਿੱਧੂ ਤੇ ਬਲਦੇਵ ਸੀਹਰਾ, ਉੱਘੇ ਵਿਦਵਾਨ ਡਾ. ਪ੍ਰਿਥੀਪਾਲ ਸਿੰਘ ਸੋਹੀ, ਪ੍ਰੋ. ਹਰਿੰਦਰ ਕੌਰ ਸੋਹੀ, ਗੁਲਾਟੀ ਪਬਲਿਸ਼ਰਜ਼ ਸਰੀ ਦੇ ਸਤੀਸ਼ ਗੁਲਾਟੀ, ਡਾ. ਸੁਖਵਿੰਦਰ ਵਿਰਕ, ਨਵਰੂਪ ਸਿੰਘ, ਜਸਕਰਨ ਸਿੰਘ, ਦੇਸ ਪ੍ਰਦੇਸ ਟਾਈਮਜ਼ ਦੇ ਸੰਪਾਦਕ ਸੁਖਵਿੰਦਰ ਸਿੰਘ ਚੋਹਲਾ ਅਤੇ ਹੋਰ ਕਈ ਸ਼ਖ਼ਸੀਅਤਾਂ ਨੇ ਦੁੱਖ ਪ੍ਰਗਟ ਕਰਦਿਆਂ ਉਸ ਮਹਾਨ ਕਲਾਕਾਰ ਨੂੰ ਸਿਜਦਾ ਕੀਤਾ ਹੈ।

CUSTOM CABINETS
SPECIALIST IN
CUSTOM KITCHEN, BARS, WASHROOM VANITY, CLOSET & ALL COMMERCIAL MILL WORK
BUILT GARAGE, GARAGE DOOR INSTALLATION, NEW HOUSE FRAMING, OLD HOUSE EXTENSION & ANY OTHER ADD ON CONSTRUCTION WORK, BASEMENT DEVELOPMENT
HMP PROFESSIONAL CONSTRUCTION LTD.
PAUL SEKHON
403 701 4947, 403 829 5000
www.hmphone.com

ਜੇ ਕੌਸਕੋ ਸਟੋਰ ਵਿੱਚੋਂ ਦੁੱਧ ਵਾਲੀਆਂ ਕੈਨੀਆਂ, ਪੈਪਸੀ, ਕੋਕ, ਜੂਸ, ਲਿਕਰ ਲੈਣ ਚੱਲੇ ਹੋ ਤਾਂ
ਪਹਿਲਾਂ ਘਰ ਪਈਆਂ ਖਾਲੀ ਕੈਨੀਆਂ ਅਤੇ ਜੂਸ ਵਾਲੇ ਡੱਬੇ ਵੀ ਗੱਡੀ ਵਿੱਚ ਰੱਖ ਲਓ
ਕਿਉਂਕਿ ਬੋਤਲ ਡਿਪੂ ਹੁਣ ਕੈਲਗਰੀ ਵਿੱਚ ਸਟੋਨੀ ਟਰੇਲ ਤੋਂ 17 ਐਵਨਿਊ ਚੈਸਟਰਮੀਅਰ ਵੱਲ ਨਿਕਲਦਿਆਂ ਹੀ
ਕੌਸਕੋ ਸਟੋਰ ਦੇ ਬਿਲਕੁੱਲ ਸਾਹਮਣੇ ਹੀ ਖੁੱਲ ਗਿਆ।
ਇਹਨਾਂ ਨੂੰ ਸੁਪਰਵਾਈਜ਼ਰ/ਬੋਤਲ ਸੌਰਟਰ ਵਰਕਰਾਂ ਦੀ ਵੀ ਲੋੜ ਹੈ
ਪੰਜਾਬੀ ਬੋਲਣ ਵਾਲਾ ਸਟਾਫ
East Hill Bottle Depot Ltd.
Call: 403 975 0128
55 East Hill Blvd (Front of new Costco at 17 ave SE.) Calgary(AB)

SUPERVISA Medical Insurance
ਤਜ਼ਰਬੇਕਾਰ ਅਤੇ ਭਰੋਸੇਯੋਗ ਟੀਮ ਦੇ ਮੈਂਬਰ ਤੁਹਾਡੀ ਸੇਵਾ ਵਿੱਚ
SERVICES
- Life Insurance
- Mortgage Insurance
- Critical Illness Insurance
- Disability Insurance
Punjab Insurance Inc
ਜਿਹੜੀਆਂ ਸੇਵਾਵਾਂ ਇੰਸ਼ੋਰੈਂਸ ਕਰਨ ਵੇਲੇ ਦੱਸਣਗੇ ਲੋੜ ਪੈਣ ਤੇ ਉਹੀ ਮਿਲਣਗੀਆਂ
403 404 3500
sidhu.harpinder@gmail.com
Harpinder Sidhu REGIONAL MANAGER
Lovepreet Sidhu REGIONAL MANAGER

ਚੈਸਟਰਮੇਅਰ ਰਹਿਣ ਵਾਲੇ ਮੀਟ ਖਾਣ ਦੇ ਸ਼ੌਕੀਨਾਂ ਨੂੰ ਹੁਣ ਹੋਰ ਕਿਧਰੇ ਜਾਣ ਦੀ ਲੋੜ ਨਹੀਂ ਕਿਉਂਕਿ ਹੁਣ ਚੈਸਟਰਮੀਅਰ ਵਿੱਚ ਹੀ ਲੇਕਸਾਈਡ ਮੀਟ ਮਸਾਲਾ ਵਾਲੇ ਆ ਗਏ ਹਨ।
ਕੁੱਕ ਕੀਤਾ ਹੋਇਆ ਮੀਟ, ਮੱਛੀ, ਮੁਰਗਾ, ਬੱਕਰਾ ਘਰ ਲੈਜਾ ਕੇ ਖਾਣ ਲਈ 20 ਕੁ ਮਿੰਟ ਪਹਿਲਾਂ ਫੋਨ ਕਰੋ
Wings Special Every Tuesday and Wednesday
Special Discount for Birthdays & Parties
10% OFF On 3 Labs
ਬੱਕਰੇ ਅਤੇ ਮੁਰਗੇ ਦਾ ਅਚਾਰ ਹਰ ਵੇਲੇ ਤਿਆਰ ਮਿਲਦਾ ਹੈ
Uber Eats
LAKESIDE MEAT MASALA
Now Serving Cooked Marinated Meat, Fish and Chicken
202, 175 Chestermere Station Way Chestermere, AB T1X 1V2
587.470.4000

## ਸੰਪਾਦਕੀ



ਦੂਜਿਆਂ ਵਿੰਚ ਗਲਤੀਆਂ ਕੱਢਣ ਨਾਲੋਂ ਆਪਣੇ ਵਿੱਚ ਸੁਧਾਰ ਕਰੋ।

# ਮੋਦੀ ਟਰੰਪ ਮਿਲਣੀ

ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਬੀਤੇ ਦਿਨੀ ਅਮਰੀਕਾ ਫੇਰੀ ਪਾਈ ਸੀ । ਨਰਿੰਦਰ ਮੋਦੀ ਅਤੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੀ ਇਹ ਮਿਲਣੀ ਉਹਨੀ ਦਿਨੀ ਹੋਈ ਜਦੋਂ ਅਮਰੀਕਾ ਵੱਲੋਂ ਅਣਮਨੁੱਖੀ ਢੰਗ ਨਾਲ ਡਿਪੋਰਟ ਕੀਤੇ 104 ਭਾਰਤੀਆਂ ਨਾਲ ਭਰਿਆ ਪਹਿਲਾ ਫੌਜੀ ਜਹਾਜ ਅੰਮ੍ਰਿਤਸਰ ਹਵਾਈ ਹੱਡੇ ਉੱਪਰ ਉਤਾਰਿਆ ਗਿਆ ਅਤੇ ਇੱਕ ਤੋਂ ਇੱਕ ਹੋਰ ਜਹਾਜ ਭਰਕੇ ਭੇਜੇ ਜਾਣ ਦੀਆਂ ਪੂਣੀ ਨਾਲ ਪੂਣੀ ਵਾਂਗ ਜੁੜੀਆਂ ਖ਼ਬਰਾਂ ਦੀਆਂ ਕਨਸੋਆਂ ਹਨ। ਜਦੋਂ ਪੱਤਰਕਾਰਾਂ ਨੇ ਨਰਿੰਦਰ ਮੋਦੀ ਨੂੰ ਡਿਪੋਰਟ ਕੀਤੇ ਜਾ ਰਹੇ ਭਾਰਤੀਆਂ ਸਬੰਧੀ ਭਾਰਤ ਸਰਕਾਰ ਵੱਲੋਂ ਅਮਰੀਕਾ ਨੂੰ ਦਿੱਤੇ ਜਾ ਰਹੇ ਸਹਿਯੋਗ ਬਾਰੇ ਪੁੱਛਿਆ ਤਾਂ ਨਰਿੰਦਰ ਮੋਦੀ ਦਾ ਜੁਆਬ ਸੀ ਕਿ ਕਿਸੇ ਵੀ ਮੁਲਕ ਵਿੱਚ ਗੈਰ ਕਾਨੂੰਨੀ ਢੰਗ ਨਾਲ ਦਾਖਿਲ ਹੋਣਾ ਅਤੇ ਗੈਰ ਕਾਨੂੰਨੀ ਢੰਗ ਨਾਲ ਉੱਥੇ ਰਹਿਣਾ ਗਲਤ ਹੈ । ਗੈਰ ਕਾਨੂੰਨੀ ਦਾਖਿਲੇ ਦੇ ਵਰਤਾਰੇ ਨੂੰ ਕੋਈ ਵੀ ਮੁਲਕ ਪਸੰਦ ਨਹੀਂ ਕਰਦਾ। ਦੋਵਾਂ ਮੁਲਕਾਂ ਦੇ ਨੇਤਾਵਾਂ ਵਿਚਕਾਰ ਹੋਈ ਗੱਲਬਾਤ ਤੋਂ ਬਾਅਦ ਜਾਰੀ ਕੀਤੇ ਗਏ ਬਿਆਨ ਦੇ ਵਿੱਚ ਆਖਿਆ ਕਿ ਦੋਵੇਂ ਦੇਸ਼ ਭਾਰਤ - ਅਮਰੀਕਾ ਰੱਖਿਆ ਸਬੰਧਾਂ ਨੂੰ ਅੱਗੇ ਵਧਾਉਣ ਲਈ ਸਹਿਮਤ ਹੋਏ ਹਨ। 21ਵੀਂ ਸਦੀ ਲਈ ਇੱਕ ਨਵੀਂ ਪਹਿਲ ਯੂ ਐਸ -ਇੰਡੀਆ ਕੰਪੈਕਟ ਭਾਵ ਫੌਜੀ ਭਾਈਵਾਲੀ ਤੇਜ ਵਪਾਰ ਅਤੇ ਟੈਕਨੋਲੋਜੀ ਲਈ ਮੌਕੇ ਪੈਦਾ ਕਰਨਾ ਸ਼ੁਰੂ ਕੀਤਾ ਗਿਆ ਹੈ। ਦੋਵਾਂ ਆਗੂਆਂ ਨੇ ਇਹ ਵੀ ਦੁਹਰਾਇਆ ਕਿ ਅਮਰੀਕਾ ਅਤੇ ਭਾਰਤ ਵਿਚਕਾਰ ਨੇੜਲੀ ਭਾਈਵਾਲੀ ਇੱਕ ਆਜ਼ਾਦ ਖੁੱਲੇ ਸ਼ਾਂਤੀ ਪੂਰਨ ਅਤੇ ਖੁਸ਼ਹਾਲ ਹਿੰਦ ਪ੍ਰਸਾਂਤ ਖੇਤਰ ਲਈ ਬਹੁਤ ਜਰੂਰੀ ਹੈ। ਇਸ ਦੇ ਨਾਲ ਉਹਨਾਂ ਨੇ ਹੋਰ ਮੁੱਦਿਆਂ ਦੇ ਨਾਲ ਨਾਲ ਕੋਵਾਰਡ ਭਾਈਵਾਲੀ ਨੂੰ ਮਜਬੂਤ ਕਰਨ ਬਾਰੇ ਵੀ ਗੱਲ ਕੀਤੀ । ਭਾਰਤ ਕੋਵਾਰਡ ਅਲਾਇੰਸ ਦਾ ਮੈਂਬਰ ਹੈ ਜਿਸ ਵਿੱਚ ਅਮਰੀਕਾ ਜਪਾਨ ਆਸਟਰੇਲੀਆ ਸ਼ਾਮਿਲ ਹਨ। ਚੀਨ ਕੋਵਾਰਡ ਬਾਰੇ ਚਿੰਤਿਤ ਹੈ ਇਸ ਲਈ ਉਹ ਕਹਿੰਦਾ ਹੈ ਕਿ ਇਸ ਗੱਠਜੋੜ ਦਾ ਉਦੇਸ਼ ਚੀਨ ਦੇ ਉਭਾਰ ਨੂੰ ਰੋਕਣਾ ਹੈ। ਅਮਰੀਕੀ ਰਾਸ਼ਟਰਪਤੀ ਦੇ ਦੂਜੇ ਕਾਰਜਕਾਲ ਲਈ ਅਹੁਦਾ ਸੰਭਾਲਣ ਤੋਂ ਕੁੱਝ ਹੀ ਹਫਤਿਆਂ ਬਾਅਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਟਰੰਪ ਨਾਲ ਮੁਲਾਕਾਤ ਨੂੰ ਲੈ ਕੇ ਚੀਨ ਵਿੱਚ ਖਾਸ ਕਰਕੇ ਨਵੀਂ ਦਿੱਲੀ ਅਤੇ ਵਾਸ਼ਿੰਗਟਨ ਵਿਚਕਾਰ ਰੱਖਿਆ ਸਹਿਯੋਗ ਦੇ ਖੇਤਰ ਵਿੱਚ ਮੀਟਿੰਗ ਦੇ ਨਤੀਜਿਆਂ ਨੂੰ ਲੈ ਕੇ ਚਰਚਾ ਹੈ। ਇਸ ਤੋਂ ਇਲਾਵਾ ਭਾਰਤ ਨੇ ਇੱਕ ਵਾਰ ਫੇਰ ਚੀਨ ਨਾਲ ਸਰਹੱਦੀ ਵਿਵਾਦ ਵਿੱਚ ਕਿਸੇ ਵੀ ਤੀਜੀ ਧਿਰ ਦੀ ਭੂਮਿਕਾ ਨੂੰ ਰੱਦ ਕਰਨ ਦੀ ਆਪਣੀ ਲੰਬੇ ਸਮੇਂ ਤੋਂ ਚਲਦੀ ਆ ਰਹੀ ਨੀਤੀ ਨੂੰ ਦੁਹਰਾਇਆ ਹੈ। ਇਸ ਤੋਂ ਪਹਿਲਾਂ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ ਸੀ ਕਿ ਜੇਕਰ ਦੋਵਾਂ ਗਵਾਂਢੀ ਦੇਸ਼ਾਂ ਵਿਚਕਾਰ ਲੰਬਿਤ ਮੁੱਦੇ ਨੂੰ ਹੱਲ ਕਰਨ ਵਿੱਚ ਮੱਦਦ ਮਿਲਦੀ ਹੈ ਤਾਂ ਉਹ ਸਮਰਥਨ ਦੇਣ ਲਈ ਤਿਆਰ ਹਨ। ਪਰ ਵਿਦੇਸ਼ ਸਕੱਤਰ ਵਿਕਰਮ ਮਿਸਰੀ ਨੇ ਇੱਕ ਪ੍ਰੈਸ ਕਾਨਫਰੰਸ ਵਿੱਚ ਆਖਿਆ ਕਿ ਨਵੀਂ ਦਿੱਲੀ ਨੇ ਇਹਨਾਂ ਮੁੱਦਿਆਂ ਨਾਲ ਨਜਿੱਠਣ ਲਈ ਹਮੇਸ਼ਾ ਦੁਵੱਲਾ ਦ੍ਰਿਸ਼ਟੀਕੋਣ ਅਪਣਾਇਆ ਹੈ। ਇੱਕ ਲੰਬੇ ਸਮੇਂ ਤੋਂ ਚੱਲੀ ਆ ਰਹੀ ਨੀਤੀ ਦੇ ਅਨੁਸਾਰ ਭਾਰਤ ਨੇ ਇਹ ਕਾਇਮ ਰੱਖਿਆ ਹੈ ਕਿ ਕਿਸੇ ਵੀ ਦੇਸ਼ ਨਾਲ ਉਸ ਦੇ ਦਵੱਲੇ ਮੁੱਦਿਆਂ ਜਾਂ ਵਿਵਾਦਾਂ ਵਿੱਚ ਕਿਸੇ ਤੀਜੀ ਧਿਰ ਦੀ ਕੋਈ ਭੂਮਿਕਾ ਨਹੀਂ ਹੈ । ਇਸ ਤੋਂ ਇਲਾਵਾ ਭਾਰਤ ਅਤੇ ਅਮਰੀਕਾ ਨੇ ਆਪਣੇ ਉੱਚ ਸਿੱਖਿਆ ਸੰਸਥਾਵਾਂ ਵਿਚਕਾਰ ਸਹਿਯੋਗ ਨੂੰ ਮਜਬੂਤ ਕਰਨ ਪੜ੍ਹਾਈ ਦੀ ਸਹੂਲਤ ਦੇਣ ਅਤੇ ਭਾਰਤ ਵਿੱਚ ਪ੍ਰਮੁੱਖ ਅਮਰੀਕੀ ਕਾਲਜਾਂ ਦੇ ਕੈਂਪਸ ਸਥਾਪਿਤ ਕਰਨ ਦੇ ਮੌਕਿਆਂ ਦੀ ਪੜਚੋਲ ਕਰਨ ਲਈ ਸਹਿਮਤੀ ਪ੍ਰਗਟਾਈ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਵਾਈਟ ਹਾਊਸ ਵਿਖੇ ਆਪਣੀ ਵਿਆਪਕ ਗੱਲਬਾਤ ਦੌਰਾਨ ਇਹ ਵੀ ਸਵੀਕਾਰ ਕੀਤਾ ਹੈ ਕਿ ਵਿਦਿਆਰਥੀਆਂ ਖੋਜਕਰਤਾਵਾਂ ਅਤੇ ਸਟਾਫ ਦੀ ਆਵਾਜਾਈ ਦੋਵਾਂ ਦੇਸ਼ਾਂ ਲਈ ਆਪਸੀ ਤੌਰ ਤੇ ਲਾਭਦਾਇਕ ਰਹੀ ਹੈ। ਇੱਕ ਰਿਪੋਰਟ ਦੇ ਅਨੁਸਾਰ ਅਕੈਡਮਿਕ ਸਾਲ 2023 ਤੋਂ 2024 ਵਿਚਕਾਰ ਅਮਰੀਕਾ ਵਿੱਚ ਪੜ੍ਹ ਰਹੇ ਭਾਰਤੀ ਵਿਦਿਆਰਥੀਆਂ ਦੀ ਗਿਣਤੀ 3 ਲੱਖ 31 ਹਜਾਰ 602 ਹੈ। ਜੋ ਕਿ ਪਿਛਲੇ ਸਾਲਾਂ ਦੇ ਮੁਕਾਬਲੇ 23 ਫੀਸਦੀ ਵੱਧ ਹੈ। ਇਸ ਤੋਂ ਪਹਿਲਾਂ ਭਾਰਤ ਨੇ ਵਿਦੇਸ਼ੀ ਯੂਨੀਵਰਸਿਟੀਆਂ ਨੂੰ ਗੁਜਰਾਤ ਵਿੱਚ ਕੈਂਪਸ ਖੋਲਣ ਦੀ ਇਜਾਜ਼ਤ ਦਿੱਤੀ ਸੀ। ਹੁਣ ਤੱਕ ਕਿਸੇ ਵੀ ਅਮਰੀਕੀ ਯੂਨੀਵਰਸਿਟੀ ਦਾ ਭਾਰਤ ਵਿੱਚ ਕੋਈ ਵੀ ਕੈਂਪਸ ਨਹੀਂ ਹੈ ਅਤੇ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅਮਰੀਕੀ ਯੂਨੀਵਰਸਟੀਆਂ ਨੂੰ ਭਾਰਤ ਵਿੱਚ ਕੈਂਪਸ ਸਥਾਪਿਤ ਕਰਨ ਦਾ ਸੱਦਾ ਵੀ ਦਿੱਤਾ ਹੈ। ਜੇਕਰ ਭਾਰਤ ਅਮਰੀਕਾ ਸਬੰਧ ਮਜਬੂਤ ਹੁੰਦੇ ਹਨ ਤਾਂ ਇਸ ਦਾ ਫਾਇਦਾ ਤਾਂ ਦੋਵਾਂ ਮੁਲਕਾਂ ਨੂੰ ਹੀ ਹੋਵੇਗਾ ਪਰ ਅਮਰੀਕਾ ਵੱਲੋਂ ਖਾਲਿਸਤਾਨ ਦੀ ਹਮਾਇਤ ਪਹਿਲਾਂ ਦੀ ਤਰਾਂ ਜਾਰੀ ਰਹੇਗੀ ਜਾਂ ਫਿਰ ਹਾਲਾਤ ਬਦਲ ਜਾਣਗੇ ,ਇਹਨਾਂ ਸਵਾਲਾਂ ਦੇ ਜੁਆਬ ਤਾਂ ਹਾਲੇ ਭਵਿੱਖ ਦੇ ਗਰਭ ਵਿੱਚ ਹੀ ਮੌਜੂਦ ਹਨ ਜੋ ਸਮਾਂ ਆਉਣ ਉਪਰੰਤ ਹੀ ਸਾਹਮਣੇ ਆਉਣਗੇ।

403 640 2000
punjabiakhbaar@gmail.com

This disclaimer informs the readers of 'the Punjabi Akhbaar' that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not 'the Punjabi Akhbaar'. The Editor reserves the right to edit or not the articles, reports and/or news published herein.

-Editor

ਨੋਟ: ''ਪੰਜਾਬੀ ਅਖ਼ਬਾਰ'' ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ , ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜਰੂਰੀ ਨਹੀਂ। ''ਪੰਜਾਬੀ ਅਖ਼ਬਾਰ'' ਵਿੱਚ ਛਪਦੇ ਇਸਤਿਹਾਰਾਂ ਸਬੰਧੀ , ਸਬੰਧਤ ਚੀਜਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸਬੰਧੀ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜਿੰਮੇਬਾਰ ਹੈ। 'ਪੰਜਾਬੀ ਅਖ਼ਬਾਰ' ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖਬਰ ਨੂੰ ਪ੍ਰਕਾਸਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ।

-ਸੰਪਾਦਕ

# ਪੇਂਡੂ ਸਮਾਜਿਕ ਜੀਵਨ ਦਾ ਖੋਰਾ ਅਤੇ ਝੋਰਾ

ਪ੍ਰੋ. ਮੇਹਰ ਮਾਣਕ



ਭਾਰਤ ਉਹ ਦੇਸ਼ ਹੈ ਜਿਸ ਕੋਲ ਦੁਨੀਆ ਦਾ ਸਿਰਫ 2.4 ਫੀਸਦੀ ਖੇਤਰ ਹੈ ਅਤੇ ਜਿੱਥੇ ਦੁਨੀਆ ਦੀ ਕੁੱਲ ਵੱਸੋਂ ਦੀ 17.6 ਫੀਸਦੀ ਆਬਾਦੀ ਰਹਿੰਦੀ ਹੈ। ਇਥੋਂ ਦੀ 60 ਫੀਸਦੀ ਆਬਾਦੀ ਖੇਤੀਬਾੜੀ ਦੇ ਕੰਮ ਕਾਜ ਵਿੱਚ ਲੱਗੀ ਹੋਈ ਹੈ ਅਤੇ ਉਹ ਜੀਡੀਪੀ ਦਾ 10 ਫੀਸਦੀ ਯੋਗਦਾਨ ਪਾ ਰਹੀ ਹੈ। ਦੇਸ਼ ਵਿੱਚ ਕਿਸਾਨਾਂ ਦੀ ਗਿਣਤੀ 50 ਫੀਸਦੀ ਤੋਂ ਵੀ ਵੱਧ ਹੈ। ਜੇ ਕਿਸਾਨਾਂ ਅਤੇ ਮਜ਼ਦੂਰਾਂ ਨੂੰ ਇਕੱਠਿਆਂ ਰੱਖ ਕੇ 2018-19 ਦੇ ਅੰਕੜਿਆਂ ਉੱਤੇ ਨਿਗਾਹ ਮਾਰੀ ਜਾਵੇ ਤਾਂ 42.45 ਫੀਸਦੀ ਰੁਜ਼ਗਾਰ ਖੇਤੀ ਖੇਤਰ ਵਿੱਚ ਹੀ ਸੀ ਅਤੇ ਇਨ੍ਹਾਂ ਵਿਚੋਂ ਜ਼ਿਆਦਾ ਗਿਣਤੀ ਕਿਸਾਨਾਂ ਦੀ ਸੀ। ਇਨ੍ਹਾਂ 10.20 ਕਰੋੜ ਕਿਸਾਨਾਂ ਵਿੱਚੋਂ ਜਿ ?ਆਦਾਤਰ ਸੀਮਾਂਤ (72.6 ਫੀਸਦੀ) ਅਤੇ ਛੋਟੇ ਕਿਸਾਨ (16.4 ਫੀਸਦੀ) ਸਨ। ਇਸ ਤੋਂ ਇਲਾਵਾ 25 ਏਕੜ ਤੋਂ ਵੱਧ ਵਾਲੇ ਜਿਨ੍ਹਾਂ ਨੂੰ ਵੱਡੇ ਜਾਂ ਧਨੀ ਕਿਸਾਨ ਕਿਹਾ ਜਾਂਦਾ ਹੈ, ਸਿਰਫ਼ 0.3 ਫੀਸਦੀ ਸਨ। ਇਉਂ ਭਾਰਤ ਦੇ ਖੇਤੀ ਅਰਥਚਾਰੇ ਅੰਦਰ ਕਿਸਾਨੀ ਦੀਆਂ ਹੇਠਲੀਆਂ ਪਰਤਾਂ ਮੁੱਖ ਧੁਰੇ ਦੇ ਤੌਰ ਉੱਤੇ ਆਪਣਾ ਰੋਲ ਨਿਭਾਉਂਦੀਆਂ ਹਨ। ਜੇ ਕੀਮਤਾਂ ਦੀ ਗੱਲ ਕਰੀਏ ਤਾਂ ਡੀਜ਼ਲ ਦਾ ਰੇਟ 110 ਗੁਣਾ, ਖਾਦਾਂ ਦਾ 110 ਤੋਂ 140 ਗੁਣਾ ਤੇ ਖੇਤੀ ਮਸ਼ੀਨਰੀ ਦੇ ਰੇਟ 60 ਤੋਂ 70 ਗੁਣਾ ਵਧੇ; ਖੇਤੀ ਜਿਣਸਾਂ ਦਾ ਭਾਅ 30 ਗੁਣਾ ਤੋਂ ਵੀ ਨਹੀਂ ਵਧਿਆ। ਖੇਤੀ ਵਿੱਚ ਖਰਚਿਆਂ/ਲਾਗਤਾਂ ਦਾ ਲਗਾਤਾਰ ਵਧਣਾ, ਪਰਿਵਾਰ ਸਮੇਤ ਲੱਕ ਤੋੜਵੀਂ ਮਿਹਨਤ ਕਰ ਕੇ ਜਿਣਸਾਂ ਦਾ ਵਾਜਿਬ ਭਾਅ ਨਾ ਮਿਲਣਾ ਅਤੇ ਕਰਜ਼ੇ ਦੇ ਵਧਦੇ ਦਬਾਅ ਕਾਰਨ ਕਿਸਾਨੀ ਭਾਈਚਾਰਾ ਖ਼ੁਦ ਨੂੰ ਆਰਥਿਕ, ਸਮਾਜਿਕ ਅਤੇ ਮਾਨਸਿਕ ਤੌਰ 'ਤੇ ਟੁੱਟਿਆ ਮਹਿਸੂਸ ਕਰ ਰਿਹਾ ਹੈ। ਨੈਸ਼ਨਲ ਸੈਂਪਲ ਸਰਵੇ ਦੀ ਸੰਨ 2002 ਦੀ ਰਿਪੋਰਟ ਅਨੁਸਾਰ, 40 ਫ਼ੀਸਦੀ ਕਿਸਾਨਾਂ ਨੇ ਬੋਝਲ ਹੋ ਰਹੀ ਖੇਤੀਬਾੜੀ ਛੱਡਣ ਦੀ ਇੱਛਾ ਜ਼ਾਹਿਰ ਕੀਤੀ ਹੈ। ਇਹ ਰਿਪੋਰਟ ਦੋ ਦਹਾਕੇ ਪਹਿਲਾਂ ਦੀ ਹੈ, ਅੱਜ ਹਾਲਾਤ ਬਿਹਤਰ ਹੋਣ ਦੀ ਥਾਂ ਹੋਰ ਗੰਭੀਰ ਹੋ ਚੁੱਕੇ ਹਨ।

ਕੇਂਦਰ ਸਰਕਾਰ ਦੇ ਕੁੱਲ ਖਰਚੇ ਵਿੱਚ ਖੇਤੀਬਾੜੀ ਲਈ ਰੱਖੇ ਖਰਚਿਆਂ ਦੇ ਅਨੁਪਾਤ ਅਨੁਸਾਰ, 2020 ਵਿੱਚ 4.83 ਫੀਸਦੀ, 2021 ਵਿੱਚ 4.05, 2022 ਵਿੱਚ 3.68, 2023 ਵਿੱਚ 3.08, 2024 ਵਿੱਚ 3.09 ਅਤੇ ਇਸ ਸਾਲ (2025 ਲਈ) 3.06 ਫੀਸਦੀ ਖੇਤੀ ਖੇਤਰ ਲਈ ਰੱਖੇ ਹਨ। ਇਸ ਤੋਂ ਸਰਕਾਰ ਦੇ ਖੇਤੀ ਖੇਤਰ ਬਾਰੇ ਨਜ਼ਰੀਏ ਦਾ ਸਹਿਜੇ ਹੀ ਪਤਾ ਲੱਗ ਜਾਂਦਾ ਹੈ। ਹੋਰ ਤਾਂ ਹੋਰ, ਦਿਨ-ਬਦਿਨ ਨਿੱਘਰ ਰਹੇ ਖੇਤੀ ਅਰਥਚਾਰੇ ਨਾਲ ਸਬੰਧਿਤ 'ਪ੍ਰਧਾਨ ਮੰਤਰੀ ਫ਼ਸਲ ਬੀਮਾ ਯੋਜਨਾ' ਉੱਤੇ ਸਰਕਾਰੀ ਖਰਚ ਵਧਾਉਣ ਦੀ ਥਾਂ ਪਿਛਲੇ ਸਾਲ ਦੇ 15864 ਕਰੋੜ ਰੁਪਏ ਤੋਂ ਘਟਾ ਕੇ 12242 ਕਰੋੜ ਰੁਪਏ ਕਰ ਦਿੱਤਾ ਗਿਆ। ਭਾਰਤ ਦੇ ਬਹੁਤ ਸਾਰੇ ਸੂਬਿਆਂ ਜਿਵੇਂ ਪੰਜਾਬ, ਹਰਿਆਣਾ, ਉੱਤਰ ਪ੍ਰਦੇਸ਼, ਕਰਨਾਟਕ, ਮਹਾਰਾਸ਼ਟਰ ਵਿੱਚ ਵਧ ਰਹੇ ਆਰਥਿਕ ਮੰਦਵਾੜੇ ਕਾਰਨ ਡਿਪਰੈਸ਼ਨ ਦਾ ਸ਼ਿਕਾਰ ਹੋ ਕੇ ਕਿਸਾਨ ਆਤਮ-ਘਾਤ ਦੇ ਰਸਤੇ ਪੈ ਚੁੱਕੇ ਹਨ। ਇਨ੍ਹਾਂ ਵਿੱਚ ਬਹੁਗਿਣਤੀ ਨੌਜਵਾਨ ਗ਼ਰੀਬ ਕਿਸਾਨ ਅਤੇ ਪੇਂਡੂ ਮਜ਼ਦੂਰਾਂ ਦੀ ਹੈ। ਕੌਮੀ ਅਪਰਾਧ ਰਿਕਾਰਡ ਬਿਊਰੋ ਮੁਤਾਬਿਕ, 1995 ਤੋਂ 2022-23 ਤੱਕ ਦੇਸ਼ ਵਿੱਚ 4.5 ਲੱਖ ਕਿਸਾਨ ਆਤਮ-ਹੱਤਿਆਵਾਂ ਕਰ ਚੁੱਕੇ ਹਨ।

ਕਿਸਾਨੀ ਕਰਜ਼ੇ 'ਤੇ ਨਿਗ ?ਹਾ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਕੌਮੀ ਪੱਧਰ ਉੱਤੇ ਹਰ ਕਿਸਾਨ ਪਰਿਵਾਰ ਸਿਰ ਔਸਤਨ 74121 ਰੁਪਏ ਕਰਜ਼ਾ ਹੈ। ਪੰਜਾਬ ਵਿੱਚ 2.05 ਲੱਖ ਰੁਪਏ, ਹਰਿਆਣਾ ਵਿੱਚ 1.83 ਲੱਖ, ਹਿਮਾਚਲ ਪ੍ਰਦੇਸ਼ ਵਿੱਚ 85285 ਅਤੇ ਜੰਮੂ ਕਸ਼ਮੀਰ ਵਿੱਚ 30435 ਰੁਪਏ ਹਰ ਕਿਸਾਨ ਪਰਿਵਾਰ ਸਿਰ ਕਰਜ਼ਾ ਹੈ। 1997 ਵਿੱਚ ਪੰਜਾਬ ਦੀ ਕਿਸਾਨੀ ਸਿਰ 5700 ਕਰੋੜ ਰੁਪਏ ਦਾ ਕਰਜ਼ਾ ਸੀ, ਉਹ 2022-23 ਵਿੱਚ ਵਧ ਕੇ 73673 ਕਰੋੜ ਰੁਪਏ ਤੱਕ ਪਹੁੰਚ ਗਿਆ। ਕਰਜ਼ਦਾਰੀ ਦੀ ਪੰਡ ਦਿਨ-ਬਦਿਨ ਭਾਰੀ ਹੋ ਰਹੀ ਹੈ। ਇਸੇ ਆਰਥਿਕ ਬੇਵਸੀ ਅਤੇ ਨਿਰਾਸ਼ਾ ਵਿੱਚੋਂ ਹੀ ਕਦੇ ਕਿਸਾਨ ਆਤਮ-ਹੱਤਿਆ ਕਰਦਾ ਹੈ ਅਤੇ ਕਦੇ ਉਹ ਅੰਦੋਲਨ ਦਾ ਰਸਤਾ ਅਖ਼ਤਿਆਰ ਕਰਦਾ ਹੈ।

ਵੱਖ-ਵੱਖ ਅਧਿਐਨਾਂ ਮੁਤਾਬਿਕ, ਪੰਜਾਬ ਦੇ ਪੇਂਡੂ ਖੇਤਰ ਵਿੱਚ ਹੁਣ ਤੱਕ ਤਕਰੀਬਨ 30 ਹਜ਼ਾਰ ਆਤਮ-ਹੱਤਿਆਵਾਂ ਹੋ ਚੁੱਕੀਆਂ ਹਨ ਜੋ ਕਿਸਾਨ ਅੰਦੋਲਨ ਦੀ ਜਾਗਰੂਕਤਾ ਅਤੇ ਸਮਾਜਿਕ ਸਮੂਹਿਕ ਢਾਰਸ ਦੇਣ ਦੇ ਬਾਵਜੂਦ ਰੁਕਣ ਦਾ ਨਾਮ ਨਹੀਂ ਲੈ ਰਹੀਆਂ। ਸਿਆਸੀ ਅਣਦੇਖੀ ਕਾਰਨ ਪੇਂਡੂ ਸਮਾਜ ਖ਼ੁਦ ਨੂੰ ਲੁੱਟਿਆ ਅਤੇ ਟੁੱਟਿਆ ਮਹਿਸੂਸ ਕਰ ਰਿਹਾ ਹੈ। ਹੋਰ ਤਾਂ ਹੋਰ, ਖੇਤੀ ਪ੍ਰਧਾਨ ਸਾਡਾ ਦੇਸ਼ ਅਜੇ ਤੱਕ ਸਾਜ਼ਗਾਰ ਖੇਤੀ ਨੀਤੀ ਨਹੀਂ ਬਣਾ ਸਕਿਆ। ਖੇਤੀ ਖੇਤਰ ਨੂੰ ਭਾਵੇਂ ਰਾਜਾਂ ਦੇ ਅਧਿਕਾਰ ਖੇਤਰ ਵਿੱਚ ਰੱਖਿਆ ਗਿਆ ਹੈ ਪਰ ਨਾ ਕੇਂਦਰ ਅਤੇ ਨਾ ਹੀ ਰਾਜਾਂ ਨੇ ਪੇਂਡੂ ਅਰਥਚਾਰੇ ਦੇ ਸਮੂਹਿਕ ਵਿਕਾਸ ਲਈ ਹੁਣ ਤੱਕ ਕੋਈ ਐਸੀ ਬੱਝਵੀਂ ਨੀਤੀ ਤਿਆਰ ਕੀਤੀ ਹੈ ਜਿਸ ਨਾਲ ਖੇਤੀ ਖੇਤਰ ਦਾ ਕੌਮਾਂਤਰੀ ਹਾਲਤਾਂ ਮੁਤਾਬਿਕ ਬਹੁਦਿਸ਼ਾਵੀ ਵਿਕਾਸ ਹੋ ਸਕੇ।

2020 ਵਿੱਚ ਕੇਂਦਰ ਸਰਕਾਰ ਨੇ ਤਿੰਨ ਕਾਨੂੰਨ ਲਿਆਂਦੇ ਜਿਨ੍ਹਾਂ ਦਾ ਮਕਸਦ ਖੇਤੀ ਦੇ ਬਹੁਪਰਤੀ ਸਮਾਜਿਕ ਸਮੂਹਿਕ ਵਿਕਾਸ ਦੀ ਥਾਂ ਕਾਰਪੋਰੇਟੀ ਵਿਕਾਸ ਸੀ। ਕਿਸਾਨਾਂ ਨੂੰ ਲੰਮਾ ਅੰਦੋਲਨ ਕਰ ਕੇ ਇਹ ਕਾਨੂੰਨ ਵਾਪਸ ਕਰਵਾਉਣੇ ਪਏ। ਹੁਣ ਕੇਂਦਰ ਸਰਕਾਰ ਮੰਡੀ ਖਰੜੇ ਰਾਹੀਂ ਇਹੀ ਕਾਨੂੰਨ ਟੇਢੇ ਢੰਗ ਨਾਲ ਲਾਗੂ ਕਰਵਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਖਰੜੇ ਵਿੱਚ ਕਿਹਾ ਗਿਆ ਹੈ ਕਿ ਪ੍ਰਚੱਲਤ ਏਪੀਐੱਮਸੀ ਮੰਡੀਆਂ ਜ਼ਿਆਦਾਤਰ ਮੰਡੀ ਫੀਸ ਅਤੇ ਹੋਰ ਫੀਸਾਂ ਇਕੱਠੀਆਂ ਕਰਨ ਵਿੱਚ ਹੀ ਲੱਗੀਆਂ ਹੋਈਆਂ ਹਨ। ਖਰੜੇ ਦੇ 12 ਨੁਕਾਤੀ ਪ੍ਰੋਗਰਾਮ ਦਾ ਸਭ ਤੋਂ ਪਹਿਲਾਂ ਸੁਧਾਰ ਹੋਲਸੇਲ ਮੰਡੀਆਂ ਬਣਾਉਣ ਲਈ ਖੁੱਲ੍ਹ ਦੇਣਾ ਹੈ। ਇਸ ਮੰਡੀ ਖਰੜੇ ਤਹਿਤ ਪ੍ਰਾਸੈਸਿੰਗ, ਬਰਾਮਦ, ਸੰਗਠਿਤ ਪ੍ਰਚੂਨ ਵਿਕਰੇਤਾ ਅਤੇ ਥੋਕ ਖਰੀਦਦਾਰਾਂ ਨੂੰ ਸਿੱਧਾ ਖੇਤਾਂ ਵਿੱਚੋਂ ਹੀ ਖ਼ਰੀਦ ਕਰਨ ਦੀ ਮਨਜ਼ੂਰੀ ਦੀ ਗੱਲ ਕਹੀ ਗਈ ਹੈ; ਕਿਹਾ ਗਿਆ ਹੈ ਕਿ ਵੇਅਰ ਹਾਊਸ, ਸਾਈਲੋਜ਼, ਕੋਲਡ ਸਟੋਰਾਂ ਨੂੰ ਫੜ੍ਹ ਐਲਾਨਿਆ ਜਾਵੇ। ਇਸ ਤੋਂ ਇਲਾਵਾ ਰਾਜ ਵਿੱਚ ਇੱਕ ਵਾਰੀ ਹੀ ਮੰਡੀ ਫੀਸ ਲਈ ਜਾਵੇ ਅਤੇ ਟਰੇਡਿੰਗ ਲਈ ਸਿਰਫ ਇੱਕ ਹੀ ਲਾਇਸੈਂਸ ਨੂੰ ਰਾਜ ਦੀਆਂ ਸਾਰੀਆਂ ਮੰਡੀਆਂ ਲਈ ਪ੍ਰਵਾਨਗੀ ਹੋਵੇ।

ਇਉਂ ਇਸ ਖਰੜੇ ਰਾਹੀਂ ਜਿੱਥੇ ਬੜੀ ਚੁਸਤੀ ਨਾਲ ਕਿਸਾਨੀ ਫਾਇਦਿਆਂ ਦੇ ਪਰਦੇ ਹੇਠ ਦਿਓਕੱਦ ਤਾਕਤਾਂ ਦੇ ਨਫਿਆਂ ਲਈ ਰਾਹ ਮੋਕਲਾ ਕੀਤਾ ਜਾ ਰਿਹਾ ਹੈ ਉੱਥੇ ਏਪੀਐੱਮਸੀ ਦੇ ਮੁਕਾਬਲੇ ਪ੍ਰਾਈਵੇਟ ਮੰਡੀਆਂ ਦੇ ਪਸਾਰੇ ਦੀ ਵਕਾਲਤ ਕੀਤੀ ਗਈ ਹੈ। ਜ਼ਾਹਿਰ ਹੈ ਕਿ ਇਹ ਕੋਸਿ ?ਸ਼ ਕਿਸਾਨੀ ਨੂੰ ਨਿਹੱਥੇ ਅਤੇ ਬੇਵਸ ਕਰ ਕੇ ਕਿਸਾਨਾਂ ਨੂੰ ਦਿਓਕੱਦ ਵਪਾਰੀਆਂ ਦੇ ਰਹਿਮੋ-ਕਰਮ ਉੱਤੇ ਛੱਡਣਾ ਹੈ। ਏਪੀਐੱਮਸੀ ਵਿੱਚ ਭਾਵੇਂ ਕਿੰਨੀਆਂ ਹੀ ਖਾਮੀਆਂ ਹਨ, ਪ੍ਰਾਈਵੇਟ ਮੰਡੀਆਂ ਕਦੇ ਵੀ ਉਨ੍ਹਾਂ ਦਾ ਬਦਲ ਨਹੀਂ ਬਣ ਸਕਦੀਆਂ ਕਿਉਂਕਿ ਇਨ੍ਹਾਂ ਦਿਓਕੱਦ ਤਾਕਤਾਂ ਦੀ ਨਾ ਕੋਈ ਸਮਾਜਿਕ ਪ੍ਰਤੀਬੱਧਤਾ ਹੈ ਅਤੇ ਨਾ ਹੀ ਕੋਈ ਜਵਾਬਦੇਹੀ ਹੈ। ਪ੍ਰਾਈਵੇਟ ਮੰਡੀਆਂ ਦਾ ਵਿਹਾਰ ਹਿਮਾਚਲ ਪ੍ਰਦੇਸ਼ ਦੇ ਸੇਬ ਪੈਦਾ ਕਰ ਕੇ ਵੇਚਣ ਵਾਲੇ ਕਿਸਾਨ ਦੇਖ ਚੁੱਕੇ ਹਨ। ਪੰਜਾਬ ਵਿੱਚ 437 ਏਪੀਐੱਮਸੀ ਹਨ ਜਿਨ੍ਹਾਂ ਵਿੱਚ 152 ਮੁੱਖ ਅਤੇ 285 ਉਪ ਮੰਡੀਆਂ ਸ਼ਾਮਿਲ ਹਨ। ਪੰਜਾਬ ਵਿੱਚ ਲਗਭਗ 20232 ਆੜ੍ਹਤੀਏ ਹਨ ਜੋ ਖੇਤੀ ਵਿੱਚੋਂ 2407 ਕਰੋੜ ਰੁਪਏ ਦੀ ਸਾਲਾਨਾ ਕਮਾਈ ਕਰਦੇ ਹਨ। ਇਹ ਸਿਰਫ ਵਿਆਜ ਦਾ ਹੀ ਕੰਮ ਨਹੀਂ ਕਰਦੇ ਸਗੋਂ ਖੇਤੀ ਨਾਲ ਸਬੰਧਿਤ ਬੀਜ, ਖਾਦਾਂ, ਦਵਾਈਆਂ, ਤੇਲ, ਘਰੇਲੂ ਸਮਾਨ ਦੀਆਂ ਦੁਕਾਨਾਂ ਰਾਹੀਂ ਆਪਣੀ ਆਰਥਿਕ ਜਕੜ ਅਤੇ ਸਮਾਜਿਕ ਪਕੜ ਵੀ ਬਣਾਈ ਰੱਖਦੇ ਹਨ। ਅਨੇਕ ਦਿੱਕਤਾਂ ਦੇ ਬਾਵਜੂਦ ਇਨ੍ਹਾਂ ਦਾ ਕਿਸਾਨਾਂ ਨਾਲ ਲੈਣ-ਦੇਣ ਚੱਲਦਾ ਰਹਿੰਦਾ ਹੈ। ਅਜਿਹੇ ਪੇਚੀਦਾ ਇਤਿਹਾਸਕ ਰਿਸ਼ਤੇ ਨੂੰ ਕਦੇ ਵੀ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ।

ਇਸ ਖਰੜੇ ਰਾਹੀਂ ਇਸ ਪ੍ਰਚੱਲਤ ਮੰਡੀ ਪ੍ਰਣਾਲੀ ਦੇ ਬਦਲ ਵਜੋਂ ਕਾਰਪੋਰੇਟੀ ਨੀਤੀ ਦਾ ਮਸੌਦਾ ਤਿਆਰ ਕੀਤਾ ਗਿਆ ਹੈ ਜਿਹੜਾ ਬੇਰਹਿਮ ਮੁਕਾਬਲੇ ਅਤੇ ਮੁਨਾਫ਼ੇ 'ਤੇ ਆਧਾਰਿਤ ਹੈ ਅਤੇ ਇਸ ਵਿੱਚ ਮਨੁੱਖਤਾ, ਰਹਿਮ, ਸਮਾਜਿਕ ਜ਼ਿੰਮੇਵਾਰੀ ਜਾਂ ਜਵਾਬਦੇਹੀ ਲਈ ਕੋਈ ਥਾਂ ਨਹੀਂ। ਜਿਥੇ ਬਹੁਗਿਣਤੀ ਗਰੀਬ ਕਿਸਾਨਾਂ ਦੀ ਹੋਵੇ ਅਤੇ ਉਨ੍ਹਾਂ ਨੂੰ ਸਮੇਂ-ਸਮੇਂ ਜ਼ਰੂਰਤਾਂ ਦੀ ਪੂਰਤੀ ਲਈ ਮਦਦ ਲੈਣੀ ਪੈਂਦੀ ਹੋਵੇ, ਉੱਥੇ ਇਹ ਦਿਓਕੱਦ ਤਾਕਤਾਂ ਕਿੱਥੇ ਅਤੇ ਕਦੋਂ ਕੰਮ ਆਉਂਦੀਆਂ? ਇਉਂ ਪੇਂਡੂ ਸਮਾਜ ਦੀ ਬਣਤਰ, ਇਸ ਦੀਆਂ ਗੁੰਝਲਾਂ ਅਤੇ ਗੁੱਝੀਆਂ ਪੀੜਾਂ ਨੂੰ ਪਾਸੇ ਰੱਖਦਿਆਂ ਕੇਂਦਰ ਸਰਕਾਰ ਨੇ ਮੰਡੀ ਖਰੜੇ ਰਾਹੀਂ ਪੁਰਾਣੇ ਰੱਦ ਕਰਵਾਏ ਕਾਨੂੰਨ ਦੁਬਾਰਾ ਰਾਜ ਸਰਕਾਰਾਂ ਨੂੰ ਸੁਝਾਵਾਂ ਲਈ ਭੇਜੇ ਹਨ।

ਇਸ ਦੇ ਨਾਲ ਹੀ ਸਵਾਲ ਇਹ ਹੈ ਕਿ ਜੇ ਖੇਤੀਬਾੜੀ ਖੇਤਰ ਰਾਜਾਂ ਦੇ ਦਾਇਰੇ ਵਿੱਚ ਹੈ, ਫਿਰ ਕੇਂਦਰ ਸਰਕਾਰ ਨੂੰ ਅਜਿਹੇ ਖਰੜੇ ਭੇਜਣ ਦੀ ਕੀ ਜ਼ਰੂਰਤ ਹੈ? ਪੰਜਾਬ ਸਰਕਾਰ ਨੇ ਕਿਸਾਨਾਂ ਦੇ ਜ਼ਬਰਦਸਤ ਅੰਦੋਲਨ ਦੀ ਸਮਝ ਅਤੇ ਸਮਰੱਥਾ ਨੂੰ ਦੇਖਦੇ ਹੋਏ ਇਸ ਖਰੜੇ ਉੱਤੇ ਆਪਣੀ ਅਸਹਿਮਤੀ ਕੇਂਦਰ ਸਰਕਾਰ ਨੂੰ ਭੇਜ ਦਿੱਤੀ ਹੈ ਅਤੇ ਡਾ. ਸੁਖਪਾਲ ਸਿੰਘ ਦੀ ਅਗਵਾਈ ਵਿੱਚ ਬਦਲਵੀਂ ਖੇਤੀ ਨੀਤੀ ਦਾ ਖਰੜਾ ਤਿਆਰ ਕਰ ਲਿਆ ਹੈ ਪਰ ਹੈਰਾਨੀ ਵਾਲੀ ਗੱਲ ਹੈ ਕਿ ਪੰਜਾਬ ਸਰਕਾਰ ਨੇ ਵਿਧਾਨ ਸਭਾ ਵਿੱਚ ਕੇਂਦਰ ਸਰਕਾਰ ਦੇ ਭੇਜੇ ਖਰੜੇ ਉੱਤੇ ਚਰਚਾ ਕਰ ਕੇ ਪਤਾ ਨਹੀਂ ਇਸ ਨੂੰ ਰੱਦ ਕਿਉਂ ਨਹੀਂ ਕੀਤਾ। ਤਸਵੀਰ ਦਾ ਇੱਕ ਪਹਿਲੂ ਇਹ ਵੀ ਹੈ ਕਿ ਮੌਜੂਦਾ ਦੌਰ ਵਿੱਚ ਕੋਈ ਵੀ ਸਰਕਾਰ ਕਾਰਪੋਰੇਟ ਸੈਕਟਰ ਦੀ ਸ਼ਰੇਆਮ ਨਾਰਾਜ਼ਗੀ ਦਾ ਜੋਖ਼ਿਮ ਨਹੀਂ ਉਠਾਉਣਾ ਚਾਹੁੰਦੀ। ਇਸ ਸਭ ਕੁਝ ਦੇ ਬਾਵਜੂਦ ਪੰਜਾਬ ਸਰਕਾਰ ਨੂੰ ਆਪਣੀ ਜ਼ਿੰਮੇਵਾਰੀ ਸਮਝਦਿਆਂ ਪੇਂਡੂ ਅਵਾਮ ਦੀਆਂ ਆਸ਼ਾਵਾਂ ਦਾ ਖਿਆਲ ਜ਼ਰੂਰ ਰੱਖਣਾ ਚਾਹੀਦਾ ਹੈ।

# ਗ਼ੈਰ ਕਾਨੂੰਨੀ ਭਾਰਤੀਆਂ ਨੂੰ ਵਾਪਸ ਭੇਜਣਾ ਭਾਰਤ ਦਾ ਅਪਮਾਨ ਅਮਰੀਕਾ ਦਾ ਗੁਮਾਨ



ਉਜਾਗਰ ਸਿੰਘ
ਸਾਬਕਾ ਜਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072

ਅਮਰੀਕਾ ਨੇ 104 ਗ਼ੈਰ ਕਾਨੂੰਨੀ ਤੌਰ 'ਤੇ ਗਏ ਭਾਰਤੀਆਂ ਨੂੰ ਬੇਇੱਜ਼ਤ ਢੰਗ ਨਾਲ ਵਾਪਸ ਭੇਜ ਦਿੱਤਾ ਹੈ, 487 ਹੋਰ ਭਾਰਤੀਆਂ ਨੂੰ ਵਾਪਸ ਭੇਜਿਆ ਜਾ ਰਿਹਾ ਹੈ। ਇਸ ਦੌਰਾਨ ਭਾਰਤ ਦੇ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ 12 ਫਰਵਰੀ ਨੂੰ ਅਮਰੀਕਾ ਜਾ ਰਹੇ ਹਨ, ਉਨ੍ਹਾਂ ਨੂੰ ਆਪਣੇ ਦੋਸਤ ਡੋਨਾਲਡ ਟਰੰਪ ਨਾਲ ਹੱਥਕੜੀਆਂ ਅਤੇ ਬੇੜੀਆਂ ਪਹਿਨਾ ਕੇ ਵਾਪਸ ਭੇਜਣ ਤੋਂ ਰੋਕਣ ਲਈ ਗੱਲਬਾਤ ਕਰਨੀ ਚਾਹੀਦੀ ਹੈ। ਗ਼ੈਰ ਕਾਨੂੰਨੀ ਤੌਰ 'ਤੇ ਏਜੰਟਾਂ ਦੇ ਧੱਕੇ ਚੜ੍ਹਕੇ ਅਮਰੀਕਾ ਗਏ ਭਾਰਤੀਆਂ ਨੂੰ ਅਮਰੀਕਾ ਦਾ ਭਾਰਤ ਵਿੱਚ ਫ਼ੌਜ ਦੇ ਜ਼ਹਾਜ ਰਾਹੀਂ ਹੱਥਕੜੀਆਂ, ਲੱਕ ਅਤੇ ਪੈਰਾਂ ਵਿੱਚ ਬੇੜੀਆਂ ਬੰਨ੍ਹਕੇ ਵਾਪਸ ਭੇਜਣਾ, ਅੱਜ ਕਲ੍ਹ ਸਮੁੱਚੇ ਦੇਸ਼ ਵਿੱਚ ਚਰਚਾ ਦਾ ਵਿਸ਼ਾ ਬਣਿਆਂ ਹੋਇਆ ਹੈ। ਇਉਂ ਲੱਗ ਰਿਹਾ ਸੀ ਜਿਵੇਂ ਇਨ੍ਹਾਂ ਨੇ ਕੋਈ ਘੋਰ ਅਪ੍ਰਾਧ ਕੀਤਾ ਹੋਵੇ। ਪ੍ਰੰਤੂ ਅਸਲੀਅਤ ਇਹ ਨਹੀਂ ਸੀ। ਦੇਸ਼ ਦੀ ਜਨਤਾ ਭਾਰਤ ਦਾ ਅਪਮਾਨ ਹੋਇਆ ਮਹਿਸੂਸ ਕਰ ਰਹੀ ਹੈ। ਫ਼ੌਜ ਦੇ ਜ਼ਹਾਜ ਦੇਸ਼ ਦੀ ਸੁਰੱਖਿਆ ਲਈ ਫ਼ੌਜ ਵੱਲੋਂ ਵਰਤੇ ਜਾਂਦੇ ਹਨ। ਕਿਸੇ ਖਾਸ ਹਾਲਾਤ ਵਿੱਚ ਸੁਰੱਖਿਆ ਕਾਰਨਾ ਕਰਕੇ ਦੇਸ਼ ਦੇ ਸਰਵਉਚ ਵਿਅਕਤੀਆਂ ਲਈ ਵੀ ਵਰਤਿਆ ਜਾਂਦੇ ਹਨ। ਵੈਸੇ ਇਤਨੇ ਵੱਡੇ ਜ਼ਹਾਜਾਂ ਦੀ ਫ਼ੌਜ ਦਾ ਸਾਮਾਨ ਟੈਂਕਾਂ ਵਗੈਰਾ ਦੀ ਢੋਅ ਢੁਆਈ ਲਈ ਵਰਤੋਂ ਕੀਤੀ ਜਾਂਦੀ ਹੈ।

ਇਹ ਵੀ ਪਤਾ ਲੱਗਾ ਹੈ ਕਿ ਇਸ ਜ਼ਹਾਜ ਵਿੱਚ ਸੀਟਾਂ ਨਹੀਂ ਸਨ, ਭਾਰਤੀਆਂ ਨੂੰ ਫਰਸ਼ 'ਤੇ ਬਿਠਾਇਆ ਗਿਆ ਸੀ, ਜੇ ਇਹ ਸੱਚ ਹੈ ਤਾਂ ਬਹੁਤ ਮਾੜੀ ਗੱਲ ਹੈ। ਹੱਥਾਂ ਵਿੱਚ ਹੱਥਕੜੀਆਂ, ਲੱਕਾਂ ਅਤੇ ਪੈਰਾਂ ਵਿੱਚ ਬੇੜੀਆਂ ਲੱਗੀਆਂ ਹੋਈਆਂ ਸਨ। ਵਾਸ਼ਰੂਮ ਜਾਣ ਸਮੇਂ ਵੀ ਇਹ ਖੋਲ੍ਹੀਆਂ ਨਹੀਂ ਜਾਂਦੀਆਂ ਸਨ, ਅਜਿਹੇ ਹਾਲਾਤ ਵਿੱਚ ਵਾਸ਼ ਰੂਮ ਜਾਣ ਲਈ ਵੀ ਸਮੱਸਿਆ ਪੈਦਾ ਹੁੰਦੀ ਰਹੀ ਹੈ। 40 ਘੰਟੇ ਦਾ ਸਫਰ ਬਹੁਤ ਹੀ ਬੇਇੰਤਜ਼ਾਮੀ ਵਾਲਾ ਤੇ ਅਣਮਨੁੱਖੀ ਰਿਹਾ, ਇੱਕ ਦੂਜੇ ਨਾਲ ਗੱਲ ਕਰਨ ਅਤੇ ਫਿਰਨ ਤੁਰਨ ਦੀ ਮਨਾਹੀ ਸੀ। ਭਾਰਤੀਆਂ ਵਿੱਚ 72 ਮਰਦ, 19 ਇਸਤਰੀਆਂ ਅਤੇ 13 ਬੱਚੇ ਸ਼ਾਮਲ ਸਨ। ਵੈਸੇ ਅਮਰੀਕਾ ਦਾ ਕਾਨੂੰਨ ਅਮਰੀਕਾ ਵਿੱਚ ਪਹੁੰਚੇ ਵਿਅਕਤੀ ਨੂੰ ਇਸ ਪ੍ਰਕਾਰ ਵਾਪਸ ਭੇਜਣ ਦੀ ਇਜ਼ਾਜ਼ਤ ਨਹੀਂ ਦਿੰਦਾ। ਜਿਹੜਾ ਵੀ ਵਿਅਕਤੀ ਇੱਕ ਵਾਰ ਅਮਰੀਕਾ ਵਿੱਚ ਪਹੁੰਚ ਜਾਂਦਾ, ਉਸਨੂੰ ਉਤਨੀ ਦੇਰ ਗ੍ਰਿਫ਼ਤਾਰ ਨਹੀਂ ਕੀਤਾ ਜਾ ਸਕਦਾ, ਜਿਤਨੀ ਦੇਰ ਉਹ ਕੋਈ ਕਰਾਈਮ ਨਹੀਂ ਕਰਦਾ। ਇਨ੍ਹਾਂ ਭਾਰਤੀਆਂ ਨੂੰ ਤਾਂ ਉਥੇ ਗਇਆਂ ਨੂੰ ਅਜੇ ਬਹੁਤ ਥੋੜ੍ਹਾ ਸਮਾਂ ਹੋਇਆ ਸੀ। ਅਮਰੀਕਾ ਦੇ ਕਾਨੂੰਨ ਅਨੁਸਾਰ ਇਨ੍ਹਾਂ ਨੂੰ ਕਚਹਿਰੀ ਵਿੱਚ ਆਪਣੇ ਕੇਸ ਕਰਨ ਦੀ ਇਜ਼ਾਜ਼ਤ ਹੁੰਦੀ ਹੈ। ਇਹ ਲੋਕਾਂ ਨੇ ਅਜੇ ਅਪਲਾਈ ਕਰਨਾ ਸੀ ਪ੍ਰੰਤੂ ਇਨ੍ਹਾਂ ਨੂੰ ਅਪਲਾਈ ਕਰਨ ਹੀ ਨਹੀਂ ਦਿੱਤਾ ਗਿਆ। ਕਿਹਾ ਜਾਂਦਾ ਹੈ ਕਿ ਇਹ ਸਾਰਾ ਕੁਝ ਟਰੰਪ ਦੇ ਜ਼ੁਬਾਨੀ ਕਲਾਮੀ ਹੁਕਮਾ ਨਾਲ ਚਲਦਾ ਹੈ। ਵਾਪਸ ਤਾਂ ਉਹ ਭੇਜ ਸਕਦੇ ਹਨ ਪ੍ਰੰਤੂ ਕਚਹਿਰੀ ਵਿੱਚ ਕੇਸ ਖ਼ਾਰਜ ਹੋਣ ਤੋਂ ਬਾਅਦ। ਸਿਆਸੀ ਪਾਰਟੀਆਂ ਅਜਿਹੇ ਨਾਜ਼ੁਕ ਤੇ ਸੰਵੇਦਨਸ਼ੀਲ ਮੁੱਦੇ 'ਤੇ ਆਪਣੀਆਂ ਸਿਆਸੀ ਰੋਟੀਆਂ ਸੇਕਣ ਵਿੱਚ ਪਿੱਛੇ ਨਹੀਂ ਹੱਟ ਰਹੀਆਂ, ਸਗੋਂ ਉਨ੍ਹਾਂ ਲਈ ਨਰਿੰਦਰ ਮੋਦੀ ਦੀ ਸਰਕਾਰ ਨੂੰ ਘੇਰਨ ਲਈ ਜਿਵੇਂ ਸੁੰਢ ਦੀ ਗੱਠੀ ਦੀ ਕਹਾਵਤ ਦੀ ਤਰ੍ਹਾਂ ਨਵਾਂ ਮੁੱਦਾ ਮੁੱਦਤ ਬਾਅਦ ਲੱਭਿਆ ਹੋਵੇ। ਵੈਸੇ ਉਨ੍ਹਾਂ ਦਾ ਵਿਰੋਧ ਕਰਨਾ ਜ਼ਾਇਜ ਵੀ ਲੱਗਦਾ ਹੈ ਕਿਉਂਕਿ ਦੇਸ਼ ਦੇ ਨਾਗਰਿਕਾਂ ਦੇ ਮਾਨ ਸਨਮਾਨ ਦਾ ਮੁੱਦਾ ਹੈ। ਭਾਰਤ ਦੇ ਸਵੈਮਾਨ ਨੂੰ ਆਂਚ ਆਈ ਹੈ। ਭਾਰਤ ਸਰਕਾਰ ਨੂੰ ਵੀ ਸੰਜੀਦਗੀ ਨਾਲ ਸੋਚਣਾ ਚਾਹੀਦਾ ਹੈ ਕਿ ਭਾਰਤੀਆਂ ਨਾਲ ਅਜਿਹਾ ਵਿਵਹਾਰ ਕਿਉਂ ਹੋਇਆ? ਜਦੋਂ ਕਿ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਭਾਰਤ ਦੇ ਪ੍ਰਧਾਨ ਮੰਤਰੀ ਦੋਵੇਂ ਇੱਕ ਦੂਜੇ ਨੂੰ ਆਪਣੇ ਮਿੱਤਰ ਕਹਿੰਦੇ ਹਨ। ਇਥੋਂ ਤੱਕ ਕਿ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਸ਼੍ਰੀ ਨਰਿੰਦਰ ਮੋਦੀ ਦੇ ਸੱਦੇ ਤੇ ਇੱਕ ਕਿਸਮ ਨਾਲ ਭਾਰਤ ਚੋਣ ਪ੍ਰਚਾਰ ਲਈ ਵੀ ਆਏ ਸਨ। ਇਸੇ ਤਰ੍ਹਾਂ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਵੀ ਅਮਰੀਕਾ ਵਿੱਚ ਡੋਨਾਲਡ ਟਰੰਪ ਦੀ ਚੋਣ ਸਮੇਂ ਮਦਦ ਕਰਨ ਲਈ ਅਮਰੀਕਾ ਵਿੱਚ ਭਾਰਤੀਆਂ ਦੇ ਇੱਕ ਜਲਸੇ ਨੂੰ ਸੰਬੋਧਨ ਕਰਕੇ ਆਏ ਸਨ, ਜਿਥੇ ਦੋਹਾਂ ਨੇਤਾਵਾਂ ਨੇ ਦੋਸਤੀ ਦੇ ਦਮਗਜ਼ੇ ਮਾਰੇ ਸੀ। ਇਹ ਵੀ ਸਹੀ ਗੱਲ ਹੈ ਕਿ ਕਿਸੇ ਵੀ ਦੇਸ਼ ਵਿੱਚ ਗ਼ੈਰ ਕਾਨੂੰਨੀ ਢੰਗ ਨਾਲ ਉਥੇ ਪਹੁੰਚਣਾ ਜ਼ਾਇਜ਼ ਨਹੀਂ ਠਹਿਰਾਇਆ ਜਾ ਸਕਦਾ। ਉਸ ਦੇਸ਼ ਦਾ ਸੰਵਿਧਾਨ ਹੁੰਦਾ ਹੈ, ਉਸ ਅਨੁਸਾਰ ਉਹ ਗ਼ੈਰ ਕਾਨੂੰਨੀ ਲੋਕਾਂ ਨੂੰ ਦੇਸ਼ ਨਿਕਾਲਾ ਦੇ ਸਕਦਾ ਹੈ, ਪ੍ਰੰਤੂ ਵਾਪਸ ਭੇਜਣ ਲਈ ਉਨ੍ਹਾਂ ਦੇ ਮਨੁੱਖੀ ਹੱਕਾਂ ਦੀ ਰਾਖੀ ਕਰਨੀ ਜ਼ਰੂਰੀ ਹੁੰਦੀ ਹੈ। ਖਾਸ ਤੌਰ 'ਤੇ ਅਮਰੀਕਾ ਵਰਗੇ ਦੇਸ਼ ਲਈ ਜਿਹੜਾ ਮਨੁੱਖੀ ਅਧਿਕਾਰਾਂ ਦਾ ਆਪਣੇ ਆਪ ਨੂੰ ਰਖਵਾਲਾ ਸਮਝਦਾ ਹੋਇਆ, ਦੁਨੀਆਂ ਦੇ ਹੋਰ ਦੇਸ਼ਾਂ ਵਿੱਚ ਜੇਕਰ ਮਨੁੱਖੀ ਹੱਕਾਂ ਦੀ ਉਲੰਘਣਾ ਹੁੰਦੀ ਹੈ ਤਾਂ ਤੁਰੰਤ ਦਖ਼ਲ ਦਿੰਦਾ ਰਹਿੰਦਾ ਹੈ। ਉਸ ਵੱਲੋਂ ਭਾਰਤੀਆਂ ਨੂੰ ਵਾਪਸ ਭੇਜਣ ਮੌਕੇ ਕੀਤਾ ਗਿਆ ਅਣਉਚਿਤ ਵਿਵਹਾਰ ਨਿੰਦਣਯੋਗ ਹੈ। ਅਮਰੀਕਾ ਦੇ ਭਾਰਤੀਆਂ ਨਾਲ ਕੀਤੇ ਗਏ ਵਿਵਹਾਰ ਦੇ ਸਿੱਟੇ ਵਜੋਂ ਸਮੁੱਚੇ ਭਾਰਤ ਵਿੱਚ ਰੋਸ ਦੀ ਲਹਿਰ ਦੌੜ ਗਈ ਹੈ। ਅਮਰੀਕਾ ਨੇ ਭਾਰਤੀਆਂ ਨੂੰ ਵਾਪਸ ਭੇਜਣ ਤੋਂ ਪਹਿਲਾਂ ਭਾਰਤ ਨਾਲ ਤਾਲ ਮੇਲ ਕੀਤਾ ਸੀ, ਕਿਉਂਕਿ ਕੁਝ ਦਿਨ ਪਹਿਲਾਂ ਭਾਰਤ ਦੇ ਵਿਦੇਸ਼ ਮੰਤਰੀ ਸ਼੍ਰੀ ਜੈ ਸ਼ੰਕਰ ਅਮਰੀਕਾ ਦੇ ਦੌਰੇ 'ਤੇ ਗਏ ਸਨ ਤੇ ਉਨ੍ਹਾਂ ਦਾ ਬਿਆਨ ਆਇਆ ਸੀ ਕਿ ਉਹ ਗ਼ੈਰ ਕਾਨੂੰਨੀ ਭਾਰਤੀਆਂ ਨੂੰ ਵਾਪਸ ਲੈਣ ਲਈ ਤਿਆਰ ਹਨ। ਉਸ ਮੌਕੇ ਵਿਦੇਸ਼ ਮੰਤਰੀ ਨੂੰ ਅਮਰੀਕਾ ਨੂੰ ਕਹਿਣਾ ਚਾਹੀਦਾ ਸੀ ਕਿ ਉਹ ਖ਼ੁਦ ਗ਼ੈਰ ਕਾਨੂੰਨੀ ਭਾਰਤੀਆਂ ਨੂੰ ਆਪਣੇ ਜ਼ਹਾਜ ਵਿੱਚ ਸਤਿਕਾਰ ਸਹਿਤ ਵਾਪਸ ਲੈ ਜਾਣਗੇ। ਹੁਣ ਸ਼੍ਰੀ ਜੈ ਸੰਕਰ ਵਿਦੇਸ਼ ਮੰਤਰੀ ਜੀ ਦਾ ਇਹ ਕਹਿਣਾ ਕਿ ਭਾਰਤੀ ਸਾਡੇ ਸਨਮਾਨਯੋਗ ਨਾਗਰਿਕ ਹਨ, ਇਤਨੇ ਨਿਰਾਦਰ ਤੋਂ ਬਾਅਦ ਇੰਜ ਕਹਿਣ ਦਾ ਕੋਈ ਮਤਲਬ ਨਹੀਂ ਰਹਿ ਜਾਂਦਾ। ਅਜੇ ਤਾਂ ਅਮਰੀਕਾ ਦੀ ਸਰਕਾਰ ਵੱਲੋਂ 20407 ਗ਼ੈਰ ਕਾਨੂੰਨੀ ਭਾਰਤੀਆਂ ਦੀ ਕੀਤੀ ਪਛਾਣ ਵਿੱਚੋਂ 104 ਨੂੰ ਵਾਪਸ ਭੇਜ ਕੇ ਇੱਕ ਪੂਣੀ ਹੀ ਕੱਤੀ ਹੈ। ਬਾਕੀਆਂ ਦੀ ਵਾਪਸੀ ਸਮੇਂ ਕੇਂਦਰ ਸਰਕਾਰ ਨੂੰ ਆਪਣਾ ਜਹਾਜ ਭੇਜਣਾ ਚਾਹੀਦਾ ਹੈ। ਸ਼੍ਰੀ ਜੈ ਸ਼ੰਕਰ ਬਿਓਰੋਕਰੇਟ ਤੋਂ ਬਣਿਆਂ ਸਿਆਸਤਦਾਨ ਹੈ, ਇਹੋ ਸ਼ੁਰੂ ਤੋਂ ਸਿਆਸਤ ਵਿੱਚ ਆਏ ਸਿਆਸਤਦਾਨ ਦਾ ਅੰਤਰ ਹੁੰਦਾ ਹੈ, ਬਿਓਰੋਕਰੇਟ ਸਿਰਫ ਉਸ ਦੇਸ਼ ਦੇ ਕਾਨੂੰਨਾ ਨੂੰ ਵੇਖਦਾ ਹੈ, ਆਪਣੇ ਦੇਸ਼ ਦੇ ਨਾਗਰਿਕਾਂ ਬਾਰੇ ਸੋਚਦਾ ਹੀ ਨਹੀਂ। ਇਹ ਹੋ ਸਕਦਾ ਜੇਕਰ ਕੋਈ ਸਿਆਸਤਦਾਨ ਵਿਦੇਸ਼ ਮੰਤਰੀ ਹੁੰਦਾ ਤਾਂ ਉਹ ਜ਼ਰੂਰ ਆਪਣੀਆਂ ਵੋਟਾਂ ਅਤੇ ਦੇਸ਼ ਦੇ ਨਾਗਰਿਕਾਂ ਦੇ ਹਿੱਤਾਂ ਦਾ ਧਿਆਨ ਰੱਖਦਾ। ਭਾਰਤ ਦੇ ਵਿਦੇਸ਼ ਮੰਤਰੀ ਕਹਿੰਦੇ ਹਨ ਕਿ 2012 ਤੋਂ ਵਾਪਸ ਭੇਜਣ ਦਾ ਕੰਮ ਅਮਰੀਕਾ ਕਰ ਰਿਹਾ ਹੈ, ਇਹ ਕੋਈ ਨਵਾਂ ਤੇ ਪਹਿਲੀ ਵਾਰ ਹੋਇਆ ਕੰਮ ਨਹੀਂ ਪ੍ਰੰਤੂ ਉਨ੍ਹਾਂ ਨੂੰ ਇਹ ਵੀ ਵੇਖਣਾ ਚਾਹੀਦਾ ਹੈ ਕਿ ਪਹਿਲਾਂ ਜਿਹੜੇ ਭਾਰਤੀਆਂ ਨੂੰ ਭੇਜਿਆ ਗਿਆ ਹੈ, ਉਨ੍ਹਾਂ ਨੂੰ ਕਦੀਂ ਵੀ ਇਸ ਪ੍ਰਕਾਰ ਜ਼ੰਜੀਰਾਂ ਨਾਲ ਜਕੜਕੇ ਦੁਰਵਿਵਹਾਰ ਨਾਲ ਨਹੀਂ ਭੇਜਿਆ ਗਿਆ। ਭਾਰਤੀਆਂ ਨਾਲ ਇਤਨੀ ਜ਼ਬਰਦਸਤੀ, ਬਦਸਲੂਕੀ, ਅਤੇ ਬੇਇਜ਼ਤੀ ਕਦੀਂ ਵੀ ਨਹੀਂ ਹੋਈ। ਅਮਰੀਕਾ ਸੰਸਾਰ ਦੇ ਹੋਰ ਦੇਸ਼ਾਂ ਦੇ ਗ਼ੈਰਕਾਨੂੰਨੀ ਨਾਗਰਿਕਾਂ ਨੂੰ ਵੀ ਵਾਪਸ ਭੇਜ ਰਹੀ ਹੈ। ਅਖ਼ਬਾਰਾਂ ਦੀਆਂ ਖ਼ਬਰਾਂ ਅਨੁਸਾਰ ਇੱਕ ਕੋਲੰਬੀਆ ਦੇਸ਼ ਨੇ ਅਮਰੀਕਾ ਦੇ ਜਹਾਜ ਨੂੰ ਉਤਾਰਨ ਤੋਂ ਇਨਕਾਰ ਕਰ ਦਿੱਤਾ ਤੇ ਕਿਹਾ ਕਿ ਉਹ ਆਪਣੇ ਜਹਾਜ ਵਿੱਚ ਮਾਨ ਸਨਮਾਨ ਨਾਲ ਲੈਕ ਆਏ ਹਨ, ਫਿਰ ਭਾਰਤ ਅਜਿਹਾ ਕਿਉਂ ਨਹੀਂ ਕਰ ਸਕਿਆ?

ਭਾਰਤ ਨੂੰ ਪਰਵਾਸ ਵਿੱਚ ਗ਼ੈਰ ਕਾਨੂੰਨੀ ਪਰਵਾਸ ਕਰਨ ਵਾਲੇ ਨੌਜਵਾਨਾ ਬਾਰੇ ਸੰਜੀਦਗੀ ਨਾਲ ਸੋਚਣਾ ਪਵੇਗਾ ਕਿ ਇਹ ਪਰਵਾਸ ਕਿਉਂ ਹੋ ਰਿਹਾ ਹੈ? ਪਰਵਾਸ ਵਿੱਚ ਵਹੀਰਾਂ ਘੱਤ ਕੇ ਜਾਣ ਦੇ ਬਹੁਤ ਸਾਰੇ ਕਾਰਨ ਹਨ। ਗ਼ੈਰ ਕਾਨੂੰਨੀ ਪਰਵਾਸ ਪੰਜਾਬੀਆਂ ਵੱਲੋਂ ਗ਼ਦਰੀ ਬਾਬਿਆਂ ਦੇ ਸਮੇਂ ਤੋਂ ਹੋ ਰਿਹਾ ਹੈ। ਉਦੋਂ ਵੀ ਬਹੁਤ ਸਾਰੇ ਗ਼ਦਰੀ ਅਤੇ ਭਾਰਤ ਦੇ ਹੋਰ ਹਿੱਸਿਆਂ ਤੋਂ ਆਜ਼ਾਦੀ ਦੇ ਪ੍ਰਵਾਨੇ ਗਏ ਸਨ। ਉਦੋਂ ਉਨ੍ਹਾਂ ਦੀਆਂ ਸਿਆਸੀ ਮਜ਼ਬੂਰੀਆਂ ਹੋਣਗੀਆਂ ਪ੍ਰੰਤੂ ਵਰਤਮਾਨ ਪਰਵਾਸ ਦੇ ਮੁੱਖ ਕਾਰਨਾ ਪਿੱਛੇ ਬੇਰੋਜ਼ਗਾਰੀ, ਮਹਿੰਗਾਈ, ਕਿਸਾਨਾ ਦਾ ਕਰਜ਼ਈ ਹੋਣਾ। ਭਾਰਤ ਦੀ ਪ੍ਰਸ਼ਾਸ਼ਨਿਕ ਪ੍ਰਣਾਲੀ, ਏਜੰਟਾਂ ਵੱਲੋਂ ਵਿਖਾਏ ਗਏ ਸੁਨਹਿਰੀ ਸਬਜ਼ਬਾਗ ਅਤੇ ਭੇਡ ਚਾਲ ਸ਼ਾਮਲ ਹਨ। ਭਾਰਤ ਨੂੰ ਆਪਣੀ ਕੰਮਕਾਜੀ ਪ੍ਰਣਾਲੀ ਬਦਲਣੀ ਪਵੇਗੀ ਕਿਉਂਕਿ ਨੌਜਵਾਨ ਸਾਡੀ ਪ੍ਰਣਾਲੀ ਤੋਂ ਬਹੁਤ ਦੁੱਖੀ ਹਨ। ਹਰ ਨਿੱਕੀ ਤੋਂ ਨਿੱਕੀ ਗੱਲ ਵਿੱਚ ਸਿਆਸਤਦਾਨ ਦਖ਼ਲਅੰਦਾਜ਼ੀ ਕਰਦੇ ਹਨ। ਬਿਓਰੋਕਰੇਸੀ ਨੂੰ ਵੀ ਆਪਣੀ ਕਾਰਜਪ੍ਰਣਾਲੀ ਵਿੱਚ ਸੋਧ ਕਰਨੀ ਚਾਹੀਦੀ ਹੈ। ਬਿਊਰੋਕਰੇਸੀ ਤੇ ਸਿਆਸਤਦਾਨਾ ਦੀ ਮਿਲਭੁਗਤ ਕਰਕੇ ਜਦੋਂ ਲੋਕਾਂ ਨੂੰ ਇਨਸਾਫ਼ ਨਹੀਂ ਮਿਲਦਾ, ਫਿਰ ਉਨ੍ਹਾਂ ਵਿੱਚ ਅਸੰਤੁਸ਼ਟੀ ਵੱਧਦੀ ਹੈ। ਜੇਕਰ ਰਾਜਾਂ ਅਤੇ ਕੇਂਦਰ ਦੀਆਂ ਸਰਕਾਰਾਂ ਸਿਰਫ਼ ਵੋਟਾਂ ਪ੍ਰਾਪਤ ਕਰਨ ਦੀ ਥਾਂ ਆਪਣੇ ਨਾਗਰਿਕਾਂ ਦੇ ਹਿੱਤਾਂ ਨੂੰ ਮੁੱਖ ਰੱਖਕੇ ਯੋਜਨਾਵਾਂ ਬਣਾਉਂਦੀਆਂ ਤਾਂ ਅੱਜ ਸਾਨੂੰ ਇਹ ਹਾਲਾਤ ਵੇਖਣੇ ਨਾ ਪੈਂਦੇ। ਸਰਕਾਰੀ ਨੌਕਰੀਆਂ ਖ਼ਤਮ ਕੀਤੀਆਂ ਜਾ ਰਹੀਆਂ ਹਨ, ਆਊਟ ਸੋਰਸਿੰਗ ਰਾਹੀਂ ਭਰਤੀ ਕੀਤੀ ਜਾ ਰਹੀ ਹੈ, ਬੰਨ੍ਹਵੀ ਤਨਖ਼ਾਹ ਬਹੁਤ ਘੱਟ ਦਿੱਤੀ ਜਾ ਰਹੀ ਹੈ, ਜਿਸ ਨਾਲ ਗੁਜ਼ਾਰਾ ਨਹੀਂ ਹੋ ਰਿਹਾ।

ਪੰਜਾਬ ਦੀ ਨੌਜਵਾਨੀ ਆਪਣੇ ਪਿਤਾ ਪੁਰਖੀ ਕੰਮ ਛੱਡਕੇ ਵਾਈਟ ਕਾਲਰ ਨੌਕਰੀਆਂ ਭਾਲਦੇ ਹਨ। ਇਸ ਲਈ ਨੌਜਵਾਨਾਂ ਦੇ ਮਾਪੇ ਵੀ ਜ਼ਿੰਮੇਵਾਰ ਹਨ, ਜਿਹੜੇ ਆਪਣੀ ਔਲਾਦ ਨੂੰ ਸਹੀ ਮਾਰਗ ਦਰਸ਼ਨ ਨਹੀਂ ਕਰ ਰਹੇ। ਪੰਜਾਬ ਵਿੱਚ ਰੋਜ਼ਗਾਰ ਦੀ ਘਾਟ ਨਹੀਂ ਹੋਰਾਂ ਸੂਬਿਆਂ ਲੱਖਾਂ ਲੋਕ ਇੱਥੇ ਆ ਕੇ ਕੰਮ ਕਰ ਰਹੇ ਹਨ। ਪੰਜਾਬੀ ਗ਼ੈਰਕਾਨੂੰਨੀ ਢੰਗ ਨਾਲ ਵਿਦੇਸ਼ ਭੱਜੇ ਜਾ ਰਹੇ ਹਨ। ਸਾਡੀ ਵਿਦਿਅਕ ਪ੍ਰਣਾਲੀ ਵੀ ਰੋਜ਼ਗਾਰ ਮੁੱਖੀ ਨਹੀਂ ਹੈ, ਇਸ ਪਾਸੇ ਵੀ ਸੁਧਾਰਾਂ ਦੀ ਲੋੜ ਹੈ। ਪ੍ਰੰਤੂ ਦੁੱਖ ਦੀ ਗੱਲ ਹੈ ਕਿ ਸਰਕਾਰਾਂ ਜਿਹੜੀ ਵੀ ਨਵੀਂ ਯੋਜਨਾ ਬਣਾਉਂਦੇ ਹਨ, ਉਹ ਵੋਟਾਂ ਨੂੰ ਮੁੱਖ ਰੱਖਕੇ ਬਣਾਉਂਦੇ ਹਨ। ਭਾਰਤ ਦੇ ਵਿਦੇਸ਼ ਮੰਤਰੀ ਸ਼੍ਰੀ ਜੈ ਸ਼ੰਕਰ ਨੇ ਲੋਕ ਸਭਾ ਵਿੱਚ ਕਿਹਾ ਹੈ ਕਿ ਸਰਕਾਰ ਏਜੰਟਾਂ ਦੀ ਪੜਤਾਲ ਕਰਵਾਏਗੀ। ਇਹ ਬਹੁਤ ਚੰਗੀ ਗੱਲ ਹੈ, ਏਜੰਟਾਂ 'ਤੇ ਸਰਕਾਰ ਨੂੰ ਸ਼ਿਕੰਜਾ ਕਸਣਾ ਚਾਹੀਦਾ ਹੈ। ਇਸ ਤੋਂ ਪਹਿਲਾਂ ਵੀ ਰਾਜਾਂ ਵਿੱਚ ਏਜੰਟਾਂ ਦੀਆਂ ਸ਼ਿਕਾਇਤਾਂ ਆਉਂਦੀਆਂ ਰਹੀਆਂ ਹਨ। ਪਹਿਲਾਂ ਵੀ ਬਹੁਤ ਸਾਰੇ ਲੋਕਾਂ ਨਾਲ ਏਜੰਟਾਂ ਨੇ ਧੋਖੇ ਕੀਤੇ ਹਨ, ਉਸ ਸਮੇਂ ਰਾਜ ਸਰਕਾਰਾਂ ਨੇ ਜੇਕਰ ਏਜੰਟਾਂ ਨੂੰ ਪਕੜਕੇ ਸਜ਼ਾਵਾਂ ਦਿਵਾਈਆਂ ਹੁੰਦੀਆਂ ਤਾਂ ਹੁਣ ਤੱਕ ਅਜਿਹੇ ਕਾਰਜ ਬੰਦ ਹੋ ਜਾਂਦੇ। ਗੱਲ ਸਰਕਾਰਾਂ ਦੀ ਪ੍ਰਸ਼ਾਸ਼ਨਿਕ ਪ੍ਰਣਾਲੀ ਹੀ ਆ ਜਾਂਦੀ ਹੈ। ਰਾਜ ਅਤੇ ਕੇਂਦਰ ਸਰਕਾਰ ਨੂੰ ਏਜੰਟਾਂ ਬਾਰੇ ਸਾਰਾ ਕੁਝ ਪਤਾ ਹੈ ਪ੍ਰੰਤੂ ਇਹ ਹੀ ਏਜੰਟ ਸਿਆਸਤਦਾਨਾਂ ਨੂੰ ਚੋਣਾਂ ਸਮੇਂ ਚੋਣ ਫ਼ੰਡ ਦੇ ਦਿੰਦੇ ਸਨ ਤੇ ਸਰਕਾਰਾਂ ਨੂੰ ਸਿਆਸਤਦਾਨ ਚਲਾਉਂਦੇ ਹਨ। ਫਿਰ ਉਨ੍ਹਾਂ ਤੋਂ ਇਨਸਾਫ਼ ਦੀ ਉਮੀਦ ਕਿਵੇਂ ਕੀਤੀ ਜਾ ਸਕਦੀ ਹੈ? ਅਜੇ ਵੀ ਡੁਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ ਕੇਂਦਰ ਅਤੇ ਰਾਜ ਸਰਕਾਰਾਂ ਨੂੰ ਮਿਲਕੇ ਕੋਈ ਯੋਜਨਾ ਬਣਾਉਣੀ ਚਾਹੀਦੀ ਹੈ ਤਾਂ ਜੋ ਗ਼ੈਰਕਾਨੂੰਨੀ ਪਰਵਾਸ ਨੂੰ ਰੋਕਿਆ ਜਾ ਸਕੇ। ਇੱਕ ਗੱਲ ਚੰਗੀ ਹੋਣ ਦੀ ਉਮੀਦ ਹੈ ਕਿ ਇਸ ਘਟਨਾ ਤੋਂ ਬਾਅਦ ਸ਼ਾਇਦ ਭਾਰਤੀ ਪਰਵਾਰ ਵਿੱਚ ਗ਼ੈਰਕਾਨੂੰਨੀ ਜਾਣਾ ਬੰਦ ਕਰ ਦੇਣ। ਇਹ ਵੀ ਸਮਝ ਨਹੀਂ ਆਉਂਦੀ ਕਿ ਡੋਨਾਲਡ ਟਰੰਪ ਭਾਰਤ ਨੂੰ ਕੀ ਸੰਦੇਸ਼ ਦੇਣਾ ਚਾਹੁੰਦਾ ਹੈ।

ਪੰਜਾਬੀ ਅਖ਼ਬਾਰ ਵਿੱਚ ਖ਼ਬਰਾਂ,ਇਸਤਿਹਾਰ, ਬਿਜਨਿਸ ਦੀ ਐਡਵਰਟਾਈਜ਼ਮੈਂਟ, ਵਿਆਹ ਸਬੰਧੀ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰ ਸਕਦੇ ਹੋ।



Edmonton
Sukhdev Singh Dhanoa
780 700 5022,
780 599 2000
Email:
sukhdevdhanoa@gmail.com



Edmonton
Parminder Singh Balluana
+1 (204) 930-3030
780 599 2000
Email:
balluana.parminder@gmail.com



Regina
Gurbinder Singh Gagowal
306 520 4313,
639 999 1000
Email:
gur.gago@gmail.com



Saskatoon
Rishi Joshi
639 742 1200
639 999 1000
Rishijoshi1990 @hotmail.com



Winnipeg
Amritpal Singh Kang
204 218 3852
431 733 3000
just4kang@gmail.com

ਮੁੱਖ ਦਫਤਰ ਕੈਲਗਰੀ 208 #10 -4774 Westwinds Drive NE Calgary (AB) T3J 0L7 Canada: 1 403 640 2000, editor@punjabiakhbaar.ca

# ਤੁਰ ਗਿਆ ਘੋੜੀ ਆਲਾ ਬਾਪੂ ਗੁਰਨਾਮ ਸਿੰਘ ਰਾਮੂੰਵਾਲੀਆ



ਉਹਦਾ ਵੱਡਾ ਰੁਤਬੇਦਾਰ ਕੱਦ, ਰੰਗ ਗੋਰਾ,ਮੋਟੇ ਮੋਟੇ ਨੈਣ ਨਕਸ਼,ਦੰਦਬੀੜ ਕੋਲ ਹਮੇਸ਼ਾ ਈ ਮਿਲਣਵਾਲੇ ਲਈ ਜੀ ਆਇਆਂ ਨੂੰ ਕਹਿਣ ਵਰਗੀ ਦਿੱਖ, ਇਹ ਬਾਹਰੀ ਦਿੱਖ ਸੀ ਬਾਪੂ ਗੁਰਨਾਮ ਸਿੰਘ ਰਾਮੂੰਵਾਲੀਆ ਦੀ ਜਿਹਨੂੰ ਨਵਾਂ ਰਾਮੂੰਵਾਲਾ ਦੇ ਵਾਸੀ ਘੋੜੀ ਆਲੇ ਗੁਰਨਾਮ ਸਿਓਂ ਦੇ ਨਾਂ ਨਾਲ ਵੀ ਜਾਣਦੇ ਸਨ। ਧੀਆਂ ਦੇ ਕਨੇਡਾ ਪਰਵਾਸ ਉਪਰੰਤ ਬਾਪੂ ਗੁਰਨਾਮ ਸਿੰਘ ਵੀ ਆਪਣੇ ਇਕਲੌਤੇ ਬੇਟੇ ਬੇਅੰਤ ਗਿੱਲ ਜਿਸ ਨੂੰ ਅਸੀਂ ਰਾਜਾ ਕਹਿਕੇ ਵੀ ਬੁਲਾਂਉਂਦੇ ਹਾਂ ਦੇ ਨਾਲ ਹੀ ਕਨੇਡਾ ਦਾ ਵਾਸੀ ਹੋ ਗਿਆ ਸੀ। ਜਿੰਨੇ ਕੁ ਸਾਲ ਸਰੀਰ ਨੇ ਇਜਾਜਤ ਦਿੱਤੀ ਉਹਨੇ ਪਿੰਡ ਦੀ ਮਿੱਟੀ ਨਾਲ ਮੋਹ ਦੇ ਰਿਸ਼ਤੇ ਨੂੰ ਬਾਖੂਬ ਨਿਭਾਇਆ ਉਹਦੀ ਕੋਸ਼ਿਸ ਹੁੰਦੀ ਸੀ ਕਿ ਉਹ ਹਰ ਸਾਲ ਸਰਦੀਆਂ ਰੁੱਤੇ ਪੰਜਾਬ ਗੇੜੀ ਮਾਰੇ। ਕਿਤਾਬਾਂ ਨਾਲ ਉਹਦਾ ਅੰਤਾਂ ਦਾ ਮੋਹ ਸੀ ਉਹਦੇ ਘਰ ਦੀ ਦਹਿਲੀਜ ਟੱਪੀ ਕੋਈ ਵੀ ਕਿਤਾਬ ਦੋ ਚਾਰ ਦਿਨ ਤੋਂ ਵੱਧ ਸਮਾਂ ਉਹਦੇ ਤੋਂ ਦੂਰ ਨਹੀਂ ਰਹੀ ਸੀ।ਇੱਕ ਵਾਰੀ ਮੈਂ ਡਾਕਟਰ ਬਲਵਿੰਦਰ ਕੌਰ ਬਰਾੜ ਦੀ ਕਿਤਾਬ ਮਨ ਦਾ ਕੋਨਾ ਸਪੈਸ਼ਲ ਘਰ ਜਾਕੇ ਦੇਕੇ ਆਇਆ ਤਾਂ ਤੀਜੇ ਦਿਨ ਹੀ ਮੈਨੂੰ ਫੋਨ ਆ ਗਿਆ ਕਿ ਉਹ ਤਾਂ ਮੈਂ ਪੜ੍ਹ ਦਿੱਤੀ ਕੋਈ ਹੋਰ ਵੀ ਦੇ ਜਾ। ਮੇਰੇ ਲਈ ਇਹ ਮਾਣ ਵਾਲੀ ਗੱਲ ਐ ਕਿ ਮੇਰੇ ਵੱਲੋਂ ਪ੍ਰਕਾਸਿਤ ਕੀਤੇ ਜਾਂਦੇ ਪੰਜਾਬੀ ਅਖ਼ਬਾਰ ਦਾ ਉਹ ਲਗਾਤਾਰਤਾ ਦੀ ਲਿਸਟ ਵਾਲਾ ਪਾਠਕ ਸੀ। ਵੀਰਵਾਰ ਵਾਲੇ ਦਿਨ ਉਹਦਾ ਫੋਨ ਆ ਜਾਣਾ ਕਿ ਅਖ਼ਬਾਰ ਹਾਲੇ ਤੱਕ ਆਇਆ ਈ ਨਹੀਂ। 31 ਜਨਵਰੀ, 1 ਫਰਵਰੀ ਅਤੇ 2 ਫਰਵਰੀ 2025 ਨੂੰ ਮੇਰੇ ਫੋਨ ਉੱਪਰ ਲਗਾਤਾਰ ਤਿੰਨ ਦਿਨ ਘੰਟੀ ਵਜਦੀ ਰਹੀ ਪਰ ਮੈਂ ਪੰਜਾਬ ਗਿਆ ਹੋਣ ਕਾਰਣ ਉਸ ਸਮੇਂ ਰਾਤ ਹੋਣ ਕਾਰਣ ਸੁੱਤਾ ਹੁੰਦਾ ਸੀ ਇਸ ਲਈ ਫੋਨ ਨਾ ਚੁੱਕ ਸਕਿਆ। ਫਿਰ ਮੈਂ 3 ਫਰਵਰੀ 2025 ਨੂੰ ਉਹਨਾਂ ਦੇ ਬੇਟੇ ਬਾਈ ਬੇਅੰਤ ਗਿੱਲ ਨੂੰ ਫੋਨ ਕਰਕੇ ਦੱਸਿਆ ਕਿ ਬਾਪੂ ਜੀ ਦੀਆਂ ਲਗਾਤਾਰ ਤਿੰਨ ਦਿਨਾਂ ਤੋਂ ਮੇਰੇ ਫੋਨ ਉੱਪਰ ਕਾਲਾਂ ਆ ਰਹੀਆਂ ਹਨ ਪਰ ਮੈ ਪੰਜਾਬ ਗਿਆ ਹੋਇਆ ਹਾਂ ਉਹਨਾਂ ਨੂੰ ਦੱਸ ਦਿਓ ਕਿ ਮੈਂ 26 ਫਰਵਰੀ 2025 ਨੂੰ ਵਾਪਿਸ ਆਕੇ ਉਹਨਾਂ ਨੂੰ ਮਿਲਾਂਗਾ।ਬਾਪੂ ਜੀ ਦੀ ਸਿਹਤ ਵਾਰੇ ਪੁਛਿਆ ਤਾਂ ਉਹਨਾਂ ਦੱਸਿਆ ਕਿ ਵਧੀਆ ਠੀਕ ਹਨ ਕੋਈ ਫਿਕਰ ਵਾਲੀ ਗੱਲ ਨਹੀਂ। ਮੈਂ ਬਾਪੂ ਗੁਰਨਾਮ ਸਿੰਘ ਨਾਲ ਇੱਕ ਵਾਅਦਾ ਕੀਤਾ ਸੀ ਕਿ ਰਾਮੂੰਵਾਲੀਆ ਕਵੀਸ਼ਰੀ ਜਥੇ ਦਾ ਪੁਰਾਣਾ ਤਵਾ ਮੇਰੇ ਕੋਲ ਹੈ ਉਹ ਮੈਂ ਤੁਹਾਨੂੰ ਸੁਣਾਕੇ ਜਾਵਾਂਗਾ। ਪਰ 7 ਫਰਵਰੀ 2025 ਪੰਜਾਬ ਦੀ ਸਵੇਰ ਹੋਣ ਮੌਕੇ ਜਦੋਂ ਮੈਂ ਫੋਨ ਚੁੱਕਿਆ ਤਾਂ ਉਹਨਾਂ ਦੇ ਬੇਟੇ ਬਾਈ ਬੇਅੰਤ ਗਿੱਲ ਨੇ ਸੁਨੇਹਾ ਲਿਖਿਆ ਹੋਇਆ ਕਿ ਬਾਪੂ ਜੀ ਯਾਤਰਾ ਪੂਰੀ ਕਰ ਗਏ ਹਨ। "ਯਾਤਰਾ ਪੂਰੀ" ਸ਼ਬਦ ਮੇਰੇ ਅਤੇ ਬਾਪੂ ਗੁਰਨਾਮ ਸਿੰਘ ਦੇ ਸਬੰਧਾਂ ਵਿਚਾਲੇ ਅਧੂਰਾ ਸ਼ਬਦ ਦਾ ਠਹਿਰਾਅ ਲਗਾ ਗਿਆ ਕਿ ਮੈਂ ਉਹਨਾਂ ਨੂੰ ਮਿਲਕੇ ਉਹਨਾਂ ਦੀ ਇੱਛਾ ਪੂਰੀ ਨਾ ਕਰ ਸਕਿਆ। ਮੈਨੂੰ ਉਹ ਲਗਾਤਾਰ ਤਿੰਨ ਦਿਨ ਫੋਨ ਕਰਦੇ ਰਹੇ ਪਤਾ ਨਹੀਂ ਕੀ ਕਹਿਣਾ ਚਾਹੁੰਦੇ ਸਨ ਪਰ ਉਹਨਾਂ ਨਾਲ ਹੋਈ ਅੱਜ ਤੱਕ ਦੀ ਗੱਲ ਬਾਤ ਵਿੱਚ ਉਹਨਾਂ ਇਹ ਜਰੂਰ ਕਹਿਣਾ ਹੁੰਦਾ ਸੀ ਕਿ ਹਰਬੰਸ ਤੇਰਾ ਅਖ਼ਬਾਰ ਬਹੁਤ ਵਧੀਆ ਐ,ਛੇਤੀ ਦੇ ਜਾਇਆ ਕਰ। ਕਈ ਵਾਰ ਤਾਂ ਮੈਂ ਜੇਕਰ ਸਮਾਂ ਹੁੰਦਾ ਤਾਂ ਘਰ ਵੀ ਜਾਕੇ ਅਖ਼ਬਾਰ ਦੇ ਆਉਂਦਾ ਸੀ। ਬਾਪੂ ਨਾਲ ਜੁੜੀਆਂ ਯਾਦਾਂ ਵਿੱਚੋਂ ਇਕ ਮਜਾਕ ਦੀ ਗੱਲ ਇਹ ਐ ਕਿ ਬਾਪੂ ਗੁਰਨਾਮ ਨੇ ਮੈਨੂੰ ਕਹਿਣਾ ਕਿ ਮੇਰੇ ਨਾਲ ਦੇ ਸਾਰੇ ਈ ਚਲੇ ਗਏ, ਜਦੋਂ ਮੈਂ ਇਸ ਜਹਾਨੋਂ ਤੁਰ ਗਿਆ ਤਾਂ ਅਖ਼ਬਾਰ ਵਿੱਚ ਮੇਰੇ ਬਾਰੇ ਵਧੀਆ ਜਿਹਾ ਲਿਖੀਂ ਅੱਗਿਓਂ ਮੈਂ ਮਜਾਕ ਨਾਲ ਕਹਿਣਾ ਕਿ ਤੇਰੇ ਬੈਠੇ ਬੈਠੇ ਤੇਰੇ ਬਾਰੇ ਲਿਖਕੇ ਤੇਰੇ ਕੋਲੋਂ ਪਹਿਲਾਂ ਹੀ ਪ੍ਰਵਾਨਗੀ ਨਾ ਲੈ ਲਵਾਂ ਤਾਂ ਫਿਰ ਉਹਦੇ ਚਿੱਟੇ ਦਾਹੜੇ ਸੰਗ ਉਹਦੇ ਹਾਸੇ ਦੀ ਗਿੜਗੜਾਹਟ ਹਵਾ ਵਿੱਚ ਘੁਲ ਜਾਂਦੀ।ਮੇਰਾ ਮਨ ਅਫਸੋਸਿਆ ਹੋਇਐ ਕਿ ਹੁਣ ਜਦੋਂ ਤੱਕ ਮੈਂ ਕਨੇਡਾ ਵਾਪਿਸ ਆਵਾਂਗਾ ਤਾਂ ਉਦੋਂ ਤੱਕ ਤਾਂ ਉਹਨਾਂ ਦੀਆਂ ਅੰਤਿਮ ਰਸਮਾਂ 16 ਫਰਵਰੀ 2025) ਵੀ ਪੂਰੀਆਂ ਹੋ ਚੁੱਕੀਆਂ ਹੋਣਗੀਆਂ। ਪਰ ਮੈਨੂੰ ਇਸ ਗੱਲ ਦਾ ਮਾਣ ਐ ਕਿ ਮੇਰਾ ਉਸ ਪੂਰਨ ਮਨੁੱਖ ਨਾਲ ਮੋਹ ਮੁਹੱਬਤੀ ਰਿਸ਼ਤਾ ਸੀ। ਪੰਜਾਬੀ ਅਖ਼ਬਾਰ ਦੀ ਸਮੁੱਚੀ ਟੀਮ ਇਸ ਦੁਖਦਾਈ ਘੜੀ ਵਿੱਚ ਗਿੱਲ ਪਰਿਵਾਰ ਨਾਲ ਦੁੱਖ ਵੰਡਾਉਣ ਲਈ ਹਮਦਰਦੀ ਪ੍ਰਗਟ ਕਰਦੀ ਹੈ।

ਹਰਬੰਸ ਬੁੱਟਰ
ਮੁੱਖ ਸੰਪਾਦਕ
ਪੰਜਾਬੀ ਅਖ਼ਬਾਰ
ਕੈਲਗਰੀ

ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ॥
ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ॥

## ਭੋਗ ਅਤੇ ਅੰਤਿਮ ਸੰਸਕਾਰ

ਆਪ ਸਭ ਨੂੰ ਬਹੁਤ ਹੀ ਦੁੱਖੀ ਹਿਰਦੇ ਨਾਲ ਸੂਚਿਤ ਕਰਦੇ ਹਾਂ ਕਿ ਸਾਡੇ ਸਤਿਕਾਰਯੋਗ

**ਸਰਦਾਰ ਗੁਰਨਾਮ ਸਿੰਘ ਗਿੱਲ**

*( ਰਾਮੂਵਾਲਾ ਨਵਾਂ )*

ਪਿਛਲੇ ਦਿਨੀਂ ਸਾਨੂੰ ਵਿਛੋੜਾ ਦੇ ਕੇ ਅਕਾਲ ਪੁਰਖ ਦੇ ਚਰਨਾਂ ਵਿੱਚ ਜਾ ਬਿਰਾਜੇ ਹਨ।

**ਉਨ੍ਹਾਂ ਦਾ ਅੰਤਿਮ ਸੰਸਕਾਰ**

ਮਿਤੀ *16* ਫ਼ਰਵਰੀ *2025* (ਐਤਵਾਰ) ਨੂੰ
*COUNTRY HILLS CREMATORIUM AND FUNERAL SERVICE*
*11995, 16 STREET NE, CALGARY*
ਵਿਖੇ ਦੁਪਹਿਰ *12.00* ਤੋਂ *2.00* ਵਜੇ ਤੱਕ ਅਤੇ

**ਅੰਤਿਮ ਅਰਦਾਸ**

ਦੁਪਹਿਰ *3.00* ਵਜੇ, ਗੁਰੂ ਰਾਮਦਾਸ ਦਰਬਾਰ
*5225, 84 STREET NE CALGARY*
ਵਿਖੇ ਹੋਵੇਗੀ।



**ਸ੍ਰ. ਗੁਰਨਾਮ ਸਿੰਘ ਗਿੱਲ**

ਅਕਾਲ ਪੁਰਖ ਦੇ ਭਾਣੇ ਵਿੱਚ

ਸਰਦਾਰਨੀ ਗੁਰਦੇਵ ਕੌਰ ਗਿੱਲ (ਪਤਨੀ)
ਸ੍ਰ. ਬੇਅੰਤ ਸਿੰਘ ਗਿੱਲ (ਸਪੁੱਤਰ)
ਤੇ ਸਮੂਹ ਪ੍ਰੀਵਾਰ #403-988-8674

ਸੱਦਾ: SAIT ਦਾ ਓਪਨ ਹਾਊਸ

SAIT ਇੱਕ ਪ੍ਰਸਿੱਧ ਸੰਸਥਾ ਹੈ ਜੋ ਕੈਰੀਅਰ ਲਈ ਤਿਆਰ ਗ੍ਰੈਜੂਏਟ ਤਿਆਰ ਕਰਨ ਲਈ ਜਾਣਿਆ ਜਾਂਦਾ ਹੈ। SAIT ਦੇ 100 ਤੋਂ ਵੱਧ ਪ੍ਰੋਗਰਾਮ ਹਨ, ਜਿਨ੍ਹਾਂ ਵਿੱਚ ਕਈਂ ਡਿਗਰੀਆਂ, ਡਿਪਲੋਮਾਂ ਅਤੇ ਸਰਟੀਫਿਕੇਟ ਸ਼ਾਮਿਲ ਹਨ।

**ਇਨ੍ਹਾਂ ਵਲੋਂ ਸ਼ਨੀਵਾਰ, 8 ਮਾਰਚ, ਸਵੇਰੇ 10AM ਵਜੇ ਤੋਂ ਸ਼ਾਮ 3PM ਵਜੇ ਤੱਕ** ਓਪਨ ਹਾਊਸ (Open House) ਆਯੋਜਨ ਕੀਤਾ ਗਿਆ ਹੈ ਜਿੱਥੇ ਪਹੁੰਚ ਕੇ ਤੁਸੀਂ ਕੈਂਪਸ ਨੂੰ ਵੇਖ ਸਕਦੇ ਹੋ, ਇੰਸਟ੍ਰਕਟਰਾਂ ਅਤੇ ਸਲਾਹਕਾਰਾਂ ਨਾਲ ਗੱਲ ਬਾਤ ਕਰ ਸਕਦੇ ਹੋ, ਅਤੇ ਪ੍ਰੋਗਰਾਮਾਂ ਬਾਰੇ ਵਧੇਰੇ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ।

**ਓਪਨ ਹਾਊਸ ਚ ਸ਼ਾਮਿਲ ਹੋਣ ਲਈ ਅੱਜ ਹੀ ਰਜਿਸਟਰ ਕਰੋ sait.ca/open-house**

SAIT

# ਜਦੋਂ ਥਾਣੇਦਾਰ ਨੇ ਐਸ.ਐਸ.ਪੀ. ਨੂੰ ਧਮਕੜੇ ਪਾਇਆ



ਬਲਰਾਜ ਸਿੰਘ ਸਿੱਧੂ
ਏ.ਆਈ.ਜੀ.(ਰਿਟਾ)
ਮੋ. 9501100062

**ਤੁਸੀਂ ਇਸ ਥਾਣੇਦਾਰ ਨੂੰ ਟੰਗਣਾ ਹੈ ਤਾਂ ਇਹ ਕੰਮ ਕਿਸੇ ਹੋਰ ਤਰੀਕੇ ਨਾਲ ਵੀ ਕੀਤਾ ਜਾ ਸਕਦਾ ਹੈ। ਪਰ ਸਵੈ ਘੋਸ਼ਿਤ ਸਰਵ ਸ਼ਰੇਸ਼ਠ ਐਸ.ਐਸ.ਪੀ. ਨੇ ਉਸ ਦੀ ਗੱਲ ਸੁਣਨ ਦੀ ਬਜਾਏ ਉਸ ਨੂੰ ਦਬਕੇ ਮਾਰ ਕੇ ਦਫਤਰ ਤੋਂ ਬਾਹਰ ਕੱਢ ਦਿੱਤਾ। ਐਸ.ਐਸ.ਪੀ. ਨੇ ਉਹ ਵਿਭਾਗੀ ਪੜਤਾਲ ਆਪਣੇ ਇੱਕ ਖਾਸਮ ਖਾਸ ਡੀ.ਐਸ.ਪੀ. ਨੂੰ ਮਾਰਕ ਕਰ ਦਿੱਤੀ ਤੇ ਕਿਹਾ ਕਿ ਇਸ ਥਾਣੇਦਾਰ ਦੀ ਅਜਿਹੀ ਰਿਪੋਰਟ ਤਿਆਰ ਕੀਤੀ ਜਾਵੇ ਤਾਂ ਜੋ ਇਸ ਨੂੰ ਨੌਕਰੀ ਤੋਂ ਬਰਖਾਸਤ ਕੀਤਾ ਜਾ ਸਕੇ।**

ਸਰਕਾਰੀ ਮਹਿਕਮਿਆਂ ਵਿੱਚ ਕਈ ਅਜਿਹੇ ਸੜੀਅਲ ਅਫਸਰ ਪਾਏ ਜਾਂਦੇ ਹਨ ਜੋ ਆਪਣੇ ਘਟੀਆ ਵਿਹਾਰ ਕਾਰਨ ਅੱਕੇ ਸੜੇ ਅਧੀਨ ਮੁਲਾਜ਼ਮਾਂ ਤੋਂ ਵਾਰ ਵਾਰ ਬੇਇੱਜ਼ਤੀ ਕਰਵਾਉਂਦੇ ਹਨ। ਮਾਝੇ ਦੇ ਇੱਕ ਰਾਜਨੀਤਕ ਪਰਿਵਾਰ ਨਾਲ ਸਬੰਧਿਤ ਇੱਕ ਅਫਸਰ ਤਾਂ ਕਈ ਵਾਰ ਸਿਪਾਹੀਆਂ ਤੱਕ ਤੋਂ ਕੁੱਟ ਖਾ ਚੁੱਕਾ ਹੈ। ਕੁਝ ਸਾਲ ਪਹਿਲਾਂ ਉਹ ਮਾਲਵੇ ਦੇ ਇੱਕ ਜਿਲ੍ਹੇ ਦਾ ਐਸ.ਐਸ.ਪੀ. ਸੀ ਤਾਂ ਉਸ ਦੀ ਇੱਕ ਵੀਡੀਉ ਬਹੁਤ ਵਾਇਰਲ ਹੋਈ ਸੀ ਜਿਸ ਵਿੱਚ ਉਹ ਆਪਣੀ ਗਰਲ ਫਰੈਂਡ ਦੇ ਸਾਬਕਾ ਪ੍ਰੇਮੀ ਨੂੰ ਗੰਦੀਆਂ ਗਾਲ੍ਹਾਂ ਕੱਢ ਰਿਹਾ ਸੀ। ਦੋ ਚਾਰ ਮਿੰਟ ਤਾਂ ਉਹ ਬੰਦਾ ਉਸ ਦੀ ਬਕਵਾਸ ਸੁਣਦਾ ਰਿਹਾ ਤੇ ਸਰ ਸਰ ਕਰਦਾ ਰਿਹਾ, ਪਰ ਜਦੋਂ ਪਾਣੀ ਸਿਰ ਤੋਂ ਗੁਜ਼ਰ ਗਿਆ ਤਾਂ ਫਿਰ ਉਸ ਨੇ ਵੀ ਅੱਗੋਂ ਉਸ ਨੂੰ ਚੋਂਦੀਆਂ ਚੋਂਦੀਆਂ ਗਾਲ੍ਹਾਂ ਕੱਢ ਦਿੱਤੀਆਂ ਸਨ। ਅੱਤਵਾਦ ਸਮੇਂ ਪਟਿਆਲੇ ਰੇਂਜ਼ ਦੇ ਇੱਕ ਜਿਲ੍ਹੇ ਦਾ ਐਸ.ਐਸ.ਪੀ. ਬਹੁਤ ਹੀ ਕੁਰੱਖਤ ਕਿਸਮ ਦਾ ਇਨਸਾਨ ਸੀ। ਉਸ ਨੇ ਤਾਂ ਇੱਕ ਥਾਣੇ ਦੀ ਰਾਤਰੀ ਚੈੱਕਿੰਗ ਕਰਦੇ ਸਮੇਂ ਡਿਊਟੀ ਅਫਸਰ ਨੂੰ ਲੰਮੇ ਪਾ ਕੇ ਪਟੇ ਮਾਰ ਦਿੱਤੇ ਸਨ ਜਿਹੜਾ ਵਿਚਾਰਾ ਉਸ ਦੇ ਆਉਣ ਵਕਤ ਦੋ ਚਾਰ ਮਿੰਟ ਲਈ ਵਾਸ਼ਰੂਮ ਗਿਆ ਹੋਇਆ ਸੀ। ਤਰਨ ਸਿੰਘ (ਨਾਮ ਬਦਲਿਆ ਹੋਇਆ) ਨਾਮਕ ਇੱਕ ਸਬ ਇੰਸਪੈਕਟਰ ਉਸ ਥਾਣੇ ਦਾ ਐਸ.ਐਚ.ਸੀ ਜੋ ਬਹੁਤ ਹੀ ਦਲੇਰ ਕਿਸਮ ਦਾ ਇਨਸਾਨ ਸੀ। ਉਸ ਕੋਲੋਂ ਇਹ ਧੱਕਾ ਬਰਦਾਸ਼ਤ ਨਾ ਹੋਇਆ ਤੇ ਉਸ ਨੇ ਐਸ.ਐਸ.ਪੀ. ਦੀ ਕਰਤੂਤ ਬਾਰੇ ਰੋਜ਼ਨਾਮਚੇ ਵਿੱਚ ਰਪਟ (ਰਿਪੋਰਟ) ਦਰਜ਼ ਕਰ ਦਿੱਤੀ।

ਜਦੋਂ ਐਸ.ਐਸ.ਪੀ. ਨੂੰ ਇਸ ਬਾਰੇ ਪਤਾ ਲੱਗਾ ਤਾਂ ਉਸ ਨੇ ਨੂੰ ਆਪਣੇ ਦਫਤਰ ਪੇਸ਼ੀ ਲਈ ਬੁਲਾ ਲਿਆ। ਉਥੇ ਦੋਵਾਂ ਵਿੱਚ ਵਾਦ ਵਿਵਾਦ ਹੋ ਗਿਆ ਤਾਂ ਐਸ.ਐਸ.ਪੀ. ਨੇ ਤਰਨ ਸਿੰਘ ਨੂੰ ਗਾਲ੍ਹ ਕੱਢ ਦਿੱਤੀ। ਤਰਨ ਸਿੰਘ ਨੇ ਜਵਾਬ ਦਿੱਤਾ ਕਿ ਸਰ ਜੋ ਵਿਭਾਗੀ ਕਾਰਵਾਈ ਮੇਰੇ ਖਿਲਾਫ ਕਰਨੀ ਹੈ ਕਰ ਦਿਉ, ਪਰ ਤੁਸੀਂ ਮੈਨੂੰ ਗਾਲ੍ਹ ਨਹੀਂ ਕੱਢ ਸਕਦੇ। ਜੇ ਹੁਣ ਗਾਲ੍ਹ ਕੱਢੀ ਤਾਂ ਠੀਕ ਨਹੀਂ ਹੋਵੇਗਾ। ਆਪਣੇ ਸਾਹਮਣੇ ਪਹਿਲੀ ਵਾਰ ਕਿਸੇ ਅਧੀਨ ਅਫਸਰ ਨੂੰ ਬੋਲਦਾ ਵੇਖ ਕੇ ਐਸ.ਐਸ.ਪੀ. ਅੱਗ ਬਬੂਲਾ ਹੋ ਗਿਆ ਤੇ ਉਸ ਨੇ ਕੁਰਸੀ ਤੋਂ ਉੱਠ ਕੇ ਤਰਨ ਸਿੰਘ ਦਾ ਗਲਮਾ ਫੜ ਲਿਆ। ਇਸ ਤੋਂ ਪਹਿਲਾਂ ਕਿ ਐਸ.ਐਸ.ਪੀ. ਦੇ ਗੰਨਮੈਨ ਕੁਝ ਸਮਝਦੇ, ਤਰਨ ਸਿੰਘ ਨੇ ਵੀ ਐਸ.ਐਸ.ਪੀ. ਨੂੰ ਗਲੋਂ ਫੜ ਲਿਆ। ਮੌਕੇ 'ਤੇ ਮੌਜੂਦ ਕੁਝ ਅਫਸਰਾਂ ਨੇ ਵਿੱਚ ਵਿਚਾਲਾ ਕਰ ਕੇ ਦੋਵਾਂ ਨੂੰ ਅਲੱਗ ਕੀਤਾ। ਇਸ ਕਿਸਮ ਦੀਆਂ ਉਦਾਹਰਣਾਂ ਪੰਜਾਬ ਪੁਲਿਸ ਵਿੱਚ ਬਹੁਤ ਮਿਲਦੀਆਂ ਹਨ। ਮੇਰਾ ਇੱਕ ਬੈਚਮੇਟ ਜੈਵਿਜੇ ਸਿੰਘ ਹੈ (ਨਾਮ ਬਦਲਿਆ ਹੋਇਆ) ਜੋ ਬਹੁਤ ਹੀ ਹਾਜ਼ਰ ਜਵਾਬ ਹੈ। ਉਸ ਨੂੰ ਕੋਈ ਮਜ਼ਾਕ ਕਰ ਦੇਵੇ ਤਾਂ ਪੰਜ ਮਿੰਟਾਂ ਵਿੱਚ ਉਸ ਦੇ ਅਗਲੇ ਪਿਛਲੇ ਪੋਤੜੇ ਫੋਲ ਦਿੰਦਾ ਹੈ। ਕਈ ਸਾਲ ਪਹਿਲਾਂ ਉਹ ਮਾਝੇ ਦੇ ਇੱਕ ਜਿਲ੍ਹੇ ਵਿੱਚ ਚੌਂਕੀ ਇੰਚਾਰਜ ਲੱਗਾ ਹੋਇਆ ਸੀ। ਉਸ ਜਿਲ੍ਹੇ ਦਾ ਐਸ.ਐਸ.ਪੀ. ਐਸਾ ਹੰਕਾਰਿਆ ਹੋਇਆ ਇਨਸਾਨ ਸੀ ਜੋ ਸਮਝਦਾ ਸੀ ਕਿ ਸ਼ਾਇਦ ਉਹ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਦਾ ਨਹੀਂ, ਬਲਕਿ ਨਾਸਾ ਦਾ ਪੇਪਰ ਪਾਸ ਕਰ ਕੇ ਭਰਤੀ ਹੋਇਆ ਹੈ। ਵੈਸੇ ਵੀ ਜੋ ਵਿਅਕਤੀ ਆਪਣੇ ਆਪ ਨੂੰ ਸਿਆਣਾ ਸਮਝਦਾ ਹੈ, ਉਹ ਆਮ ਤੌਰ 'ਤੇ ਮਹਾਂ ਮੂਰਖ ਹੀ ਹੁੰਦਾ ਹੈ। ਉਸ ਦੀ ਸਭ ਤੋਂ ਵੱਡੀ ਭੈੜ ਇਹ ਸੀ ਕਿ ਨਾ ਤਾਂ ਉਹ ਵਾਹ ਲੱਗਦੀ ਕਿਸੇ ਦਫਤਰੀ ਕਾਗਜ਼ 'ਤੇ ਦਸਤਖਤ ਕਰਦਾ ਸੀ ਤੇ ਨਾ ਹੀ ਕਿਸੇ ਬਦਲੀ ਅਧੀਨ ਮੁਲਾਜ਼ਮ ਨੂੰ ਰਿਲੀਵ ਕਰਦਾ ਸੀ। ਜੈਵਿਜੇ ਦੀ ਬਦਲੀ ਡੀ.ਜੀ.ਪੀ. ਦਫਤਰ ਵੱਲੋਂ ਉਸ ਦੇ ਗ੍ਰਹਿ ਜਿਲ੍ਹੇ ਦੀ ਹੋ ਚੁੱਕੀ ਸੀ ਪਰ ਐਸ.ਐਸ.ਪੀ. ਉਨ੍ਹਾਂ ਆਰਡਰਾਂ 'ਤੇ ਕਾਲੀਆ ਨਾਗ ਬਣ ਕੇ ਬੈਠਾ ਹੋਇਆ ਸੀ।

ਇੱਕ ਦਿਨ ਉਸ ਨੇ ਆਪਣੇ ਰੀਡਰ ਰਾਹੀਂ ਜੈਵਿਜੇ ਨੂੰ ਫੋਨ ਕਰਵਾਇਆ ਕਿ ਤੁਹਾਨੂੰ ਫਲਾਣਾ ਬੰਦਾ ਮਿਲੇਗਾ, ਉਸ ਦਾ ਕੰਮ ਕਰ ਦੇਣਾ ਕਿਉਂਕਿ ਇਹ ਮੁੱਖ ਮੰਤਰੀ ਦਾ ਹੁਕਮ ਹੈ। ਜੈਵਿਜੇ ਡਿਊਟੀਆਂ ਆਦਿ ਵਿੱਚ ਉਲਝਿਆ ਰਿਹਾ ਤੇ ਉਸ ਕੰਮ ਬਾਰੇ ਭੁੱਲ ਭੁਲਾ ਗਿਆ। ਜਦੋਂ ਕਈ ਦਿਨ ਉਸ ਸਿਫਾਰਸ਼ੀ ਬੰਦੇ ਦਾ ਕੰਮ ਨਾ ਹੋਇਆ ਤਾਂ ਉਸ ਨੇ ਜਾ ਕੇ ਮੁੱਖ ਮੰਤਰੀ ਨੂੰ ਉਂਗਲ ਲਗਾ ਦਿੱਤੀ ਕਿ ਐਸ.ਐਸ.ਪੀ. ਨੇ ਤੁਹਾਡੇ ਹੁਕਮਾਂ ਦੀ ਕੋਈ ਪ੍ਰਵਾਹ ਨਹੀਂ ਕੀਤੀ। ਮੁੱਖ ਮੰਤਰੀ ਨੇ ਐਸ.ਐਸ.ਪੀ ਦੀ ਲਾਹ ਪਾਹ ਕੀਤੀ ਤਾਂ ਸੜ ਬਲ ਕੇ ਉਸ ਨੇ ਜੈਵਿਜੇ ਦੀ ਵਿਭਾਗੀ ਪੜਤਾਲ ਖੋਲ੍ਹ ਦਿੱਤੀ। ਪਰ ਉਹ ਗਲਤੀ ਕਰ ਗਿਆ ਤੇ ਵਿਭਾਗੀ ਪੜਤਾਲ ਖੋਲ੍ਹਣ ਵਾਲੇ ਆਰਡਰ ਵਿੱਚ ਲਿਖ ਬੈਠਾ ਕਿ ਤੁਹਾਨੂੰ ਮੁੱਖ ਮੰਤਰੀ ਦੇ ਹੁਕਮਾਂ ਅਨੁਸਾਰ ਫਲਾਣਾ ਕੰਮ ਕਰਨ ਲਈ ਕਿਹਾ ਗਿਆ ਸੀ ਜੋ ਤੁਸੀਂ ਨਹੀਂ ਕੀਤਾ। ਜਿਲ੍ਹੇ ਦੇ ਹੈੱਡ ਕਲਰਕ ਨੇ ਬਥੇਰਾ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਆਰਡਰ ਵਿੱਚ ਮੁੱਖ ਮੰਤਰੀ ਦਾ ਵਰਨਣ ਨਹੀ ਕੀਤਾ ਜਾ ਸਕਦਾ, ਜੇ ਤੁਸੀਂ ਇਸ ਥਾਣੇਦਾਰ ਨੂੰ ਟੰਗਣਾ ਹੈ ਤਾਂ ਇਹ ਕੰਮ ਕਿਸੇ ਹੋਰ ਤਰੀਕੇ ਨਾਲ ਵੀ ਕੀਤਾ ਜਾ ਸਕਦਾ ਹੈ। ਪਰ ਸਵੈ ਘੋਸ਼ਿਤ ਸਰਵ ਸ਼ਰੇਸ਼ਠ ਐਸ.ਐਸ.ਪੀ. ਨੇ ਉਸ ਦੀ ਗੱਲ ਸੁਣਨ ਦੀ ਬਜਾਏ ਉਸ ਨੂੰ ਦਬਕੇ ਮਾਰ ਕੇ ਦਫਤਰ ਤੋਂ ਬਾਹਰ ਕੱਢ ਦਿੱਤਾ। ਐਸ.ਐਸ.ਪੀ. ਨੇ ਉਹ ਵਿਭਾਗੀ ਪੜਤਾਲ ਆਪਣੇ ਇੱਕ ਖਾਸਮ ਖਾਸ ਡੀ.ਐਸ.ਪੀ. ਨੂੰ ਮਾਰਕ ਕਰ ਦਿੱਤੀ ਤੇ ਕਿਹਾ ਕਿ ਇਸ ਥਾਣੇਦਾਰ ਦੀ ਅਜਿਹੀ ਰਿਪੋਰਟ ਤਿਆਰ ਕੀਤੀ ਜਾਵੇ ਤਾਂ ਜੋ ਇਸ ਨੂੰ ਨੌਕਰੀ ਤੋਂ ਬਰਖਾਸਤ ਕੀਤਾ ਜਾ ਸਕੇ। ਡੀ.ਐਸ.ਪੀ. ਨੇ ਕਿਹਾ ਕਿ ਜ਼ਨਾਬ ਤੁਸੀਂ ਪ੍ਰਵਾਹ ਹੀ ਨਾ ਕਰੋ, ਵੇਖਿਉ ਮੈਂ ਕਿਸ ਤਰਾਂ ਥਾਣੇਦਾਰ ਨੂੰ ਮਿੱਟੀ ਵਿੱਚ ਰੋਲਦਾ ਹਾਂ। ਪੰਜਾਬ ਪੁਲਿਸ ਵਿੱਚ ਵਿਭਾਗੀ ਪੜਤਾਲ (ਡਿਪਾਰਟਮੈਂਟਲ ਇਨਕੁਆਰੀ) ਸਖਤ ਰੂਲਾਂ ਅਨੁਸਾਰ ਚੱਲਦੀ ਹੈ। ਕਿਸੇ ਨੂੰ ਠੋਕਣਾ ਹੋਵੇ ਤਾਂ ਵੀ ਉਸ ਨੂੰ ਆਪਣੀ ਲਿਖਤੀ ਸਫਾਈ ਦੇਣ ਦਾ ਪੂਰਾ ਮੌਕਾ ਦੇਣਾ ਪੈਂਦਾ ਹੈ ਨਹੀਂ ਤਾਂ ਦੋਸ਼ੀ ਹਾਈ ਕੋਰਟ ਵਿੱਚ ਰਿੱਟ ਕਰ ਦਿੰਦਾ ਹੈ। ਜਦੋਂ ਜੈਵਿਜੇ ਨੂੰ ਦੋਸ਼ ਪੱਤਰ ਮਿਲਿਆ ਤਾਂ ਉਸ ਨੇ ਆਪਣੇ ਜਵਾਬ ਵਿੱਚ ਲਿਖ ਦਿੱਤਾ ਕਿ ਉਹ ਮੁੱਖ ਮੰਤਰੀ ਨੂੰ ਬਤੌਰ ਗਵਾਹ ਪੇਸ਼ ਕਰਨਾ ਚਾਹੁੰਦਾ ਹੈ। ਇਹ ਵੇਖ ਕੇ ਡੀ.ਐਸ.ਪੀ. ਦੀ ਸਿੱਟੀ ਪਿੱਟੀ ਗੁੰਮ ਹੋ ਗਈ। ਉਸ ਨੇ ਜੈਵਿਜੇ ਨੂੰ ਬੁਲਾ ਕੇ ਕਿਹਾ ਕਿ ਇਹ ਨਹੀਂ ਹੋ ਸਕਦਾ। ਜੈਵਿਜੇ ਨੇ ਜਵਾਬ ਦਿੱਤਾ ਕਿ ਪੁਲਿਸ ਰੂਲ ਦੇ ਮੁਤਾਬਕ ਉਹ ਇਸ ਦਾ ਹੱਕਦਾਰ ਹੈ ਤੇ ਉਹ ਮੁੱਖ ਮੰਤਰੀ ਦੇ ਆਉਣ ਜਾਣ ਦਾ ਕਿਰਾਇਆ ਦੇਣ ਲਈ ਵੀ ਤਿਆਰ ਹੈ। ਉਹ ਮੁੱਖ ਮੰਤਰੀ ਨੂੰ ਸਵਾਲ ਪੁੱਛਣਾ ਚਾਹੁੰਦਾ ਕਿ ਉਸ ਨੇ ਐਸ.ਐਸ.ਪੀ. ਨੂੰ ਹੁਕਮ ਦਿੱਤਾ ਸੀ ਜਾਂ ਨਹੀਂ? ਡੀ.ਐਸ.ਪੀ. ਫਟਾਫਟ ਫਾਈਲ ਕੱਛੇ ਮਾਰ ਕੇ ਐਸ.ਐਸ.ਪੀ. ਕੋਲ ਜਾ ਪਹੁੰਚਿਆ ਤੇ ਕਿਹਾ ਕਿ ਜ਼ਨਾਬ ਤੁਸੀਂ ਗਲਤ ਬੰਦੇ ਨਾਲ ਪੰਗਾ ਲੈ ਲਿਆ ਹੈ। ਉਹ ਤਾਂ ਮੁੱਖ ਮੰਤਰੀ ਨੂੰ ਗਵਾਹ ਰੱਖਣ ਬਾਰੇ ਕਹਿ ਰਿਹਾ ਹੈ। ਇਹ ਸੁਣ ਕੇ ਐਸ.ਐਸ.ਪੀ. ਨੂੰ ਆਪਣੀ ਕੁਰਸੀ ਹਿੱਲਦੀ ਦਿਸਣ ਲੱਗ ਪਈ। ਉਸ ਨੇ ਜੈਵਿਜੇ ਨੂੰ ਆਪਣੇ ਦਫਤਰ ਬੁਲਾ ਕੇ ਲੋਲੋ ਪੱਪੋ ਕੀਤੀ ਤੇ ਨਾਲੇ ਚਾਹ ਪਿਆਈ। ਉਸੇ ਵੇਲੇ ਉਸ ਦੀ ਵਿਭਾਗੀ ਪੜਤਾਲ ਫਾਈਲ ਕਰ ਕੇ ਉਸ ਨੂੰ ਰਿਲੀਵ ਵੀ ਕਰ ਦਿੱਤਾ।






# ਕਾਗਜ਼ੀ ਵਿਚੋਲਪੁਣਾ

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ,ਜੱਟ ਸਿੱਖ,ਧਾਲੀਵਾਲ ਪਰਿਵਾਰ ਦੇ ਲੜਕੇ ਜਨਮ 1993,ਕੱਦ 5 ਫੁੱਟ 11 ਇੰਚ, ਵਿਦਿਅਕ ਯੋਗਤਾ ਐਮ ਏ, ਲਈ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਜਾਂ ਸਟੂਡੈਂਟ ਵੀਜੇ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਲੜਕੇ ਦਾ ਆਪਣਾ ਘਰਾਂ ਦੀ (ਐਕਸਟੀਰੀਅਰ) ਸਟੱਕੋ-ਸਾਈਡਿੰਗ ਦਾ ਕਾਰੋਬਾਰ ਹੈ। ਸੰਪਰਕ: 1 587 433 7278,1 587 439 1155 ਜਾਂ 587 830 3607***263 ***

### ਲੜਕੀ ਦੀ ਲੋੜ

ਜੱਟ ਸਿੱਖ ਸਰਦਾਰ ਲੜਕਾ ਉਮਰ 28 ਸਾਲ ਫ਼ਾਰਮਿੰਗ ਵਰਕ ਪਰਮਿਟ ਤੇ ਕਨੇਡਾ ਰਹਿੰਦੇ ਲੜਕੇ ਲਈ ਕਨੇਡੀਅਨ ਪੀ ਆਰ ਜਾਂ ਵਰਕ ਪਰਮਿਟ ਲੜਕੀ ਦੀ ਜ਼ਰੂਰਤ ਹੈ। ਲੜਕੇ ਦੀਆਂ ਦੋ ਸਕੀਆਂ ਭੈਣਾਂ ਕਨੇਡਾ ਪੀ ਆਰ ਹਨ। ਮਾਲਵੇ ਨੂੰ ਪਹਿਲ ਸੰਪਰਕ ਨੰਬਰ : 1 604 360 9500 ***267***ਘ***

### ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਜੌਬ ਕਰਦੇ ਜੱਟ ਸਿੱਖ ਸਰਾਂ ਪਰਿਵਾਰ ਦੇ ਲੜਕੇ ਉਮਰ 24 ਸਾਲ, ਕੱਦ 5 ਫੁੱਟ 9 ਇੰਚ,ਵਿਦਿਅਕ ਯੋਗਤਾ ਗਰੇਡ 12, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕਾ ਅਲਕੋਹਲ ਜਾਂ ਸਮੋਕ ਬਿਲਕੁੱਲ ਨਹੀਂ ਕਰਦਾ। ਵਰਕ ਪਰਮਿਟ ਵਾਲੀ ਜਾਂ ਡਿਵੋਰਸ ਕੇਸ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 905 781 8408 ਜਾਂ ਈ ਮੇਲ: arshpreetsaran3@gmail.com ***263 ***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ,ਜੱਟ ਸਿੱਖ ਇਕਲੌਤਾ ਵੈਸ਼ਨੂੰ ਲੜਕਾ ਉਮਰ 25 ਸਾਲ ਕੱਦ 5 ਫੁੱਟ 7 ਇੰਚ, ਬੈਲਸੈਟਿਲਡ ਫੈਮਿਲੀ ਲਈ ਚੰਗੀ ਪੜੀ ਲਿਖੀ ਲੜਕੀ ਦੇ ਰਿਸ਼ਤੇ ਦੀ ਜ਼ਰੂਰਤ ਹੈ। ਲੜਕਾ ਇੰਡੀਆ ਆਇਆ ਹੋਇਆ ਹੈ। ਵਰਕ ਪਰਮਿਟ, ਵਿਜ਼ਟਰ, ਸਟੂਡੈਂਟ ਬੇਸ ਤੇ ਗਏ ਬੱਚਿਆਂ ਦੇ ਪਰਿਵਾਰ ਵੀ ਸੰਪਰਕ ਕਰ ਸਕਦੇ ਹਨ। ਸੰਪਰਕ ਇੰਡੀਆ : 94631 22000 ਕੈਨੇਡਾ :1 204 295 0178 ***263***

### ਜੀਵਨ ਸਾਥਣ ਦੀ ਲੋੜ

ਵਰਕ ਪਰਮਿਟ ਉੱਪਰ ਕਨੇਡਾ ਰਹਿ ਰਹੇ ਜੱਟ ਸਿੱਖ ਪਰਿਵਾਰ ਦੇ ਤਲਾਕਸੁਦਾ ਲੜਕੇ ਉਮਰ 49 ਸਾਲ,ਕੱਦ 5 ਫੁੱਟ 10 ਇੰਚ,ਲਈ ਜੀਵਨ ਸਾਥਣ ਦੀ ਲੋੜ ਹੈ।ਕੋਈ ਜਾਤੀ ਬੰਧਨ ਨਹੀ।ਤਲਾਕਸੁਦਾ,ਵਿਧਵਾ,ਅੰਗਹੀਣ,ਵੀ ਸੰਪਰਕ ਕਰ ਸਕਦੀ ਹੈ। ਲੜਕਾ ਲੌਂਗਹਾਲ ਟਰੱਕ ਚਲਾ ਰਿਹਾ ਹੈ। ਸੰਪਰਕ: 1 431 371 3828 ***263***

### ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ ,ਰਾਮਦਾਸੀਆ ਸਿੱਖ ਪਰਿਵਾਰ ਦੀ ਖੂਬਸੂਰਤ ਲੜਕੀ ,ਉਮਰ 26 ਸਾਲ, ਕੱਦ 5 ਫੁੱਟ 4 ਇੰਚ, ਚੰਗੀ ਪੜੀ ਲਿਖੀ,ਡਿਗਰੀ ਹੋਲਡਰ, ਕਨੇਡਾ ਵਿੱਚ ਗੌਰਮਿੰਟ ਜੌਬ ਕਰਦੀ ਲਈ ਚੰਗੇ ਪੜੇ ਲਿਖੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ।ਲੜਕਾ ਭਾਵੇਂ ਇੰਡੀਆ ਹੋਵੇ ਜ ਐਨ ਆਰ ਆਈ ਹੋਵੇ।ਇਸ ਨੰਬਰ ਉੱਪਰ ਵਟਸਐਪ ਵੀ ਕਰ ਸਕਦੇ ਹੋ। ਸੰਪਰਕ: 1 204 894 0793 ਜਾਂ ਈ ਮੇਲ: rajdevkainth1966@gmail.com ***263***

### ਲੜਕੇ ਦੀ ਲੋੜ

ਕਨੇਡਾ ਵਿਜਟਿਰ ਵੀਜੇ ਉੱਪਰ ਆਈ ਰਾਮਗੜ੍ਹੀਆ ਪਰਿਵਾਰ ਦੀ ਅਣਮੈਰਿਡ ਲੜਕੀ ਉਮਰ 38 ਸਾਲ, ਕੱਦ 5 ਫੁੱਟ 3 ਇੰਚ, ਵਿਦਿਅਕ ਯੋਗਤਾ : ਪੋਸਟ ਗ੍ਰੈਜੂਏਟ ਪ੍ਰੋਫੈਸ਼ਨਲ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ : 403 680 1126 ***267***

### ਲੜਕੀ ਦੀ ਲੋੜ

ਜੱਟ ਸਿੱਖ ਪੰਧੇਰ ਪਰਿਵਾਰ ਦੇ ਕਨੇਡਾ ਵਰਕ ਪਰਮਿਟ ਉੱਪਰ ਰਹਿੰਦੇ ਲੜਕੇ,ਜਨਮ 1995,ਕੱਦ 6 ਫੁੱਟ,ਵਿਦਿਅਕ ਯੋਗਤਾ: ਬੀ ਏ,ਮਕੈਨੀਕਲ ਇੰਜੀਨੀਅਰਿੰਗ,ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਪੰਜਾਬ ਦੇ ਲੁਧਿਆਣਾ ਜਿਲੇ ਵਿੱਚ ਰਾਇਕੋਟ ਦੇ ਨੇੜੇ ਲੜਕੇ ਕੋਲ 8 ਕਿੱਲੇ ਜ਼ਮੀਨ ਦੀ ਮਾਲਕੀ ਹੈ। ਲੜਕੇ ਦੀ ਭੈਣ ਕਨੇਡੀਅਨ ਸਿਟੀਜਨ ਹੈ। ਸੰਪਰਕ:1 647 992 6500 ***267***

### ਲੜਕੀ ਦੀ ਲੋੜ

ਕਨੇਡਾ ਵਿੱਚ ਵਰਕ ਪਰਮਿਟ ਉੱਪਰ ਰਹਿੰਦੇ ਜੱਟ ਸਿੱਖ ਸੰਘੇੜਾ ਪਰਿਵਾਰ ਦੇ ਲੜਕੇ ਉਮਰ 33 ਸਾਲ, ਕੱਦ 6 ਫੁੱਟ, ਇਟਲੀ ਤੋਂ ਇਲੈਕਟਰੀਕਲ ਡਿਪਲੋਮਾਂ ਹੋਲਡਰ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕਾ ਇਸ ਵੇਲੇ ਕੈਲਗਰੀ ਰਹਿੰਦਾ ਹੈ ਪਰ ਉਸਦਾ ਬਾਕੀ ਪਰਿਵਾਰ ਇਟਲੀ ਵਿੱਚ ਰਹਿੰਦਾ ਹੈ। ਸੰਪਰਕ: 1 236 518 7941 ਜਾਂ 403 402 6001 ***267***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਬਰਾੜ ਪਰਿਵਾਰ ਦੇ ਪੱਗ ਬੰਨਦੇ ਵੈਜੀਟੇਰੀਅਨ ਲੜਕੇ ਉਮਰ 29 ਸਾਲ, ਕੱਦ 5 ਫੁੱਟ 10 ਇੰਚ,5 ਕਿੱਲੇ ਜ਼ਮੀਨ ਦੇ ਮਾਲਕ ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ ।ਲੜਕੇ ਦਾ ਸਾਰਾ ਪਰਿਵਾਰ ਕੈਨੇਡਾ ਵਿੱਚ ਰਹਿੰਦਾ ਹੈ। ਕਨੇਡੀਅਨ ਪੀ ਆਰ ਜਾਂ ਵਰਕ ਪਰਮਿਟ ਹੋਲਡਰ ਲੜਕੀ ਨੂੰ ਪਹਿਲ, ਮੋਬਾਇਲ ਨੰ: 289 659 5681 **262**

### ਲੜਕੀ ਦੀ ਲੋੜ

ਕੈਨੇਡੀਅਨ ਸਿਟੀਜਨ ਜੱਟ ਸਿੱਖ ਗਿੱਲ ਪਰਿਵਾਰ ਦੇ ਲੜਕੇ, ਉਮਰ 31 ਕੱਦ 5 ਫੁੱਟ 8 ਇੰਚ, ਇਲੈਕਟ੍ਰਾਨਿਕਸ ਇੰਜਨੀਅਰਿੰਗ ਡਿਪਲੋਮਾ ਹੋਲਡਰ ਲਈ ਕੈਨੇਡੀਅਨ ਪੀ ਆਰ ਜਾਂ ਵਰਕ ਪਰਮਿਟ ਹੋਲਡਰ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਅਲਬਰਟਾ ਸੂਬੇ ਵਿੱਚ ਰਹਿੰਦਾ ਹੈ।ਮਾਲਵਾ ਇਲਾਕੇ ਨੂੰ ਪਹਿਲ। ਸੰਪਰਕ - 587 578 6700 ਜਾਂ 587 378 6700 ***266***

### ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ, ਸਿੱਖ ਕਸ਼ਪ ਰਾਜਪੂਤ, 34 ਸਾਲ, 5 ਫੁੱਟ 2 ਇੰਚ, ਤਲਾਕਸ਼ੁਦਾ(ਨੋ ਕਿਡ), ਬੀ ਫਾਰਮੇਸੀ (ਇੰਡੀਆ), ਪੋਸਟ ਗ੍ਰੈਜੂਏਟ ਡਿਪਲੋਮਾ ਹੋਲਡਰ (ਕਨੇਡਾ) ਲਈ ਕੈਲਗਰੀ ਜਾਂ ਨੇੜੇ ਰਹਿੰਦੇ ਹਾਣ ਪ੍ਰਵਾਣ, ਨਸ਼ਾ ਰਹਿਤ, ਨਾਨ ਸਮੋਕਰ ਲੜਕੇ ਦੀ ਰਿਸ਼ਤੇ ਲਈ ਲੋੜ ਹੈ। (ਨੋ ਕਾਸਟ ਬਾਰ) ਸਾਰਾ ਪ੍ਰੀਵਾਰ ਕਨੇਡਾ ਵਿੱਚ ਹੈ। ਬਾਇ- ਡਾਟਾ ਸਮੇਤ ਤਾਜ਼ਾ ਫੋਟੋ ਵਟਸਐਪ ਨੰਬਰ +919417121464 ਤੇ ਭੇਜੋ।***266***

### ਲੜਕੇ ਦੀ ਲੋੜ

ਕਨੇਡਾ ਵਿੱਚ ਵਰਕ ਪਰਮਿਟ ਉੱਪਰ ਜੱਟ ਸਿੱਖ ਸੇਖੋਂ ਪਰਿਵਾਰ ਦੀ ਤਲਾਕਸ਼ੁਦਾ (ਬਿਨਾ ਬੱਚੇ) ਲੜਕੀ,ਉਮਰ 35 ਸਾਲ,ਕੱਦ 5 ਫੁੱਟ 3 ਇੰਚ,ਮਾਸਟਰ ਡਿਗਰੀ (ਇੰਡੀਆ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 780 725 2697 ***266***

### ਲੜਕੇ ਦੀ ਲੋੜ

Sikh family seeking a suitable match for their Canadian-born daughter, 36 years old, height 5'43 , born and raised in Calgary, Alberta. She is well-educated, holds a master's degree, and currently works in the education field. We are looking for someone who is Canadian born that lives in Calgary or surrounding areas, is well-educated with a professional career, and is open to previously divorced individuals. If interested, please contact 403-680-4793 ***265**

### ਲੜਕੀ ਦੀ ਲੋੜ

ਕੈਨੇਡਾ ਓਪਨ ਵਰਕ ਪਰਮਿਟ ਉੱਪਰ ਰਹਿੰਦੇ ਜੱਟ ਸਿੱਖ ਹੇਹਰ ਪਰਿਵਾਰ ਦੇ ਲੜਕੇ ਉਮਰ 36 ਸਾਲ ਕੱਦ 5 ਫੁੱਟ 9 ਇੰਚ ਵਿਦਿਅਕ ਯੋਗਤਾ ਹਾਈ ਸਕੂਲ ,ਕਾਰ ਆਟੋ ਬਾਡੀ ਜਰਨੀਮੈਨ ਲਈ ਕਨੇਡੀਅਨ ਪੀ ਆਰ ਜਾਂ ਵਰਕ ਪਰਮਿਟ ਹੋਲਡਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 780 243 5814 ***265***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ,ਜੱਟ ਸਿੱਖ ਹਾਂਸ ਪਰਿਵਾਰ ਦੇ ਲੜਕੇ,ਉਮਰ 26 ਸਾਲ,ਕੱਦ 6 ਫੁੱਟ 1 ਇੰਚ,ਵਿਦਿਅਕ ਯੋਗਤਾ: ਮਕੈਨੀਕਲ ਟੈਕਨੀਸ਼ੀਅਨ ਡਿਪਲੋਮਾ ਹੋਲਡਰ ਲਈ ਪੜੀ ਲਿਖੀ,ਲੰਮੇ ਕੱਦ ਵਾਲੀ,ਪਰਿਵਾਰਕ ਕਦਰਾਂ ਕੀਮਤਾਂ ਨੂੰ ਸਮਝਣ ਵਾਲੀ, ਜੱਟ ਸਿੱਖ ਪਰਿਵਾਰ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 437 233 5450 ਜਾਂ ਵਟਸਐਪ: 95011 86208 ***264***

### ਲੜਕੀ ਦੀ ਲੋੜ

ਕਨੇਡੀਅਨ ਬੌਰਨ ਬੀ ਸੀ ਰਹਿੰਦੇ ਜੱਟ ਸਿੱਖ ਚੀਮਾਂ ਪਰਿਵਾਰ ਦੇ ਹਾਕੀ ਪਲੇਅਰ ਲੜਕੇ ਉਮਰ 33 ਸਾਲ, ਕੱਦ 6 ਫੁੱਟ 2 ਇੰਚ, ਅਕਾਊਂਟਿੰਗ ਡਿਪਲੋਮਾਂ ਹੋਲਡਰ, ਹੁਣ 70 ਤੋਂ 80 ਹਜਾਰ ਡਾਲਰ ਦੀ ਚੰਗੀ ਜੌਬ ਕਰਦੇ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਕੋਲ ਆਪਣਾ ਘਰ ਅਤੇ ਕੈਨੇਡਾ ਵਿੱਚ ਵੈੱਲ ਸੈਟਲਡ ਹੈ। ਸੰਪਰਕ: 403 918 5718 ਜਾਂ 403 293 5718 ***264***

### ਲੜਕੀ ਦੀ ਲੋੜ

ਜੱਟ ਸਿੱਖ ਹੁੰਦਲ ਪਰਿਵਾਰ ਦੇ ਵਿਜੀਟਰ ਵੀਜ਼ੇ ਤੇ ਆਏ ਨਸ਼ਾ ਰਹਿਤ ਲੜਕੇ, ਉਮਰ 28 ਸਾਲ ਕੱਦ 5 ਫੁੱਟ 10 ਇੰਚ ਵਿਦਿਅਕ ਯੋਗਤਾ: +2,ਆਈ ਟੀ ਆਈ ਤੋਂ ਵੈਲਡਰ ਡਿਪਲੋਮਾਂ ਹੋਲਡਰ ਲਈ ਕਨੇਡੀਅਨ ਪੀ ਆਰ,ਸਟੱਡੀ ਪਰਮਿਟ ਜਾਂ ਵਰਕ ਪਰਮਿਟ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਤਾਲਾਕਸ਼ੁਦਾ ਲੜਕੀ ਵੀ ਸੰਪਰਕ ਕਰ ਸਕਦੀ ਹੈ। ਲੜਕੇ ਦੀ ਵੱਡੀ ਭੈਣ ਕਨੇਡਾ ਸੈੱਟਲ ਹੈ ।ਮਾਪਿਆਂ ਕੋਲ ਵੀ ਕਨੇਡੀਅਨ ਵੀਜ਼ਾ ਹੈ । ਵਿਨੀਪੈਗ ਨੂੰ ਪਹਿਲ 431-866-5313 ਜਾਂ ਈਮੇਲ- hundalsingh996@gmail.com ***264***

### ਲੜਕੀ ਦੀ ਲੋੜ

ਕਨੇਡਾ ਵਿਜਟਿਰ ਵੀਜ਼ਾ ਉੱਪਰ ਆਏ ਜੱਟ ਸਿੱਖ ਸਰਾਂ ਪਰਿਵਾਰ ਦੇ ਲੜਕੇ ਉਮਰ 24 ਸਾਲ, ਕੱਦ 5 ਫੁੱਟ 9 ਇੰਚ,ਵਿਦਿਅਕ ਯੋਗਤਾ ਗਰੇਡ 12, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਵਾਲੀ ਜਾਂ ਡਿਵੋਰਸ ਕੇਸ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 905 781 8408 ਜਾਂ ਈ ਮੇਲ: arshpreetsaran3 @gmail.com ***263 ***

### ਲੜਕੀ ਦੀ ਲੋੜ

ਕਨੇਡੀਅਨ ਜੰਮਪਲ, ਜੱਟ ਸਿੱਖ ਗਿੱਲ ਪਰਿਵਾਰ ਦੇ ਲੜਕੇ ਉਮਰ 30 ਸਾਲ, ਕੱਦ 5 ਫੁੱਟ 11 ਇੰਚ, ਵਿਦਿਅਕ ਯੋਗਤਾ: ਮਾਸਟਰ ਇਨ ਅਕਾਊਂਟਿੰਗ, ਆਪਣੇ ਬਿਜਨਿਸ ਵਿੱਚ ਵੈੱਲ ਸੈਟਲਡ, ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਕਨੇਡੀਅਨ ਜੰਮਪਲ, ਕੱਦ 5 ਫੁੱਟ 4 ਇੰਚ ਤੋਂ 5 ਫੁੱਟ 8 ਇੰਚ ਦੇ ਵਿਚਕਾਰ ਅਤੇ ਪਰਿਵਾਰਕ ਕਦਰਾਂ ਕੀਮਤਾਂ ਵਾਲੀ ਹੋਵੇ। ਸੰਪਰਕ: 1 306 470 0094 ***263 ***

### ਲੜਕੀ ਦੀ ਲੋੜ

ਕਨੇਡਾ ਵਿਜਟਿਰ ਵੀਜੇ ਉੱਪਰ ਆਏ ਜੱਟ ਸਿੱਖ ਗਿੱਲ ਪਰਿਵਾਰ ਦੇ ਪੱਗ ਬੰਨਦੇ, ਵੈਜੀਟੇਰੀਅਨ ਲੜਕੇ ਉਮਰ 28 ਸਾਲ,ਕੱਦ 5 ਫੁੱਟ 8 ਇੰਚ ਪੜਾਈ ਲਿਖਾਈ: ਪਲੱਸ 2: ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੀਆਂ ਦੋਵੇਂ ਭੈਣਾਂ ਕਨੇਡਾ ਰਹਿੰਦੀਆਂ ਹਨ। ਡਿਵੋਰਸ ਕੇਸ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। 403 483 9228 ਜਾਂ ਈ ਮੇਲ: Gursewakgill94@yahoo.com ***263 ***

### ਲੜਕੇ ਦੀ ਲੋੜ

ਪੰਜਾਬ ਦੇ ਤਲਵੰਡੀ ਸਾਬੋ ਇਲਾਕੇ ਨਾਲ ਸਬੰਧਿਤ ਔਲਖ ਪਰਿਵਾਰ ਦੀ ਸੋਹਣੀ ਸੁਨੱਖੀ ਲੜਕੀ ਜਨਮ 1982,ਕੱਦ 5 ਫੁੱਟ 7 ਇੰਚ, ਪੜਾਈ ਲਿਖਾਈ ਪਲੱਸ 2 ਐਂਡ ਐਨ ਟੀ ਟੀ, ਹੁਣ ਪਰਾਈਵੇਟ ਸਕੂਲ ਵਿੱਚ ਟੀਚਰ ਦੀ ਜੌਬ ਕਰਦੀ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦੀਆਂ ਦੂਜੀਆਂ ਭੈਣਾਂ ਇੰਡੀਆ ਅਤੇ ਕੈਨੇਡਾ ਵੈੱਲ ਸੈਟਲਡ ਹਨ। ਛੋਟਾ ਭਰਾ ਖੇਤੀਬਾੜੀ ਅਤੇ ਮੈਰਿਜ ਪੈਲੇਸ ਤਲਵੰਡੀ ਸਾਬੋ ਕਾਰੋਬਾਰੀ ਹੈ। ਸੰਪਰਕ: 91 98784 34024 ***263 RG***

### ਲੜਕੇ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ ਉਮਰ 29 ਸਾਲ, ਕੱਦ 5 ਫੁੱਟ 2 ਇੰਚ, ਵਿਦਿਅਕ ਯੋਗਤਾ ਐਮ ਕਾਮ, ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਕਨੇਡਾ ਵਿੱਚ ਵੈੱਲ ਸੈੱਟਲਡ ਹੈ। ਸੰਪਰਕ: 780 966 4500 ਜਾਂ ਈ ਮੇਲ :tarjinders@yahoo.com ***262***

### ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ,ਜੱਟ ਸਿੱਖ ਸਿੱਧੂ ਪਰਿਵਾਰ ਦੀ ਲੜਕੀ ਉਮਰ 31 ਸਾਲ, ਕੱਦ 5 ਫੁੱਟ 6 ਇੰਚ, ਵਿਦਿਅਕ ਯੋਗਤਾ: ਬੀ ਕਾਮ (ਇੰਡੀਆ) ਪੋਸਟ ਡਿਗਰੀ ਡਿਪਲੋਮਾ ਇਨ ਬਿਜਨਿਸ ਐਡਮਨਿਸਟ੍ਰੇਸ਼ਨ(ਕਨੇਡਾ) ਸਰਵਿਸ ਕਨੇਡਾ (ਸਰਕਾਰੀ ਜੌਬ)ਕਰਦੀ ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੇ ਵੈਸ਼ਨੂੰ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਕੋਲ 25 ਏਕੜ ਪਲੱਸ ਜ਼ਮੀਨ ਦੀ ਮਾਲਕੀ ਹੋਵੇ, ਮਾਲਵਾ ਇਲਾਕੇ ਜਾਂ ਮਲਵਈ ਪਰਿਵਾਰ ਨੂੰ ਪਹਿਲ, ਸਿਰਫ ਅਮਰੀਕਾ,ਕਨੇਡਾ ਜਾਂ ਇੰਗਲੈਂਡ ਵਾਲੇ ਵੈਸ਼ਨੂੰ ਪਰਿਵਾਰ ਹੀ ਸੰਪਰਕ ਕਰਨ। ਸੰਪਰਕ: 1 780 522 1790 ਜਾਂ ਵਟਸਐਪ 91 94170 37882 ***262***

### ਲੜਕੀ ਦੀ ਲੋੜ

ਵਰਕ ਪਰਮਿਟ ਉੱਪਰ ਕਨੇਡਾ ਆਏ ਜੱਟ ਸਿੱਖ ਗਿੱਲ ਪਰਿਵਾਰ ਦੇ ਲੜਕੇ, ਜਨਮ 1991, ਵਿਦਿਅਕ ਯੋਗਤਾ ਪਲੱਸ ਟੂ ਡਿਪਲੋਮਾ ਹੋਲਡਰ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 587 839 5630 ਜਾਂ ਵਟਸਐਪ 91 98765 04844 ***262***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਤੂਰ ਪਰਿਵਾਰ ਦੇ ਲੜਕੇ ਉਮਰ, ਉਮਰ 30 ਸਾਲ,ਕੱਦ 5ਫੁੱਟ 11 ਇੰਚ,ਵਿੱਦਿਅਕ ਯੋਗਤਾ ਬੀ ਏ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤ ਦੀ ਲੋੜ ਹੈ। ਜੋਆਇੰਟ ਫੈਮਿਲੀ ਵਾਲੇ ਰਿਸ਼ਤੇ ਨੂੰ ਪਹਿਲ। ਸੰਪਰਕ ਲਈ ਸਿਰਫ ਵਟਸਐਪ ਉੱਪਰ ਹੀ ਵਾਇਓਡਾਟਾ ਭੇਜਿਆ ਜਾਵੇ। ਵਟਸਐਪ: 403 680 0436 ******

### ਲੜਕੇ ਦੀ ਲੋੜ

Sikh family seeks a suitable match for their beautiful daughter, 27 years old, height 5'-11", born and raised in B.C. Canada, family oriented, Canadian citizen, works in an office. The boy should be tall, handsome, raised in Canada or USA, educated, from a well settled family with strong family values. Preference given to a person who resides in B.C., or is willing to relocate to B.C. Serious inquiries only. Send bio data and recent photos to: anayabhangu14@gmail.com ***262***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ,ਉੱਪਲ ਪਰਿਵਾਰ ਦੇ ਲੜਕੇ ਉਮਰ 37 ਸਾਲ, ਕੱਦ 6 ਫੁੱਟ 2 ਇੰਚ, ਵਿਦਿਅਕ ਯੋਗਤਾ:ਬੀ ਏ ਲਈ ਹਾਣ ਪ੍ਰਵਾਣ ਦੀ ਪਰਿਵਾਰਕ ਕਦਰਾਂ ਕੀਮਤਾਂ ਜਾਨਣ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਿਜਟਿਰ ਵੀਜੇ ਜਾਂ ਵਰਕ ਪਰਮਿਟ ਉੱਪਰ ਆਈ ਲੜਕੀ ਵੀ ਸੰਪਰਕ ਕਰ ਸਕਦੀ ਹੈ।ਸੰਪਰਕ: 1 236 867 4005 ***262***

### ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਆਏ ਪੰਜਾਬ ਦੇ ਮੋਗਾ ਜਿਲ੍ਹੇ ਨਾਲ ਸਬੰਧਿਤ ਜੱਟ ਸਿੱਖ ਪਰਿਵਾਰ ਦੇ ਐਡਮਿੰਟਨ ਰਹਿੰਦੇ ਲੜਕੇ ,ਉਮਰ 31ਸਾਲ, ਕੱਦ 5 ਫੁੱਟ 11 ਇੰਚ, ਵਿਦਿਅਕ ਯੋਗਤਾ ਬੀ ਟੈੱਕ ਇੰਜੀਨੀਅਰ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 780 868 6148 ***262***

### ਲੜਕੀ ਦੀ ਲੋੜ

ਕਨੇਡਾ ਵਿੱਚ ਵਰਕ ਪਰਮਿਟ ਉਪਰ ਜੱਟ ਸਿੱਖ ਦੁਸਾਂਝ ਪਰਿਵਾਰ ਦੇ ਕੈਲਗਰੀ ਰਹਿੰਦੇ ਲੜਕੇ,ਉਮਰ 27 ਸਾਲ,ਕੱਦ 6 ਫੁੱਟ 4 ਇੰਚ ਵਿਦਿਅਕ ਯੋਗਤਾ ਐਮ ਏ, ਤਲਾਕਸ਼ੁਦਾ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਬਿਨਾਂ ਬੱਚੇ ਤੋਂ ਤਲਾਕ ਸ਼ੁਦਾ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 403 971 2245 ***280*** *F*

### ਲੜਕੀ ਦੀ ਲੋੜ

ਕਨੇਡੀਅਨ ਬੌਰਨ,ਜੱਟ ਸਿੱਖ ਪਰਿਵਾਰ ਦੇ ਕੈਲਗਰੀ ਰਹਿੰਦੇ ਨਾਨ ਡਰਿੰਕਰ, ਲੜਕੇ ਉਮਰ 32 ਸਾਲ, ਕੱਦ 5 ਫੁੱਟ 10 ਇੰਚ, ਵਿਦਿਅਕ ਯੋਗਤਾ: ਕਨੇਡੀਅਨ ਯੂਨੀਵਰਿਸਟੀ ਤੋਂ ਬਿਜਨਿਸ ਐਡਮਨਿਸਟ੍ਰੇਸ਼ਨ ਬੈਚੂਲਰ ਡਿਗਰੀ, ਸਾਫਟਵੇਅਰ ਡਿਵੈਲਪਮੈਂਟ ਕੰਪਨੀ ਨਾਲ ਟੋਟਲ ਰੀਵਾਰਡਜ਼ ਮੈਨੇਜਰ ਦੀ ਜੌਬ ਕਰਦੇ ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਆਪਣਾ ਈ ਕਾਮਰਸ ਬਿਜਨਿਸ ਵੀ ਹੈ। ਸੰਪਰਕ: 403 561 6016 ***_***

### ਲੜਕੀ ਦੀ ਲੋੜ

ਕਨੇਡੀਅਨ ਬੌਰਨ ਜੱਟ ਸਿੱਖ ਸੰਧੂ ਪਰਿਵਾਰ ਦੇ ਤਲਾਕਸ਼ੁਦਾ ਲੜਕੇ ਉਮਰ 43 ਸਾਲ, ਕੱਦ 5 ਫੁੱਟ 10 ਇੰਚ, ਲਈ ਹਾਣ ਪ੍ਰਵਾਣ ਦੀ ਉਮਰ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਵਾਲੀ ਜਾਂ ਬਿਨਾ ਬੱਚੇ ਤੋਂ ਤਲਾਕਸ਼ੁਦਾ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 403 826 8245 *** ***

### ਲੜਕੇ ਦੀ ਲੋੜ

ਜੱਟ ਸਿੱਖ, ਖੈਰਾ ਪਰਿਵਾਰ ਬਰਨਾਲਾ ਇਲਾਕੇ ਦੀ ਪੰਜਾਬ ਰਹਿੰਦੀ, ਚੰਗੀਆਂ ਪਰਿਵਾਰਿਕ ਕਦਰਾਂ ਕੀਮਤਾਂ ਵਾਲੀ,ਸੋਹਣੀ ਸੁਨੱਖੀ,ਇੰਟੈਲੀਜੈਂਟ, ਲੜਕੀ ਜਨਮ 1992,ਕੱਦ 5 ਫੱਟ 3 ਇੰਚ, ਵਿਦਿਅਕ ਯੋਗਤਾ ਐਮ ਐੱਸ (ਆਈ ਟੀ) ਲਈ ਕਨੇਡਾ ਅਮਰੀਕਾ ਜਾਂ ਆਸਟਰੇਲੀਆ ਰਹਿੰਦੇ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: ਵਟਸਐਪ 91-9393800002 ਜਾਂ 1 780 300 2000 ***_***

### ਲੜਕੇ ਦੀ ਲੋੜ

Jatt Sikh family seek a suitable match for their 5ft. 8inch / 30 years old daughter. She is an Engineering Graduate from Canadian University and working as a Professional Engineer (P. Eng.) within a reputed company. Boy should be born or raised in Canada. Seeking Canadian University Educated Doctor, Engineer, Lawyer, and Accountant. Contact: (403) 828 7973 or acheema8811@gmail.com. Only Jatt Sikh families contact. ***000***

### ਲੜਕੀ ਦੀ ਲੋੜ

ਕਨੇਡਾ ਸਟੂਡੈਂਟ/ਵਰਕ ਪਰਮਿਟ ਉੱਪਰ ਕਨੇਡਾ ਆਏ ਜੱਟ ਸਿੱਖ ਸਮਰਾ ਪਰਿਵਾਰ ਦੇ ਇਕਲੌਤੇ, ਸੋਹਣੇ ਸੁਨੱਖੇ ਲੜਕੇ ਉਮਰ 22 ਸਾਲ ਕੱਦ 5 ਫੁੱਟ 9 ਇੰਚ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਆਰਥਿਕ ਤੌਰ ਤੇ ਬਹੁਤ ਚੰਗੀ ਹਾਲਾਤ ਵਾਲੇ ਸਿਰੇ ਦੇ ਮਿਹਨਤੀ ਲੜਕੇ ਕੋਲ ਪੰਜਾਬ ਵਿੱਚ 20 ਏਕੜ ਜ਼ਮੀਨ, ਕੰਬਾਈਨ,ਟਰੈਕਟਰ, ਕਾਰੋਬਾਰੀ (ਆੜ੍ਹਤ)ਦਾ ਪਿਛੋਕੜ, ਪਿੰਡ ਵਿੱਚ ਵੱਡ ਅਕਾਰੀ ਕੋਠੀ, ਗੱਡੀ ਆਦਿ ਵਰਗੀਆਂ ਸਹੂਲਤਾਂ ਮੌਜੂਦ ਹਨ। ਲੜਕੇ ਦਾ ਤਾਇਆ ਅਤੇ ਬਾਕੀ ਪਰਿਵਾਰ ਕਨੇਡਾ ਪੱਕੇ ਤੌਰ ਤੇ ਸੈਟਲ ਹੈ। ਸੰਪਰਕ (ਵਟਸਐਪ): 9583592000

“ਪੰਜਾਬੀ ਅਖ਼ਬਾਰ” ਵਿੱਚ ਖ਼ਬਰਾਂ,ਕਾਰੋਬਾਰ ਵਿੱਚ ਵਾਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ, ਇੰਡੀਅਨ ਪਾਸਪੋਰਟ ਉੱਪਰ ਨਾਮ ਬਦਲੀ ਸਬੰਧੀ ਇਸ਼ਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ ।

Email: punjabiakhbaar@gmail.com

**403 640 2000**

## ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ




ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ “ਐਲ ਐਮ ਆਈ ਵੀ ਮਿਲ ਜਾਵੇਗੀ “ਜੇਕਰ ਕੰਮ ਦਾ ਤਜ਼ਰਬਾ ਨਹੀਂ ਹੈ ਤਾਂ ਉਹ ਕੰਮ ਵੀ ਸਿਖਾ ਦੇਣਗੇ। ਸਰੀਰਕ ਤੌਰ ਤੇ ਮਿਹਨਤ ਮੁਸ਼ੱਕਤ ਵਾਲਾ ਕੰਮ ਕਰਨ ਵਾਲੇ ਸੰਪਰਕ ਕਰਨ “403 614 2094 ਜਾਂ 403 402 5615

## ਮਿਹਨਤੀ ਵਰਕਰਾਂ ਨੂੰ ਅਸੀਂ ਇੰਡੀਆ ਤੋਂ ਵੀ ਵਰਕ ਪਰਮਿਟ ਉੱਪਰ ਬੁਲਾ ਸਕਦੇ ਹਾਂ

Bhinder Exterior have the following job positions available as listed below.

- Administrative Assistant
- Civil Engineer
- Business Development
- Stucco Plasterer
- Consultant, Advertising
- Roofer
- Construction Helper

If you have any questions regarding the information provided, please do not hesitate to contact @ +1 403 680 0436 or email at bhinderexteriors13@gmail.com.

## ਟਰੰਪ ਨਾਲ ਨਜਿੱਠਣ ਲਈ ਮਾਰਕ ਕਾਰਨੀ ਸਭ ਤੋਂ ਵੱਧ ਯੋਗ -ਸਰਵੇਖਣ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ ) ਜ਼ਿਆਦਾਤਰ ਕੈਨੇਡਾ ਵਾਸੀਆਂ ਦਾ ਮੰਨਣਾ ਹੈ ਕਿ ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨਾਲ ਨਜਿੱਠਣ ਵਾਸਤੇ ਇਸ ਵਕਤ ਬੈਂਕ ਆਫ ਕੈਨੇਡਾ ਦੇ ਸਾਬਕਾ ਗਵਰਨਰ ਮਾਰਕ ਕਾਰਨੀ ਜੋ ਕਿ 9 ਮਾਰਚ ਨੂੰ ਹੋ ਰਹੀ ਫੈਡਰਲ ਲਿਬਰਲ ਪਾਰਟੀ ਦੀ ਲੀਡਰਸ਼ਿਪ ਦੌੜ ਵਿੱਚ ਸ਼ਾਮਿਲ ਹਨ ਸਭ ਤੋਂ ਯੋਗ ਵਿਅਕਤੀ ਹਨ ਅਸਲ ਵਿੱਚ ਜਾਰੀ ਕੀਤੇ ਗਏ ਇੱਕ ਨਵੇਂ ਸਰਵੇਖਣ ਵਿੱਚ ਜਿਆਦਾਤਰ ਕਨੇਡੀਅਨ ਲੋਕਾਂ ਦਾ ਆਖਣਾ ਸੀ ਕਿ ਮਾਰਕ ਕਾਰਨੀ ਹੀ ਡੋਨਲਡ ਟਰੰਪ ਅਤੇ ਉਹਨਾਂ ਦੇ ਪ੍ਰਸ਼ਾਸਨ ਨਾਲ ਟਰੇਡ ਅਤੇ ਟੈਰਿਫ ਬਾਰੇ ਗੱਲਬਾਤ ਕਰਨ ਲਈ ਸਭ ਤੋਂ ਜ਼ਿਆਦਾ ਸਮਰੱਥ ਹਨ ਇਹ ਸਰਵੇਖਣ 31 ਜਨਵਰੀ ਤੋਂ ਤਿੰਨ ਫਰਵਰੀ ਦੇ ਦੌਰਾਨ ਕਰਵਾਇਆ ਗਿਆ

## Name of Change

I, MANVIR SINGH, son/of NIRBHAI SINGH, holder of Indian passport No.M 2782043 , issued at CHANDIGARH, on 09/10/2014 , permanent resident of V.P.O: DITTUPUR JATTAN, TEH: NABHA, PATIALA PIN: 147001, PUNJAB, INDIA and presently residing at 79 SADDLECREEK TERR NE CALGARY (AB) T3J4A6 CANADA, do hereby change my name from MANVIR SINGH , to MANVIR SINGH TIWANA, with immediate effect.
Phone: 1 825 734 0075 Date: 06/Feb/2025

# ਅਮਰੀਕਾ ਵੱਲੋਂ ਗ਼ੈਰ ਕਾਨੂੰਨੀ ਭਾਰਤੀਆਂ ਦੀ ਜਬਰੀ ਵਾਪਸੀ, ਜ਼ਿੰਮੇਵਾਰ ਕੌਣ ?

**ਲੈਕਚਰਾਰ ਅਜੀਤ ਖੰਨਾ**



ਪਿਊ ਰਿਸਰਚ ਸੈਂਟਰ ਮੁਤਾਬਕ ਸਾਲ 2023 ਤੱਕ ਅਮਰੀਕਾ ਵਿਚ 7 ਲੱਖ ਦੇ ਕਰੀਬ ਭਾਰਤੀ ਗੈਰ ਕਾਨੂੰਨੀ ਢੰਗ ਨਾਲ ਰਹਿ ਰਹੇ ਹਨ । ਪਰ ਹੁਣ ਨਵੇਂ ਬਣੇ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਅਮਰੀਕਾ 'ਚ ਗੈਰ ਕਾਨੂੰਨੀ ਢੰਗ ਨਾਲ ਰਹਿ ਰਹੇ ਸਾਰੇ ਲੋਕਾਂ ਨੂੰ ਜਬਰੀ ਉਨ੍ਹਾਂ ਦੇ ਪਿਤਰੀ ਦੇਸ਼ਾਂ ਨੂੰ ਵਾਪਿਸ ਭੇਜਿਆ ਜਾ ਰਿਹਾ ਹੈ।ਜਿਨ੍ਹਾਂ ਵਿਚ ਭਾਰਤੀ ਵੀ ਸ਼ਾਮਲ ਹਨ । ਜਿੱਥੇ ਇੱਕ ਪਾਸੇ 5 ਫਰਵਰੀ ਨੂੰ ਅਮਰੀਕੀ ਫੌਜੀ ਜਹਾਜ਼ ਵੱਲੋਂ 104 ਭਾਰਤੀਆਂ ਨੂੰ ਅੰਮ੍ਰਿਤਸਰ ਦੀ ਧਰਤੀ ਉੱਤੇ ਲੈਂਡ ਕੀਤਾ ਗਿਆ ਸੀ।ਉਥੇ ਉਸ ਸਮੇਂ ਬਹੁਤ ਹੀ ਹੈਰਾਨੀ ਭਰੀਆਂ ਤਸਵੀਰਾਂ ਵੀ ਸ਼ੋਸ਼ਲ ਮੀਡੀਆ 'ਤੇ ਵਾਇਰਲ ਹੋਈਆਂ ਸਨ । ਜਿਸ ਵਿਚ ਜਬਰੀ ਵਾਪਸ ਭੇਜੇ ਭਾਰਤੀਆਂ ਦੇ ਹੱਥਾਂ ਪੈਰਾਂ ਨੂੰ ਬੇੜੀਆਂ ਲੱਗੀਆਂ ਹੋਈਆਂ ਸਨ।ਜਿਸ ਨਾਲ ਲੋਕਾਂ ਵਿੱਚ ਯੂਐਸਏ ਤੇ ਭਾਰਤ ਸਰਕਾਰ ਖਿਲਾਫ ਰੋਸ ਪੈਦਾ ਹੋਣਾ ਸੁਭਾਵਕ ਸੀ।ਭਾਵੇਂ ਕਿ ਅਮਰੀਕੀ ਕਾਨੂੰਨ ਮੁਤਾਬਕ ਇਹ ਬੇੜੀਆਂ ਅਮਰੀਕਾ ਦੇ ਰੂਲਾਂ ਅਨੁਸਾਰ ਹਰ ਉਸ ਪਰਵਾਸੀ ਨੂੰ ਲਾਈਆਂ ਹੀ ਜਾਂਦੀਆਂ ਹਨ ਜੋ ਗੈਰ ਕਾਨੂੰਨੀ ਢੰਗ ਨਾਲ ਅਮਰੀਕਾ ਚ ਫੜੇ ਜਾਂਦੇ ਹਨ । ਜਬਰੀ ਵਾਪਿਸ ਭੇਜੇ 104 ਭਾਰਤੀਆਂ 'ਚ ਪੰਜਾਬ ਦੇ 30, ਹਰਿਆਣਾ ਦੇ 33,ਗੁਜਰਾਤ ਦੇ 33, ਮਹਾਰਾਸ਼ਟਰ ਦੇ 3, ਯੂਪੀ ਦੇ 3 ਤੇ ਚੰਡੀਗੜ੍ਹ ਦੇ 2 ਨਾਗਰਿਕ ਸ਼ਾਮਲ ਸਨ।ਜਦੋਂ ਕਿ ਜਬਰੀ ਵਾਪਸ ਮੋੜੇ ਇਨ੍ਹਾਂ ਭਾਰਤੀਆਂ 'ਚ 18 ਸਾਲ ਤੋਂ ਘੱਟ ਦੇ 12 ਬੱਚੇ ਤੇ 24 ਔਰਤਾਂ ਸ਼ਾਮਲ ਸਨ । ਹੁਣ ਦੂਜਾ ਜਹਾਜ਼ 119 ਭਾਰਤੀਆਂ ਨੂੰ ਲੈ ਕੇ ਅੰਮ੍ਰਿਤਸਰ ਦੇ ਹਵਾਈ ਅੱਡੇ ਉੱਤੇ ਪਹੁੰਚ ਚੁੱਕਾ ਹੈ।ਜਿਸ ਵਿਚ 67 ਪੰਜਾਬੀ ਸ਼ਾਮਲ ਹਨ।ਜਦੋਂ ਕਿ ਹਰਿਆਣਾ ਦੇ 30 ਤੇ ਗੁਜਰਾਤ ਦੇ 8 ਪਰਵਾਸੀਆਂ ਤੋਂ ਇਲਾਵਾ ਬਾਕੀ ਹੋਰ ਰਾਜਾਂ ਦੇ ਹਨ।ਇਸ ਤੋਂ ਬਾਅਦ 95 ਭਾਰਤੀਆਂ ਨੂੰ ਲੈ ਕੇ ਤੀਜਾ ਜਹਾਜ਼ 16 ਫਰਵਰੀ ਦੀ ਰਾਤ ਨੂੰ ਪੁੱਜੇਗਾ। ਦੱਸਿਆ ਜਾ ਰਿਹਾ ਹੈ ਕਿ ਅਮਰੀਕਾ ਵੱਲੋਂ 18000 ਭਾਰਤੀਆਂ ਦੇ ਗੈਰ ਕਾਨੂੰਨੀ ਹੋਣ ਦੀ ਸੂਚੀ ਭਾਰਤ ਸਰਕਾਰ ਨੂੰ ਸੌਂਪੀ ਗਈ ਸੀ।

ਉਧਰ ਜਬਰੀ ਵਾਪਿਸ ਮੋੜੇ ਭਾਰਤੀਆਂ ਨੂੰ ਹੱਥ ਕੜੀਆਂ ਲਾ ਕੇ ਗੈਰ ਮਨੁੱਖੀ ਢੰਗ ਨਾਲ ਭੇਜਣ 'ਤੇ ਸੰਸਦ ਦੇ ਦੋਵਾਂ ਸਦਨਾਂ 'ਚ ਜਮ ਕੇ ਵਿਰੋਧ ਚੱਲ ਰਿਹਾ ਹੈ।ਨਾਲ ਹੀ ਪੰਜਾਬ ਦੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਵੱਲੋਂ ਵੀ ਅਮਰੀਕਾ ਤੋਂ ਆਉਣ ਵਾਲੇ ਜਹਾਜ਼ਾਂ ਨੂੰ ਪੰਜਾਬ 'ਚ ਲੈਂਡ ਕਰਵਾਉਣ ਨੂੰ ਲੈ ਕੇ ਇਤਰਾਜ਼ ਜਤਾਇਆ ਜਾ ਰਿਹਾ ਹੈ ਤੇ ਇਸ ਨੂੰ ਕੇਂਦਰ ਵੱਲੋਂ ਪੰਜਾਬ ਨੂੰ ਬਦਨਾਮ ਕਰਨ ਦੀ ਚਾਲ ਦੱਸਿਆ ਜਾ ਰਿਹਾ ਹੈ। ਚਲੋ ਖੈਰ ਛੱਡੋ ! ਇਸ ਨੂੰ ਸਿਆਸੀ ਸਟੰਟ ਵੀ ਕਿਹਾ ਜਾ ਸਕਦਾ ਹੈ। ਪਰ ਸਵਾਲ ਇਹ ਪੈਦਾ ਹੁੰਦਾ ਹੈ ਜਬਰੀ ਵਾਪਸੀ (ਡਿਪੋਰਟ) ਦੇ ਇਸ ਵਰਤਾਰੇ ਵਾਸਤੇ ਜ਼ਿੰਮੇਵਾਰ ਕੌਣ ਹੈ ? ਅਮਰੀਕਾ,ਭਾਰਤ , ਏਜੰਟ ਜਾਂ ਫਿਰ ਡਿਪੋਰਟ ਹੋਣ ਵਾਲੇ ਖੁਦ ? ਹੁਣ ਜੇ ਗ਼ੌਰ ਨਾਲ ਇਸ ਦਾ ਵਿਸ਼ਲੇਸ਼ਣ ਕੀਤਾ ਜਾਵੇ ਤਾਂ ਸਭ ਤੋਂ ਜ਼ਿਆਦਾ ਦੋਸ਼ ਸਾਡੀਆਂ ਸਰਕਾਰਾਂ ਦਾ ਜਾਪਦਾ ਹੈ।ਫਿਰ ਉਹ ਭਾਵੇਂ ਕੇਂਦਰ ਸਰਕਾਰ ਹੋਵੇ ਜਾਂ ਸੂਬਾ ਸਰਕਾਰ । ਕਿਉਂਕਿ ਦੇਸ਼ ਆਜ਼ਾਦ ਹੋਣ ਸਮੇਂ ਦੇਸ਼ ਦੀ ਆਬਾਦੀ 43 ਕਰੋੜ ਦੇ ਕਰੀਬ ਤੇ ਬੇਰੁਜ਼ਗਾਰਾਂ ਦੀ ਸੰਖਿਆ ਇੱਕ ਕਰੋੜ ਤੋਂ ਘੱਟ ਸੀ ।ਪਹਿਲਿਆਂ ਲੋਕ ਸਭਾ ਚੋਣਾਂ ਤੋਂ ਲੈ ਕੇ ਹੁਣ ਤੱਕ ਸਾਡੇ ਨੇਤਾ ਭਾਵੇਂ ਉਹ ਕਿਸੇ ਵੀ ਪਾਰਟੀ ਦੇ ਹੋਣ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਦੇ ਲਾਰੇ ਤਾਂ ਲਾਉਂਦੇ ਰਹੇ ।ਕੋਈ ਇੱਕ ਸਾਲ 'ਚ ਇੱਕ ਕਰੋੜ ਤੇ ਕੋਈ ਇੱਕ ਸਾਲ 'ਚ ਦੋ ਕਰੋੜ ਨੌਜਵਾਨਾਂ ਨੂੰ ਨੌਕਰੀਆਂ ਦਿੱਤੇ ਜਾਣ ਦਾ ਭਰੋਸਾ ਦਿੰਦਾ ਰਿਹਾ। ਪਰ ਸੱਤ੍ਹਾ 'ਚ ਆਉਣ ਮਗਰੋਂ ਕਿਸੇ ਨੇ ਕੁਝ ਨਹੀਂ ਕੀਤਾ ? ਨਾ ਨੌਕਰੀ ਦਿੱਤੀ ਨਾ ਹੋਰ ਰੁਜ਼ਗਾਰ।ਜਿਸ ਕਰਕੇ ਨੌਜਵਾਨਾਂ ਨੂੰ ਬਾਹਰਲੇ ਮੁਲਕਾਂ ਦਾ ਰੁੱਖ ਕਰਨ ਨੂੰ ਮਜਬੂਰ ਹੋਣਾ ਪੈਂਦਾ ਹੈ।ਇਹ ਨੌਜਵਾਨ 40 ਤੋਂ 60 ਲੱਖ ਲਾ ਕੇ ਪੁੱਠੇ ਸਿੱਧੇ ਢੰਗ (ਡੌਂਕੀ )ਨਾਲ ਅਮਰੀਕਾ ਕੈਨੇਡਾ ਜਾਂ ਇੰਗਲੈਂਡ ਦੀ ਧਰਤੀ ਉੱਤੇ ਇਸ ਉਮੀਦ ਨਾਲ ਜਾਂਦੇ ਹਨ ਤਾਂ ਜੋ ਆਪਣਾ ਭਵਿੱਖ ਬਣਾ ਸਕਣ । ਏਜੰਟਾਂ ਨੂੰ ਪੈਸਿਆਂ ਦੇ ਥੱਬੇ ਦੇ ਥੱਬੇ ਦੇ ਕੇ ਵਿਦੇਸ਼ ਪਹੁੰਚੇ ਇਨਾਂ ਭਾਰਤੀਆਂ ਨੂੰ ਹੁਣ ਜਦੋਂ ਵਾਪਿਸ ਆਪਣੇ ਮੁਲਕ ਜਬਰੀ ਭੇਜਿਆ ਜਾ ਰਿਹਾ ਹੈ ਤਾਂ ਉਨ੍ਹਾਂ ਦੀ ਹਾਲਤ ਧੋਬੀ ਦੇ ਕੁੱਤੇ ਵਾਲੀ ਬਣ ਗਈ ਹੈ ।ਜੋ ਨਾ ਘਰ ਦੇ ਰਹੇ ਹਨ ਨਾ ਘਾਟ ਦੇ । ਅਮਰੀਕਾ ਵੱਲੋਂ ਬੇਰੰਗ ਚਿੱਠੀ ਦੀ ਤਰ੍ਹਾਂ ਜਬਰੀ ਵਾਪਸ ਭਾਰਤ ਮੋੜੇ ਇਹ ਪਰਵਾਸੀ ਭਾਰਤੀ ਆਪਣਾ ਸਭ ਕੁਝ ਗੁਆਉਣ ਮਗਰੋਂ ਹੁਣ ਕੀ ਕਰਨ ? ਇਹ ਇੱਕ ਵੱਡਾ ਸਵਾਲ ਹੈ ? ਡਿਪੋਰਟ ਹੋਏ ਪਰਵਾਸੀ ਭਾਰਤੀਆਂ ਤੇ ਉਨ੍ਹਾਂ ਦੇ ਮਾਪਿਆਂ ਦੀ ਮਾਨਸਕ ਦਸ਼ਾ ਕਿਹੋ ਜੇਹੀ ਹੋਵੇਗੀ ? ਇਹ ਵੀ ਸੋਚਣ ਵਾਲੀ ਗੱਲ ਹੈ । ਆਪਣੇ ਸਿਰ ਚੜ੍ਹੇ ਲੱਖਾਂ ਰੁਪਿਆਂ ਦੇ ਕਰਜ਼ ਇਹ ਨੌਜਵਾਨ ਕਿੰਝ ਲਾਹੁਣਗੇ ? ਇਨ੍ਹਾਂ ਗੱਲਾਂ ਨੂੰ ਸਮਝਣ ਦੀ ਲੋੜ ਹੈ।ਇਨ੍ਹਾਂ ਵਿਚੋਂ ਬਹੁਤਿਆਂ ਕੋਲ ਤਾਂ ਦੋ ਚਾਰ ਜਾਂ ਫਿਰ ਇਕ ਅੱਧਾ ਕਿੱਲਾ ਜ਼ਮੀਨ ਦਾ ਟੁੱਕੜਾ ਹੀ ਹੈ। ਜੋ ਗਹਿਣਾ ਗੱਟਾ ਵੇਚ ਵੱਟ ਕੇ ਇਸ ਆਸ ਨਾਲ ਜਹਾਜ਼ ਚੜ੍ਹੇ ਸਨ ਕਿ ਅਮਰੀਕਾ ਸੈੱਟ ਹੋਣ ਮਗਰੋਂ ਯਾਰਾਂ ਦੋਸਤਾਂ, ਰਿਸ਼ਤੇਦਾਰਾਂ ਤੋਂ ਲਏ ਕਰਜ਼ੇ ਦੀ ਪੰਡ ਨੂੰ ਕੁਝ ਸਾਲਾਂ 'ਚ ਉਤਾਰ ਕੇ ਇੱਕ ਖੁਸ਼ਹਾਲ ਜ਼ਿੰਦਗੀ ਜਿਊਣਗੇ।ਪਰ ਹੁਣ ਡਿਪੋਰਟ ਹੋਣ ਦਾ ਸੱਲ੍ਹ ਉਮਰਾਂ ਲਈ ਸੀਨੇ ਲੈ ਆਏ ਹਨ।ਇਨ੍ਹਾਂ ਵਾਸਤੇ ਕਰਜ਼ਾ ਲਾਹੁਣਾ ਅਸੰਭਵ ਜੇਹਾ ਲੱਗਦਾ ਹੈ ।ਦਸ ਦੇਈਏ ਜੇ ਪਹਿਲੇ ਜਹਾਜ਼ 'ਚ ਮੁੜਿਆ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਦੇ ਅਮਲੋਹ ਕਸਬੇ ਦਾ ਇੱਕ 30 ਸਾਲਾ ਨੌਜਵਾਨ ਜਸਵਿੰਦਰ ਸਿੰਘ ਤਾਂ ਹਾਲੇ ਇਸੇ ਵਰ੍ਹੇ 15 ਜਨਵਰੀ ਨੂੰ ਅਮਰੀਕਾ ਪਹੁੰਚਿਆ ਸੀ।ਜਿਸ ਕੋਲ ਸਿਰਫ 9 ਕਨਾਲਾਂ ਜ਼ਮੀਨ ਹੀ ਹੈ।ਉਹ 50 ਲੱਖ ਲਾ ਕੇ ਜਹਾਜ਼ ਚੜ੍ਹਿਆ ਸੀ । ਹੁਣ ਉਸਦੇ ਮਾਪਿਆਂ ਤੇ ਉਸਦੀ ਖੁਦ ਦੀ ਮਨੋਹਾਲਤ ਦੁਖਦਾਇਕ ਤੇ ਗੁੰਝਲਦਾਰ ਬਣ ਗਈ ਹੈ।ਇਸੇ ਤਰ੍ਹਾਂ ਦੀ ਹਾਲਤ ਵਾਪਸ ਪਰਤੇ ਹੋਰ ਨੌਜਵਾਨਾਂ ਦੀ ਹੈ ।ਜੋ ਅਜੇ ਕੁਝ ਮਹੀਨੇ ਪਹਿਲਾਂ ਹੀ ਅਮਰੀਕਾ ਪਹੁੰਚੇ ਸਨ।ਜਿਨ੍ਹਾਂ ਦੇ ਸੁਪਨੇ ਟੁੱਟ ਗਏ ਹਨ।ਜਿਸ ਨੂੰ ਨਾ ਤਾਂ ਸਾਡੀਆ ਸਰਕਾਰਾਂ ਤੇ ਨਾ ਹੀ ਡੋਨਾਲਡ ਟਰੰਪ ਵਰਗੇ ਸਮਝ ਸਕਦੇ ਹਨ।ਇੱਥੇ ਇੱਕ ਸਵਾਲ ਇਹ ਵੀ ਹੈ ਕਿ ਅਮਰੀਕਾ ਇੱਕ ਪਰਵਾਸੀ ਦੇਸ਼ ਹੈ ਤੇ ਗੈਰ ਕਾਨੂੰਨੀ ਢੰਗ ਨਾਲ ਅਮਰੀਕਾ ਦਾਖਲ ਹੋਣ ਵਾਲੇ ਪਰਵਾਸੀਆਂ ਨੂੰ ਰੋਕਣ ਦੀ ਜ਼ਿੰਮੇਵਾਰੀ ਅਮਰੀਕਾ ਦੀ ਖੁਦ ਦੀ ਹੈ । ਇਸ ਲਈ ਸਭ ਤੋਂ ਵੱਡਾ ਦੋਸ਼ ਅਮਰੀਕਾ ਦਾ ਖੁਦ ਦਾ ਹੈ।ਕਿਉਂਕਿ ਆਪਣੀ ਸਰਹੱਦ ਦੀ ਰਾਖੀ ਕਰਨ ਦੀ ਜ਼ਿੰਮੇਵਾਰੀ ਅਮਰੀਕਾ ਦੀ ਹੈ ਨਾ ਕਿ ਕਿਸੇ ਹੋਰ ਦੇਸ਼ ਦੀ । ਅਗਲੀ ਗੱਲ ਇਨਾਂ ਪਰਵਾਸੀ ਭਾਰਤੀਆਂ ਦਾ ਰਿਕਾਰਡ ਚੈੱਕ ਕੀਤਾ ਜਾਂਦਾ ।ਅਗਰ ਇਹ ਕ੍ਰਿਮੀਨਲ ਹੁੰਦੇ ਫੇਰ ਬੇਸ਼ੱਕ ਇਨ੍ਹਾਂ ਨੂੰ ਡਿਪੋਰਟ ਕਰ ਦਿੱਤਾ ਜਾਂਦਾ। ਦੂਜਾ ਦੋਸ਼ ਇਸ ਵਿਚ ਸਾਡੀਆਂ ਸਰਕਾਰਾਂ ਦਾ ਹੈ।ਜੋ ਰੁਜ਼ਗਾਰ ਦੇ ਮੌਕੇ ਪੈਦਾ ਕਰਨ 'ਚ ਅਸਫਲ ਰਹੀਆਂ ਹਨ।ਜੇਕਰ ਆਪਣੇ ਮੁਲਕ 'ਚ ਰੁਜ਼ਗਾਰ ਹੋਵੇ ਤਾਂ ਕੌਣ ਘਰ ਬਾਹਰ ਛੱਡ ਕੇ ਬਾਹਰਲੇ ਮੁਲਕੀ ਜਾਣਾ ਚਾਹੁੰਦਾ ਹੈ।ਤੀਜਾ ਦੋਸ਼ ਉਹਨਾਂ ਏਜੰਟਾਂ ਦਾ ਹੈ ਜੋ ਸਹੀ ਸਲਾਹ ਨਾ ਦੇ ਕੇ, ਲੱਖਾਂ ਰੁਪਏ ਬਟੋਰ ਕੇ ਗੈਰ ਕਾਨੂੰਨੀ ਢੰਗ ਨਾਲ ਸਰਹੱਦਾਂ ਟੱਪਣ ਟਪਾਉਣ 'ਚ ਮੱਦਦ ਕਰਦੇ ਹਨ।ਚੌਥੀ ਗੱਲ ਗੈਰ ਕਾਨੂੰਨੀ ਢੰਗ ਨਾਲ ਬਾਹਰਲੇ ਮੁਲਕਾਂ 'ਚ ਜਾਣ ਵਾਲੇ ਇਹ ਲੋਕ ਕਾਫੀ ਹੱਦ ਤੱਕ ਖੁਦ ਵੀ ਜ਼ਿੰਮੇਵਾਰ ਹਨ।ਕਿਸੇ ਗੈਰ ਕਾਨੂੰਨੀ ਕੰਮ ਨੂੰ ਸਹੀ ਨਹੀਂ ਠਹਿਰਾਇਆ ਜਾ ਸਕਦਾ ਤੇ ਸਾਨੂੰ ਇਹ ਗੱਲ ਭੁੱਲਣੀ ਨਹੀਂ ਚਾਹੀਦੀ। ਚਾਲੀ ਤੋਂ ਪੰਜਾਹ ਲੱਖ ਲਾ ਕੇ ਉਹ ਵੀ ਗੈਰ ਕਾਨੂੰਨੀ ਢੰਗ ਵਿਦੇਸ਼ ਜਾਣਾ ਬਿਲਕੁਲ ਗਲਤ ਹੈ।ਹਮੇਸ਼ਾ ਸਹੀ ਢੰਗ ਨਾਲ ਵਿਦੇਸ਼ ਜਾਵੋ।ਇੰਨੀ ਵੱਡੀ ਰਕਮ ਲਾ ਕੇ ਖੁਦ ਨੂੰ ਜ਼ੋਖਮ 'ਚ ਪਾ ਕੇ ਵਿਦੇਸ਼ ਜਾਣ ਦੀ ਬਜਾਏ ਆਪਣੇ ਮੁਲਕ 'ਚ ਹੀ ਸਵੈ ਰੁਜ਼ਗਾਰ ਨੂੰ ਤਰਜੀਹ ਦੇਣੀ ਚਾਹੀਦੀ ਹੈ ਤਾਂ ਜੋ ਨਾ ਗਹਿਣੇ ਵੇਚਣੇ ਪੈਣ ਨਾ ਕਰਜ਼ਾ ਲੈਣਾ ਪਵੇ ਤੇ ਨਾ ਜ਼ਿੰਦਗੀ ਜ਼ੋਖਮ 'ਚ ਪਵੇ।




# ਮੱਘਦਾ ਰਹੀਂ ਵੇ ਸੂਰਜਾ

**ਮੱਘਦਾ ਰਹੀਂ ਵੇ ਸੂਰਜਾ**
**ਸੰਤ ਰਾਮ ਉਦਾਸੀ**

ਇੰਡੀਅਨ ਵਰਕਰਜ਼ ਐਸੋਸੀਏਸ਼ਨ ਗਰੇਟ ਬ੍ਰਿਟੇਨ ਐਂਡ ਇੰਡੀਅਨ ਪੀਪਲਜ਼ ਇਨ ਨਾਰਥ ਅਮਰੀਕਾ (ਇਪਨਾ) ਦੇ ਸਾਂਝੇ ਉੱਦਮ ਸਦਕਾ ਕੈਨੇਡਾ ਦੀ ਧਰਤੀ 'ਤੇ ਇਕ ਐਲ. ਪੀ. ਰਿਕਾਰਡ ਬਣਿਆ ਸੀ। ਜਿਸਦੇ ਗੀਤਕਾਰ ਤੇ ਗਾਇਕ ਸਨ 'ਸੰਤ ਰਾਮ ਉਦਾਸੀ'। ਇਹ ਰਿਕਾਰਡ ਸੰਤ ਰਾਮ ਉਦਾਸੀ ਦੀ 1979 ਕੈਨੇਡਾ ਫੇਰੀ ਸਮੇਂ ਬਣਿਆਂ।

ਇਸ ਰਿਕਾਰਡ ਦਾ ਟਾਈਟਲ ਸੀ, 'ਸੰਤ ਰਾਮ ਉਦਾਸੀ ਦੇ ਗੀਤ' ਤੇ ਨਾਲ ਹੀ ਅੰਗਰੇਜ਼ੀ ਵਿੱਚ ਲਿਖਿਆ ਸੀ, REVOLUTIONARY SONGS FROM INDIA ਇਸ ਰਿਕਾਰਡ 'ਤੇ ਸਾਰੀ ਇਬਾਰਤ ਅੰਗਰੇਜ਼ੀ ਵਿੱਚ ਹੀ ਲਿਖੀ ਹੋਈ ਸੀ। ਜਿਸਦਾ ਪੰਜਾਬੀ ਵਿੱਚ ਹੂਬਹੂ ਤਰਜ਼ਮਾ ਇਸ ਤਰਾਂ ਹੈ:

"ਸੰਤ ਰਾਮ ਉਦਾਸੀ ਲੋਕਾਂ ਦਾ ਆਦਮੀ ਅਤੇ ਕਵੀ ਹੈ। ਉਸਦਾ ਜਨਮ ਪੰਜਾਬ ਵਿੱਚ ਇਕ ਬੇਜ਼ਮੀਨੇ 'ਦਲਿਤ' ਪਰਿਵਾਰ ਦੇ ਘਰ ਹੋਇਆ। ਭਾਰਤੀ ਲੋਕਾਂ ਦੀਆਂ ਇਨਕਲਾਬੀ ਜੱਦੋ-ਜਹਿਦਾਂ 'ਚ ਸਰਗਰਮੀ ਨਾਲ ਹਿੱਸਾ ਲੈਣ ਦੇ ਨਾਲ ਨਾਲ, ਉਦਾਸੀ ਨੇ ਇਹਨਾਂ ਜੱਦੋ-ਜਹਿਦਾਂ ਵਿੱਚ ਆਪਣੀ ਕਵਿਤਾ ਰਾਹੀਂ ਵੀ ਯੋਗਦਾਨ ਪਾਇਆ ਹੈ। ਉਸਦੇ ਸਿਆਸੀ ਵਿਚਾਰਾਂ ਕਰਕੇ, ਭਾਰਤੀ ਸਟੇਟ ਵੱਲੋਂ ਉਸ ਨੂੰ ਕਈ ਵਾਰ ਗ੍ਰਿਫਤਾਰ ਕੀਤਾ ਗਿਆ ਅਤੇ ਉਸ ਉੱਤੇ ਅੰਨ੍ਹਾਂ ਤਸ਼ੱਦਦ ਢਾਹਿਆ ਗਿਆ। ਜਿਸ ਕਾਰਨ ਉਸ ਦੀਆਂ ਅੱਖਾਂ ਦੀ ਲੋਅ ਬਹੁਤ ਘੱਟ ਗਈ ਹੈ।

'ਉਦਾਸੀ ਦੇ ਗੀਤ' ਭਾਰਤੀ ਲੋਕਾਂ ਦੀ ਜੱਦੋ-ਜਹਿਦ ਅਤੇ ਹੌਂਸਲੇ ਦਾ ਜਸ਼ਨ ਮਨਾਉਂਦੇ ਹਨ। ਉਹ ਕਿਸਾਨਾਂ, ਮਜ਼ਦੂਰਾਂ, ਔਰਤਾਂ ਅਤੇ ਦੱਬੇ ਕੁੱਚਲੇ ਲੋਕਾਂ ਦੇ ਗੀਤ ਗਾਉਂਦਾ ਹੈ। ਉਹ ਲੋਕਾਂ ਦੀਆਂ ਦੱਬੀਆਂ ਕੁੱਚਲੀਆਂ ਹਾਲਤਾਂ ਦੇ, ਜ਼ਗੀਰਦਾਰਾਂ, ਸੂਦਖੋਰਾਂ ਅਤੇ ਅਮੀਰਾਂ ਵੱਲੋਂ ਹੁੰਦੀ ਲੁੱਟ-ਖਸੁੱਟ ਪ੍ਰਤੀ ਨਫਰਤ ਦੇ, ਅਤੇ ਲੋਕਾਂ ਵੱਲੋਂ ਆਪਣੀ ਆਜ਼ਾਦੀ ਵਾਸਤੇ ਹਥਿਆਰਬੰਦ ਘੋਲ ਕਰਨ ਦੇ ਬੁਲੰਦ ਇਰਾਦਿਆਂ ਦੇ ਗੀਤ ਗਾਉਂਦਾ ਹੈ। ਇਹਨਾਂ ਗੀਤਾਂ ਦਾ ਸੋਮਾ ਭਾਰਤੀ ਲੋਕਾਂ ਦੇ ਸਭਿਆਚਾਰ ਦੇ ਨਾਲ ਨਾਲ ਨਕਸਬਾੜੀ ਲਹਿਰ ਦਾ ਇਨਕਲਾਬੀ ਘੋਲ ਵੀ ਹੈ। ਇਹ ਗੀਤ ਭਾਰਤ ਦੇ ਨਵਜਮਹੂਰੀ ਇਨਕਲਾਬ ਦੇ ਗੀਤ ਹਨ।"

ਇਸ ਰਿਕਾਰਡ ਦੇ ਦੋਵੇਂ ਪਾਸੇ ਛੇ-ਛੇ ਗੀਤ ਸਨ, ਭਾਵ ਕੁੱਲ ਬਾਰਾਂ ਗੀਤ। ਇਹਨਾਂ ਗੀਤਾਂ ਵਿੱਚ ਕਿਸੇ ਕਿਸਮ ਦਾ ਕੋਈ ਸੰਗੀਤ ਨਹੀਂ


ਸੰਤ ਰਾਮ ਉਦਾਸੀ

ਸੀ। ਰਿਕਾਰਡ ਤੇ ਗੀਤਾਂ ਦਾ ਵੇਰਵਾ ਇਸ ਤਰਾਂ ਹੈ:

ਸਾਈਡ-1

1. *ਸਾਡੀ ਬੀਹੀ ਵਿੱਚ ਚੁੜੀਆਂ ਦਾ ਹੋਕਾ*
2. *ਦੇਸ਼ ਹੈ ਪਿਆਰਾ ਸਾਨੂੰ*
3. *ਸਾਡਾ ਅੰਮੀਓ ਕਰੋ ਨਾ ਜ਼ਰਾ ਝੋਰਾ*
4. *ਕੰਮੀਆਂ ਦਾ ਵੇਹੜਾ*
5. *ਗੁਰੂ ਤੇਗ ਬਹਾਦਰ ਦੀ ਸ਼ਹਾਦਤ ਤੋਂ ਪਹਿਲਾਂ*
6. *ਡੋਲੀ*

ਸਾਈਡ-2

1. *ਮੇਰੇ ਮਿੱਤਰਾ*
2. *ਉੱਠਣ ਦਾ ਵੇਲਾ*
3. *ਜੱਟ ਤੇ ਸੀਰੀ ਦਾ ਹਾਲ*
4. *ਲੋਕੋ ਬਾਜ ਆ ਜਾਉ ਝੂਠੇ ਲੀਡਰਾਂ ਤੋਂ*
5. *ਮਾਰੇ ਗਏ ਮਿੱਤਰਾਂ ਦੇ ਪਿੰਡ*
6. *ਮੈਨੂੰ ਰਹਿਣ ਦੇ ਹਵਾਏ ਮੇਰੇ ਦੇਸ਼*

ਉਸ ਵੇਲੇ ਇਹ ਰਿਕਾਰਡ ਸਿੱਧੇ ਰੂਪ 'ਚ ਪੰਜਾਬ ਨਹੀਂ ਸੀ ਅੱਪੜਿਆ। ਵਿੰਗੇ-ਟੇਢੇ ਢੰਗ ਨਾਲ ਰਿਕਾਰਡ ਦੀਆਂ ਇਕ-ਦੋ ਕਾਪੀਆਂ ਜਾਂ ਕੈਸਿਟਾਂ ਦੇ ਰੂਪ ਵਿੱਚ ਇਹ ਜ਼ਰੂਰਤਮੰਦਾਂ ਕੋਲ ਪਹੁੰਚਿਆ।

ਇਸ ਰਿਕਾਰਡ ਦੇ ਗੀਤ ਪੰਜਾਬ ਦੀਆਂ ਫਿਜ਼ਾਵਾਂ 'ਚ ਤੂਤੜੇ ਦੀ ਧੂਣੀ ਵਾਂਗੂੰ ਧੁੱਖਦੇ ਰਹੇ ਤੇ ਅੱਜ ਤੱਕ ਧੁੱਖ ਰਹੇ ਹਨ। ਅਜੇ ਤੱਕ ਭਾਂਬੜ ਨਹੀਂ ਬਣੇ। ਜਿਵੇਂ ਰਿਕਾਰਡ 'ਤੇ ਲਿਖੀ ਇਬਾਰਤ ਹੀ ਦਸਦੀ ਹੈ ਕਿ ਇਹ ਗੀਤ ਮਿਹਨਤਕਸ਼ ਮਜ਼ਦੂਰਾਂ ਦੇ ਗੀਤ ਹਨ ਤੇ ਸਾਮਰਾਜਵਾਦ ਦੇ ਦੌਰ ਵਿੱਚ ਪੂੰਜੀਪਤੀ ਸ਼ਾਹੂਕਾਰੇ \ਸੂਦਖੋਰੇ ਸਮਾਜ ਵਿੱਚ ਮਿਹਨਤਕਸ਼ ਤੇ ਮਜ਼ਦੂਰ ਦੀ ਆਵਾਜ਼ ਤੂਤੜੇ ਦੀ ਧੂਣੀ ਵਾਂਗੂੰ ਹੀ ਧੁਖਦੀ ਰਹਿੰਦੀ ਐ ਤੇ ਜਦੋਂ ਇਹ ਆਵਾਜ਼ ਭਾਂਬੜ ਬਣ ਜਾਂਦੀ ਹੈ ਤਾਂ ਫੇਰ ਯੁੱਗ ਪਲਟ ਜਾਂਦੇ ਨੇ। ਪੂੰਜੀਪਤੀ ਦੌਰ ਵਿੱਚ ਤਾਂ ਪੂੰਜੀਪਤੀ ਤੇ ਸਰਮਾਏਦਾਰਾਂ ਦੇ ਹੱਕ ਵਿੱਚ ਲਿਖੇ ਸੋਹਲੇ ਹੀ ਗਾਏ ਜਾਂਦੇ ਨੇ, ਪਰ ਉਦਾਸੀ ਉਹ ਸੋਹਲੇ ਗਾਉਣ ਵਾਲਾ ਗੀਤਕਾਰ ਨਹੀਂ ਸੀ:

*ਨਾਲੇ ਪਿੰਡ ਦੇ ਚੌਧਰੀ ਖੁਸ਼ ਰਹਿੰਦੇ*
*ਕੀ ਕਹਿਣਾ ਸੀ ਨਾਲੇ ਸਰਕਾਰ ਮੈਨੂੰ*
*ਤਿੰਨ ਬਾਂਦਰਾਂ 'ਤੇ ਮਾਹਾਂ ਕਾਵਿ ਲਿਖ ਕੇ*
*ਹੁਣ ਨੂੰ ਕੋਈ ਕਿਤਾਬ ਛਪਵਾਈ ਹੁੰਦੀ*
*ਜਿਹੜੀ ਆਪ ਵਿਕਦੀ, ਆਪੇ ਵੇਚ ਲੈਂਦੇ*
*ਰਹਿੰਦੀ ਵਿੱਚ ਸਕੂਲਾਂ ਲਗਵਾਈ ਹੁੰਦੀ*

ਸੰਤ ਰਾਮ ਦੀ ਜ਼ਿੰਦਗੀ ਦੀ ਗੱਲ ਕਰਨ ਤੋਂ ਪਹਿਲਾਂ ਇਸਦੇ ਰਿਕਾਰਡ ਹੋਏ ਗੀਤਾਂ ਦੇ ਇਕ-ਇਕ ਦੋ-ਦੋ ਬੰਦ ਪੜ੍ਹਨੇ ਜ਼ਰੂਰੀ ਹਨ, ਜਿਸ ਵਿੱਚੋਂ ਉਸਦਾ ਸਮੁੱਚਾ ਵਿਅਕਤੀਤਵ ਨਜ਼ਰ ਆ ਜਾਂਦਾ ਹੈ।

ਕਿਰਤੀਆਂ ਦੇ ਘੋਲ ਦੌਰਾਨ ਮਾਰੇ ਗਏ ਵੀਰ ਦੀ ਭੈਣ ਆਪਣੀ ਵਿਧਵਾ ਹੋ ਚੁੱਕੀ ਭਰਜਾਈ ਵੱਲ ਤੱਕ ਕੇ ਬੀਹੀ ਵਿੱਚ ਚੂੜੀਆਂ ਵੇਚਣ ਵਾਲੇ ਵਣਜਾਰੇ ਨੂੰ ਇੰਝ ਮੁਖਾਤਿਬ ਹੁੰਦੀ ਹੈ:

*ਸਾਡੀ ਬੀਹੀ ਵਿੱਚ ਚੂੜੀਆਂ ਦਾ ਹੋਕਾ*
*ਦੇਈਂ ਨਾ ਵੀਰਾ ਵਣਜਾਰਿਆ*
*ਸਾਡੇ ਪਿੰਡਾਂ 'ਚ ਤਾਂ ਸਾਉਣ 'ਚ ਵੀ ਸੋਕਾ*
*ਸੋਕਾ ਵੇ ਵੀਰਾ ਵਣਜਾਰਿਆ*
*ਫੇਰ ਸਾਡੇ ਪਿੰਡਾ 'ਚੋਂ ਨਿਰਾਸਾ ਨਾ ਤੂੰ ਜਾਏਂਗਾ*
*ਚੂੜੀਆਂ ਦੇ ਨਾਲ ਜਦੋਂ ਚਾਕੂ ਵੀ ਲਿਆਂਏਗਾ*
*ਅਸੀਂ ਪਾੜਨਾ ਏ ਜ਼ਾਲਮਾਂ ਦਾ ਖੋਖਾ*

ਅਗਲੇ ਗੀਤ ਵਿੱਚ ਉਦਾਸੀ ਲਿਖਦਾ ਹੈ ਕਿ ਮੈਨੂੰ ਮੇਰਾ ਦੇਸ਼ ਮੇਰੀ ਜਿੰਦ ਨਾਲੋਂ ਪਿਆਰਾ ਹੈ। ਪਰ ਜੇ ਮੇਰੇ ਦੇਸ਼ ਦਾ ਮਿਹਨਤਕਸ਼ ਤਬਕਾ ਭੁੱਖਮਰੀ ਦਾ ਸ਼ਿਕਾਰ ਹੋ ਰਿਹਾ ਹੈ ਤਾਂ ਇਸ ਤਬਕੇ ਨੂੰ ਲਾਮਬੰਦ ਕਰਕੇ ਲਹੂ ਪੀਣੀਆਂ ਜੋਕਾਂ ਤੋਂ ਖਹਿੜਾ ਛਡਾਉਣਾ ਹੀ ਪਵੇਗਾ:

*ਦੇਸ਼ ਹੈ ਪਿਆਰਾ, ਸਾਨੂੰ ਜ਼ਿੰਦਗੀ ਪਿਆਰੀ ਨਾਲੋਂ*
*ਪਰ ਦੇਸ਼ ਤੋਂ ਪਿਆਰੇ ਇਹਦੇ ਲੋਕ ਹਾਣੀਆਂ*
*ਅਸੀਂ ਤੋੜ ਦੇਣੀ, ਲਹੂ ਪੀਣੀ ਜੋਕ ਹਾਣੀਆਂ*

ਤੀਸਰੇ ਗੀਤ ਵਿੱਚ ਗੀਤਕਾਰ ਇਕ ਸੰਘਰਸ਼ਸ਼ੀਲ ਯੋਧੇ ਦੇ ਮਾਂ-ਬਾਪ ਨੂੰ ਮੁਖਾਤਿਬ ਹੋ ਕੇ ਲਿਖਦੈ:

***ਸਾਡੇ ਵੀਰਾਂ ਨੂੰ ਵਰਜ ਕੇ ਘਰਾਂ ਅੰਦਰ***
***ਜਿਉਂਦੀ ਮਾਰਿਓ ਨਾ ਸਾਡੀ ਆਬ ਮਾਤਾ***
***ਭਗਤ ਸਿੰਘ ਦੀ ਮਾਤਾ ਬੇਸ਼ੱਕ ਬਣਿਓਂ***
***ਹਾੜੇ ਬਣਿਓ ਨਾ ਕਿਤੇ ਪੰਜਾਬ ਮਾਤਾ***
***ਐਂਵੇ ਭਰਮ ਹੈ ਸਾਡਿਆਂ ਕਾਤਲਾਂ ਨੂੰ***
***ਕਿ ਅਸੀਂ ਹੋਵਾਂਗੇ ਦੋ ਜਾਂ ਚਾਰ ਬਾਪੂ***
***ਬਦਲੇ ਲਏ ਤੋਂ ਵੀ ਜਿਹੜੀ ਟੁੱਟਣੀ ਨਾ***
***ਏਡੀ ਲੰਮੀ ਏ ਸਾਡੀ ਕਤਾਰ ਬਾਪੂ।***

ਚੌਥੇ ਗੀਤ ਵਿੱਚ ਉਦਾਸੀ 'ਕੰਮੀਆਂ' ਦੀ ਅੰਦਰਲੀ ਅੱਗ ਨੂੰ ਸੂਰਜ ਵਾਂਗ ਮਘਣ ਲਈ ਅਰਜ਼ੋਈ ਕਰਦਾ ਹੈ ਕਿ ਉਹ ਅੱਗ ਠੰਡੀ ਨਾ ਪਵੇ, ਉਹ ਆਖਦਾ ਹੈ:

***ਮਾਂ ਧਰਤੀਏ ਤੇਰੀ ਗੋਦ ਨੂੰ ਚੰਨ ਹੋਰ ਬਥੇਰੇ***
***ਤੂੰ ਮਘਦਾ ਰਹੀਂ ਵੇ ਸੂਰਜਾ ਕੰਮੀਆਂ ਦੇ ਵੇਹੜੇ***
***ਜਿੱਥੇ ਬੰਦਾ ਜੰਮਦਾ ਸੀਰੀ ਹੈ, ਟਕਿਆਂ ਦੀ ਮੀਰੀ ਪੀਰੀ ਹੈ***
***ਜਿੱਥੇ ਕਰਜ਼ੇ ਹੇਠ ਪੰਜੀਰੀ ਹੈ***
***ਪਿਉਆਂ ਦੇ ਕਰਜ਼ ਦਾ ਸੂਦ ਨੇ ਪੁੱਤ ਜੰਮਦੇ ਜਿਹੜੇ***

ਸੰਤ ਰਾਮ ਉਦਾਸੀ ਤੇ ਸਿੱਖ ਇਤਿਹਾਸ ਦਾ ਬਹੁਤ ਵੱਡਾ ਪ੍ਰਭਾਵ ਰਿਹਾ। ਉਹ ਇਤਿਹਾਸ ਜਿਸ ਵਿੱਚ ਦੇਗਾਂ 'ਚ ਉਬਲ ਕੇ, ਤੱਤੀਆਂ ਤਵੀਆਂ 'ਤੇ ਬਹਿ ਕੇ, ਅਨੇਕਾਂ ਪ੍ਰਕਾਰ ਦੇ ਤਸੀਹੇ ਸਹਿ ਕੇ ਸਿਦਕ ਨਿਭਾਇਆ ਹੈ। ਦਿੱਲੀ ਦੇ ਤਖਤ ਨੇ ਹਮੇਸ਼ਾਂ ਹੀ ਮਜ਼ਲੂਮਾਂ 'ਤੇ ਕਹਿਰ ਢਾਹਿਆ। ਸੰਤ ਰਾਮ ਉਦਾਸੀ ਦਿੱਲੀ ਦੇ ਤਖਤ ਨੂੰ ਵੰਗਾਰਦਾ ਹੋਇਆ ਲਿਖਦਾ ਹੈ:

***ਦਿੱਲੀਏ ਦਿਆਲਾ ਦੇਖ, ਦੇਗ 'ਚ ਉਬਲਦਾ ਨੀਂ***
***ਅਜੇ ਤੇਰਾ ਦਿਲ ਨਾ ਠਰੇ***
***ਮਤੀ ਦਾਸ ਤਾਈਂ ਚੀਰ ਆਰੇ ਵਾਂਗੂੰ ਜੀਭ ਤੇਰੀ***
***ਅਜੇ ਮਨ-ਮਤੀਆਂ ਕਰੇ***
***ਲਾਲ ਕਿਲੇ ਵਿੱਚ ਲਹੂ ਲੋਕਾਂ ਦਾ ਜੋ ਕੈਦ ਹੈ***
***ਬੜੀ ਛੇਤੀ ਇਹਦੇ ਬਰੀ ਹੋਣ ਦੀ ਉਮੈਦ ਹੈ***
***ਪਿੰਡਾਂ ਵਿੱਚੋਂ ਤੁਰੇ ਹੋਏ ਪੁੱਤ ਨੀਂ ਬਹਾਦਰਾਂ ਦੇ***
***ਤੇਰੇ ਮਹਿਲੀਂ ਵੜੇ ਕਿ ਵੜੇ***

ਪੂੰਜੀਪਤੀ ਯੁੱਗ ਵਿੱਚ ਗਰੀਬ ਦੀ ਧੀ ਸੁਰੱਖਿਅਤ ਨਹੀਂ, ਸੰਤ ਰਾਮ ਉਦਾਸੀ ਦਾ ਗੀਤ 'ਡੋਲੀ' ਮੁਟਿਆਰ ਹੋਈ ਗਰੀਬ ਦੀ ਧੀ ਦੇ ਵਲਵਲੇ ਇਸ ਤਰਾਂ ਦਰਸਾਉਂਦਾ ਹੈ:

***ਹੱਸ ਹੱਸ ਤੋਰ ਦੇ ਤੂੰ ਡੋਲੀ ਮੇਰੇ ਬਾਬਲਾ ਵੇ***
***ਕਿਹੜੀ ਗੱਲੋਂ ਰਿਹਾ ਏਂ ਤੂੰ ਝੂਰ***
***ਜਵੇਂ ਸਾਡਾ ਸਾਰਿਆਂ ਦਾ ਢਿੱਡ ਰੋਟੀ ਮੰਗਦਾ ਏ***
***ਮਾਂਗ ਮੇਰੀ ਮੰਗਦੀ ਸੰਧੂਰ***
***ਸੁੱਤੇ ਸੁੱਤੇ ਪਏ ਦੀ ਤਾਂ ਨੀਂਦ ਤੇਰੀ ਉੱਡ ਜਾਂਦੀ***
***ਹੋਈ ਸੀ ਮੈਂ ਜਿੱਦੇਂ ਦੀ ਜੁਆਨ***
***ਕਿਉਂ ਜੋ ਸਰਮਾਏਦਾਰੀ ਦੌਰ ਵਿੱਚ ਬੜਾ ਔਖਾ***
***ਸਾਂਭਣਾ ਵੇ ਧੀਆਂ ਨੂੰ ਇਮਾਨ***
***ਇਕ ਤਲਵਾਰ ਮੇਰੀ ਡੋਲੀ ਵਿੱਚ ਰੱਖ ਦਿਓ***
***ਹੋਰ ਵੀਰੋ ਦਿਓ ਨਾ ਵੇ ਦਾਜ***
***ਸਾਡੇ ਵੱਲ ਕੈਰੀ ਅੱਖ ਝਾਕ ਨਾ ਵੇ ਸਕੇ***
***ਸਾਡਾ ਰਸਮੀ ਤੇ ਵਹਿਮੀ ਏ ਸਮਾਜ***
***ਡੱਕੋ ਨਾ ਵੇ ਵੀਰੋ ਸਾਡੀ ਡਾਰ ਵੇ ਉਡਾਰਨਾਂ ਦੀ***
***ਸਾਡੀਆਂ ਤਾਂ ਮੰਜ਼ਿਲਾਂ ਨੇ ਦੂਰ***

ਇਸਤੋਂ ਅਗਲੇ ਗੀਤ ਵਿੱਚ ਕਵੀ ਦੇ ਮਨ ਦੀ ਵੇਦਨਾ ਦੇਖੋ:

*ਜੀਹਦੇ ਸੋਹਣਿਆਂ ਸ਼ਹਿਰਾਂ ਦੀ ਸ਼ਾਨ ਮੂਹਰੇ*
*ਝੁਕੇ ਪਏ ਨੇ ਪਿੰਡ ਕਮਾਨ ਵਾਂਗੂੰ*
*ਅਰਥਚਾਰਾ ਹੈ ਵੇਸਵਾ ਵਾਂਗ ਜੀਹਦਾ*
*ਝੋਲੀ ਜੀਹਦੀ ਬੇ-ਅਣਖੇ ਇਨਸਾਨ ਵਾਂਗੂੰ*
*ਮਾਂ ਧਰਤੀਏ ਸਦਾ ਸੁਹਾਗਣੇ ਨੀਂ*
*ਮੇਰੇ ਯਾਰਾਂ ਨੂੰ ਜਨਮ ਨਾ ਦੇਈਂ ਉੱਥੇ*

ਅਗਲੇ ਗੀਤ ਵਿੱਚ ਕਵੀ ਕਿਰਤੀ ਕਾਮਿਆਂ ਨੂੰ ਹਲੂਣ ਹਲੂਣ ਜਗਾਉਂਦਾ ਹੋਇਆ ਲਿਖਦੈ:

*ਉੱਠ ਕਿਰਤੀਆ ਉੱਠ ਵੇ*
*ਉੱਠਣ ਦਾ ਵੇਲਾ*
*ਜੜ ਵੈਰੀ ਦੀ ਪੁੱਟ ਵੇ*
*ਪੁੱਟਣ ਦਾ ਵੇਲਾ*
*ਉੱਠ ਕਿਸਾਨਾਂ ਉੱਠ ਵੇ, ਉੱਠਣ ਦਾ ਵੇਲਾ*

## facebook ਫੇਸਬੁੱਕ ਪਰਿਵਾਰ ਦੀਆਂ ਗੱਲਾਂਬਾਤਾਂ

# ਮੈਨੂੰ ਸੁਰਮੇ ਦੀ ਡੱਬੀ ਵਿੱਚ ਰੱਖ ਮੁੰਡਿਆ !

ਸੋਹਣੀਆਂ ਚੀਜਾਂ ਤਾਂ ਸਭਨੂੰ ਪਸੰਦ ਨੇ ਪਰ ਚੀਜਾਂ ਨੂੰ ਉਨ੍ਹਾਂ ਦੀ ਅਹਿਮੀਅਤ ਵਾਂਗ ਸਾਂਭ ਸੰਭਾਲ ਕੇ ਰੱਖਣਾ ਕਿਸੇ ਕਿਸੇ ਨੂੰ ਆਉਂਦੈ। ਸੋਹਣੀਆਂ, ਪਿਆਰੀਆਂ ਤੇ ਮੁੱਲਵਾਨ ਚੀਜਾਂ ਨੂੰ ਬਹੁਤ ਹੀ ਸੰਭਾਲ ਕੇ ਰੱਖਣਾ ਪੈਂਦੈ। ਇਸੇ ਲਈ ਤਾਂ ਕਿਸੇ ਨੇ ਗਾਇਆ ਹੈ ਮੈਨੂੰ ਸੁਰਮੇ ਦੀ ਡੱਬੀ ਵਿੱਚ ਰੱਖ ਮੁੰਡਿਆ।ਕਿਸੇ ਇਹ ਵੀ ਗਾਇਆ ਹੈ ਤੈਨੂੰ ਚੋਰੀ ਦੀ ਬੰਦੂਕ ਵਾਂਗ ਸਾਂਭ ਸਾਂਭ ਰੱਖੂਗਾ ਨੀ ਪੁੱਤ ਜੱਟ ਦਾ।




ਚਲੋ ਆਪਾਂ ਵਿਸ਼ੇਸ਼ ਮੁੱਦੇ 'ਤੇ ਆਈਏ। ਕੱਲ੍ਹ ਚੰਡੀਗੜ੍ਹ ਵਸਦਾ ਸਰਦੂਲਗੜ੍ਹ ਤੋਂ ਮੇਰਾ ਜਮਾਤੀ ਪਰਵਿੰਦਰ ਸਿੰਘ ਮਲਵਈ ਸਟੋਰ 'ਤੇ ਗੁੜ ਸ਼ੱਕਰ ਲੈਣ ਆਇਆ। ਉਸਨੇ ਬਾਕੀ ਕਾਰਾਂ ਦੇ ਨਾਲ ਆਪਣੀ ਕਾਰ ਰੋਕੀ ਤੇ ਅੰਦਰ ਆ ਗਿਆ ਤੇ ਅਸੀਂ ਸਮਾਨ ਕੱਢਣ ਲੱਗ ਪਏ। ਐਨੇ ਨੂੰ ਪਿੰਡ ਸਿੰਘਪੁਰਾ( ਹਰਿਆਣਾ) ਤੋਂ ਚਾਰ ਵਿਆਕਤੀ ਆਏ ਤੇ ਗੁੜ ਸ਼ੱਕਰ ਵੇਖਦਿਆਂ ਬਾਹਰ ਖੜ੍ਹੀ ਇੱਕ ਪੁਰਾਣੀ ਮਰੂਤੀ ਕਾਰ ਦੀਆਂ ਸਿਫਤਾਂ ਕਰਨ ਲੱਗੇ। ਇੱਕ ਆਹਦਾ ਵੇਖ ਓਏ ਕਿਸੇ ਨੇ ਪੁਰਾਣੀ ਮਰੂਤੀ ਕਿਵੇਂ ਸੰਭਾਲਕੇ ਰੱਖੀ ਹੈ। ਦੂਸਰਾ ਆਹਦਾ ਵੱਡੀਆਂ ਵੱਡੀਆਂ ਤੇ ਮਹਿੰਗੀਆਂ ਕਾਰਾਂ ਨੂੰ ਮਾਤ ਪਾਉਂਦੀ ਹੈ ਬਾਈ ਦੀ ਕਾਰ। ਐਨੇ ਨੂੰ ਗੱਲ ਪਰਵਿੰਦਰ ਦੇ ਕੰਨੀ ਪੈ ਗਈ। ਉਨ੍ਹਾਂ ਵੱਲ ਅਹੁਲ਼ਦਾ ਪਰਵਿੰਦਰ ਆਹਦਾ ਬਾਈ ਜੀ ਬਾਹਰ ਖੜ੍ਹੀ ਪੁਰਾਣੀ ਮਰੂਤੀ ਮੇਰੀ ਹੈ ਤੇ ਇਹ ਮੈਂ ਪੱਚੀ ਸਾਲ ਪਹਿਲਾਂ 2 ਲੱਖ ਅੱਠ ਹਜਾਰ ਦੀ ਕਢਵਾਈ ਸੀ ਕੰਪਨੀ 'ਚੋਂ । ਜਦੋਂ ਗੱਲ ਰੌਚਕਤਾ ਵੱਲ ਤੁਰੀ ਤਾਂ ਅਸੀਂ ਸਾਰੇ ਜਣੇ ਖੜ੍ਹ ਕੇ ਪਰਵਿੰਦਰ ਤੋਂ ਕਾਰ ਦੀਆਂ ਗੱਲਾਂ ਸੁਣਨ ਲੱਗੇ। ਪਰਵਿੰਦਰ ਆਹਦਾ ਬਾਈ ਮੇਰੀ ਇਹ ਕਾਰਾ ਹਰ ਸਾਲ ਨਵੰਬਰ ਮਹੀਨੇ ਸਰਦੂਲੜ੍ਹ ਤੋਂ ਚੰਡੀਗੜ੍ਹ ਵੱਲ ਚਾਲੇ ਪਾ ਦਿੰਦੀ ਹੈ ਤੇ ਪੂਰੇ ਪੰਜ ਮਹੀਨੇ ਚੰਡੀਗੜ੍ਹ ਦੀਆਂ ਸੜਕਾਂ 'ਤੇ ਦੌੜਦੀ ਹੈ।ਮਾਰਚ ਮਹੀਨੇ ਮੈਂ ਇਸ ਕਾਰ ਨੂੰ ਵਾਪਸ ਸਰਦੂਲਗੜ੍ਹ ਛੱਡ ਜਾਂਦਾ ਹਾਂ। ਜਦੋਂ ਮੈਂ ਨਵੰਬਰ ਤੋਂ ਮਾਰਚ ਤੱਕ ਹੀ ਚੰਡੀਗੜ੍ਹ ਕਿਉਂ ਦਾ ਸਵਾਲ ਕੀਤਾ ਤਾਂ ਪਰਵਿੰਦਰ ਆਹਦਾ ਬਾਈ ਜੀ ਇਸ ਵਿੱਚ ਏ ਸੀ ਨਹੀਂ ਹੈ ਇਸ ਲਈ ਇਹ ਸਰਦੀ ਸਰਦੀ ਹੀ ਝੂਟੇ ਦਿੰਦੀ ਹੈ। ਜਦੋਂ ਮੈਂ ਕੋਲ ਜਾ ਕੇ ਕਾਰ ਵੇਖੀ ਤਾਂ ਉਹ ਵਾਕਿਆ ਹੀ ਬਹੁਤ ਸਾਫ ਤੇ ਸੋਹਣੀ ਸੀ । ਉਮਰ ਦੇ ਹਿਸਾਬ ਨਾਲ ਤਾਂ ਭਾਂਵੇ ਇਹ ਮਰੂਤੀ ਕਾਫੀ ਵੱਡੀ ਸੀ ਪਰ ਕਿਸੇ ਚੰਗੀ ਕਸਰਤ ਕਰਨ ਵਾਲੇ ਗੱਭਰੂ ਵਾਂਗ ਪੂਰੀ ਫਿੱਟ ਸੀ । ਨਾ ਕੋਈ ਡੈਂਟ ਨਾ ਕਿਤੇ ਝਰੀਟ। ਪਰਵਿੰਦਰ ਨੇ ਕਾਰ ਦੀ ਸੁੰਦਰਤਾ ਨੂੰ ਹੋਰ ਵਧਾਉਂਣ ਲਈ ਵਿਦੇਸ਼ੋਂ ਮਹਿੰਗੇ ਅਲਾਏਵੀਲ੍ਹ ਮੰਗਵਾ ਕੇ ਪਾਏ ਹੋਏ ਹਨ। ਅੰਦਰੋਂ ਵੀ ਕਾਰ ਪੂਰੀ ਸਜੀ ਫਬੀ ਸੀ। ਪਰਵਿੰਦਰ ਆਹਦਾ ਮੇਰੀ ਸਾਂਭ ਸੰਭਾਲ ਕਹੋ ਜਾਂ ਕਾਰ ਨਾਲ ਮੋਹ ਇਸ ਭਾਗਾਂ ਭਰੀ ਨੇ ਕਦੇ ਵੀ ਰਸਤੇ 'ਚ ਧੋਖਾ ਨਹੀਂ ਦਿੱਤਾ। ਅੱਜ ਤੱਕ ਰਾਹ ਜਾਂਦੇ ਕਿਸੇ ਵੀ ਸਕੂਟਰ ਕਾਰ ਜਾਂ ਕਿਸੇ ਹੋਰ ਵਾਹਨ ਨਾਲ ਪੰਗਾ ਨਹੀਂ ਲਿਆ।

ਕਾਰ ਦੀ ਸ਼ਾਨਦਾਰ ਹਾਲਤ ਵੇਖ ਮੈਨੂੰ ਖਿਆਲ ਆਇਆ ਜੇਕਰ ਹਰ ਚਾਲਕ ਆਪਣੇ ਵਾਹਨ ਨੂੰ ਇਵੇਂ ਹੀ ਸੰਭਾਲਕੇ ਚਲਾਵੇ ਤੇ ਸਾਫ ਸੁਥਰਾ ਰੱਖੇ ਤਾਂ ਹਾਦਸੇ ਖੁਦ ਬ ਖੁਦ ਹੀ ਘਟ ਜਾਣਗੇ।ਲੰਬੇ ਸਮੇਂ ਤੱਕ ਵਾਹਨ ਸੰਭਾਲਣ ਨਾਲ ਕਰਜੇ ਦੀਆਂ ਪੰਡਾਂ ਵੀ ਭਾਰੀ ਨਹੀਂ ਹੁੰਦੀਆਂ। ਮੈਂ ਇਹ ਵੀ ਵੇਖਿਆ ਕਿ ਤੁਹਾਡੀ ਟੌਹਰ ਮਹਿੰਗੇ ਲੋਹੇ ਨਾਲ ਨਹੀਂ ਬਣਦੀ ਅਸਲੀ ਟੌਹਰ ਤਾਂ ਤੁਹਾਡੀ ਰੁਚੀ, ਕੰਮ ਕਰਨ ਦਾ ਢੰਗ ਤਰੀਕਾ ਤੇ ਸਲੀਕੇ ਨੇ ਬਣਾਉਂਣੀ ਹੁੰਦੀ ਹੈ। ਜਦੋਂ ਤੁਹਾਡੇ ਜਿਹਨ ਵਿੱਚ ਹਲੀਮੀ, ਹੱਥੀਂ ਕੰਮ ਕਰਨ ,ਕਿਸੇ ਵੀ ਚੀਜ ਨੂੰ ਪਿਆਰ ਤੇ ਸਤਿਕਾਰ ਦੇਣ ਦਾ ਬੂਟਾ ਫੁੱਟ ਪੈਂਦਾ ਹੈ ਤਾਂ ਤੁਹਾਡੇ ਕੰਮ ਵੱਲ ਸਤਿਕਾਰ ਤੇ ਪਿਆਰ ਨਾਲ ਤੱਕਣ ਵਾਲਿਆਂ ਦੀ ਗਿਣਤੀ ਆਪੇ ਹੀ ਵਧ ਜਾਂਦੀ ਹੈ। ਆਓ ਮਨ ਦੀ ਬਗੀਚੀ ਵਿੱਚ ਨਿਮਰਤਾ ਤੇ ਕਿਰਤ ਦਾ ਬੂਟਾ ਲਗਾਈਏ।

**ਹਰਦੀਪ ਸਿੰਘ ਜਟਾਣਾ**
**9417254517**




# ਰੁੱਖ ਬਦਲੇ ਹਵਾਵਾਂ ਦੇ ਬੂੰਦ ਬੂੰਦ ਤਰਸ ਗਏ, ਅਸੀਂ ਪੁੱਤ ਦਰਿਆਵਾਂ ਦੇ।

ਕਿਸੇ ਖਿੱਤੇ ਦੀ ਭੂਗੋਲਿਕ ਅਤੇ ਇਤਿਹਾਸਕ ਦਿੱਖ ਹੀ ਉੱਥੋਂ ਦੇ ਬਸ਼ਿੰਦਿਆਂ ਦੀ ਸੋਚ, ਹੋਣੀ ਤੇ ਸੰਭਾਵਨਾਵਾਂ ਨੂੰ ਮੌਲਣ ਵਿੱਚ ਸਹਾਈ ਹੁੰਦੀ ਹੈ। ਪੰਜਾਬ ਦੇ ਜਾਇਆਂ ਨੂੰ ਨਿੱਤ ਮੁਹਿੰਮਾਂ ਦਾ ਸਾਹਮਣਾ ਕਰਨਾ ਪਿਆ ਹੈ। ਇਹ ਹਰ ਹੋਣੀ ਨਾਲ਼ ਟਾਕਰਾ ਕਰਨ ਦੀ ਰੁਚੀ ਮਾਂ ਦੇ ਦੁੱਧ ਤੋਂ ਹੀ ਲੈ ਲੈਂਦੇ ਹਨ। ਇਸੇ ਲਈ ਇਹ ਸਰਹੱਦਾਂ 'ਤੇ ਸੀਸ ਬੀਜਦੇ ਮਰਦਾਵੀਂ ਸੋਚ ਪਾਲ਼ਦੇ ਰਹੇ। ਦੋ ਹੀ ਮੁੱਖ ਕਿੱਤੇ ਰਹੇ ਹਨ, ਖੇਤ ਨੂੰ ਜਾਣਾ ਜਾਂ ਲਾਮ ਤੇ ਜਾਣਾ। ਘਰ ਤੋਂ ਗ਼ੈਰਹਾਜ਼ਰੀ ਨੇ ਹੀ ਔਰਤ ਮਨ ਅੰਦਰ ਗੀਤਾਂ ਨੂੰ ਪੁੰਗਰਨ ਲਾਇਆ, ਕੋਮਲਭਾਵੀ ਅਤੇ ਕਲਾਕਾਰੀ ਕਰਨ ਦਾ ਹੁਨਰ ਬਖ਼ਸ਼ਿਆ ਹੈ। ਪਰ ਪੰਜਾਬੀਆਂ ਦੀਆਂ ਰਗਾਂ ਅੰਦਰ ਖ਼ੂਨ ਖੌਲਣ ਦੀ ਲਾਲਸਾ ਰਹੀ ਹੈ। ਇਹ ਭਾਵਨਾਵਾਂ ਦੇ ਕਿਨਾਰਿਆਂ ਤੱਕ ਜਾ ਡੁਲ੍ਹਦੇ, ਮਰਜੂੰ ਜਾਂ ਮਾਰਦੂੰ ਤੱਕ ਜਾ ਅਪੜਦੇ ਹਨ। ਪਿਆਰ ਹੋਵੇ ਜਾਂ ਲੜਾਈ ਹੋਵੇ, ਧੁਰ ਅੰਦਰ ਤੱਕ ਪੁਗਾ ਜਾਣ ਦੀ ਰੁਚੀ ਰਖਦੇ ਰਹੇ ਹਨ। ਬਸ ਉਲਾਰ ਹੋ ਕੇ ਹੀ ਵਿੱਚਰਨਾ ਇਨ੍ਹਾਂ ਨੂੰ ਮਘਦੇ ਚੰਗਿਆੜੇ ਵਰਗਾ ਜੀਵਨ ਹੀ ਪਸੰਦ ਰਿਹਾ ਹੈ। ਕਿਸੇ ਦੇ ਪਾਣੀ ਦੇ ਗਲਾਸ ਵਰਗੇ 'ਕੱਢ ਕਲੇਜਾ ਕੀਤਾ ਬੇਰੇ, ਹੋਰ ਤੌਫ਼ੀਕ ਨਹੀਂ ਕੁੱਝ ਮੇਰੇ' ਤੱਕ ਜਾ ਅਪੜਦੇ ਹਨ। ਸੱਤਾ ਦੀਆਂ ਘੂਰੀਆਂ ਨੂੰ ਵੰਗਾਰਨਾ ਇਨ੍ਹਾਂ ਨੂੰ ਵਿਸ਼ੇਸ਼ ਮਰਦਾਵੀਂ ਖ਼ੂਬੀ ਨਜ਼ਰ ਆਉਂਦੀ ਹੈ। ਇਸ ਦੇ ਇਵਜ਼ ਵਿੱਚ ਚਾਹੇ ਕੋਈ ਵੀ ਨਫ਼ਾ ਨੁਕਸਾਨ ਕਿਉਂ ਨਾ ਹੋ ਜਾਵੇ, ਇਸ ਦੀ ਕੋਈ ਪਰਵਾਹ ਨਹੀਂ। ਡੰਡਾ ਟੁਟਦਾ ਹੈ ਤਾਂ ਟੁੱਟ ਜਾਏ ਪਰ ਕੁੱਤੇ ਦੀ ਚਊਂ-ਚਊਂ ਸੁਣ ਕੇ ਹੀ ਅਨੰਦ ਆ ਜਾਂਦਾ ਹੈ। ਖਾੜਕੂ ਦੌਰ ਸਮੇਂ ਜਾਂ ਕਿਸਾਨੀ ਅੰਦੋਲਨ ਸਮੇਂ ਘਰਾਂ ਵੱਲ ਪਿੱਠ ਕਰ ਕੇ ਸਰਬੱਤ ਦੇ ਭਲੇ ਨਾਲ਼ ਆ ਜੁੜਦੇ ਰਹੇ ਕਿਸੇ ਸਮੇ ਸਾਡੇ ਪਿੰਡਾਂ ਨੂੰ ਮੁਹੱਬਤ ਦੇ ਵਗਦੇ ਦਰਿਆ ਕਿਹਾ ਜਾਂਦਾ ਸੀ। ਸੰਯੁਕਤ ਪਰਿਵਾਰਾਂ ਵਿੱਚ ਪਲ਼ਦੇ ਬੰਦੇ ਕੱਚੇ ਵੇਹੜਿਆਂ ਤੋਂ ਪੱਕੀਆਂ ਸਾਂਝਾਂ ਨੂੰ ਹੰਢਣਸਾਰ ਰਿਸ਼ਤਿਆਂ ਤੱਕ ਪਾਲਣ ਦੇ ਸਮਰੱਥ ਰਹੇ ਹਨ। ਪਿੰਡਾਂ ਵਾਲ਼ੇ ਅਕਸਰ ਕਿਹਾ ਕਰਦੇ ਹਨ, ਰੇਤਾ ਤਾਂ ਟਿੱਬਿਆਂ ਤੋਂ ਹੀ ਉਡਦਾ ਹੈ, ਇਸ ਕਹਾਵਤ ਨੂੰ ਸਿੱਧ ਕਰਦੇ ਪੰਜਾਬੀ ਹਰ ਅੰਦੋਲਨ ਦੇ ਮੋਹਰੀ ਰਹੇ ਹਨ। ਕਿਹਾ ਜਾਂਦਾ ਹੈ ਕਿ ਦੁਨੀਆਂ ਦੀ ਤਹਿਜ਼ੀਬਦੀ ਪਹਿਲੀ ਪੁਸਤਕ ਹੀ ਪੰਜਾਬ ਦੇ ਪਾਣੀਆਂ ਕੰਢੇ ਰਚੀ ਗਈ। ਅੱਜ ਲੋਕ ਸਾਹ ਲੈਣ ਲੱਗੇ ਵੀ ਹਵਾ ਦਾ ਰੁੱਖ ਦੇਖਦੇ ਹਨ ਜਾਂ ਇੱਕ ਕਦਮ ਤੁਰਨ ਲੱਗੇ ਵੀ ਦੋ ਗਜ਼ ਧਰਤ ਸੁੰਭਰਦੇ ਹਨ। ਹਵਾ ਦਾ ਰੁੱਖ ਬਦਲ ਗਿਆ ਹੈ। ਪੰਜਾਬੀਆਂ ਲਈ ਗ਼ੈਰਤ, ਅਣਖ ਜਾਂ ਵੰਗਾਰ ਦੇ ਅਰਥ ਹੋਰ ਹੋ ਗਏ ਹਨ। ਇਹ ਗੱਲ ਅਫਸੋਸ ਨਾਲ਼ ਕਹਿਣੀ ਪੈ ਰਹੀ ਹੈ ਕਿ ਜੋ ਪੰਜਾਬੀ ਕਦੇ ਸ਼ੇਰੇ-ਪੰਜਾਬ ਸਨ ਅੱਜ ਹਾਜ਼ਰ-ਜਨਾਬ ਹੋ ਕੇ ਰਹਿ ਗਏ ਹਨ। ਸਮੁੱਚੀ ਜੀਵਨ-ਸ਼ੈਲੀ ਹੀ ਆਪੋ-ਧਾਪੀ ਤੱਕ ਸੁੰਗੜ ਰਹੀ ਹੈ। ਕਈ ਵਾਰੀ ਬਚਨਾਂ ਦੇ ਪੱਕੇ ਲੋਕ ਵੀ ਪੈਰ ਪੈਰ ਤੇ ਸਮਝੌਤਾ ਕਰਦੇ ਹਨ ਜਾਂ ਧੋਖਾ ਕਰਦੇ ਵੀ ਮਿਲ ਜਾਂਦੇ ਹਨ। ਇਹ ਜੋ ਕਿਸੇ ਦੀ ਪ੍ਰਾਪਤੀ ਪਿੱਛੋਂ ਖ਼ੁਸ਼ੀ ਮਨਾਉਂਦੇ ਹੱਦੋਂ ਵੱਧ ਜਨੂੰਨੀ ਰਹੇ ਹਨ ਲਾਈਲੱਗ ਵੀ ਪੂਰੇ ਹਨ। ਆਪੇ ਤੋਂ ਬਾਹਰ ਡੁਲ੍ਹਦੇ ਭੰਗੜੇ ਪਾ ਕੇ ਹੋਰਨਾਂ ਨੂੰ ਜਤਲਾ ਦਿੰਦੇ ਹਨ ਕਿ ਸਾਡੀ ਖ਼ੁਸ਼ੀ ਦਾ ਕੋਈ ਪਾਰਾਵਾਰ ਨਹੀਂ। ਪਰ ਅਸੀਂ ਲੀਡਰ ਬਣ ਕੇ ਜਾਂ ਅਗਵਾਈ ਕਰਨ ਦੀ ਪਿਰਤ ਨਹੀਂ ਪਾ ਸਕੇ। ਥੋੜ-ਚਿਰੀਆਂ ਪ੍ਰਾਪਤੀਆਂ ਹੀ ਸਿਰ ਨੂੰ ਜਾ ਬਿਰਾਜਦੀਆਂ ਹਨ। ਕਿਸੇ ਇੱਕ ਨੇ ਬਾਹਰਲੀਆਂ ਸਰਹੱਦਾਂ ਟੱਪੀਆਂ ਤਾਂ ਸਾਰਾ ਪੰਜਾਬ ਉਲਰ ਪਿਆ। ਕਿਸੇ ਇੱਕ ਨੇ ਖੇਤ ਵਿੱਚ ਕੁੱਝ ਨਵਾਂ ਬੀਜ ਲਿਆ ਤਾਂ ਸਾਰੇ ਪੰਜਾਬ ਨੇ ਹੀ ਬੀਜ ਧਰਿਆ। ਨਸ਼ਿਆਂ ਦੀ ਬਿਮਾਰੀ ਵੀ ਇਵੇਂ ਜਿਵੇਂ ਹੀ ਫੈਲੀ ਜਿਸ ਨੇ ਅੱਧੇ ਪੰਜਾਬ ਨੂੰ ਖੋਖਲਾ, ਥੋਥਾ ਅਤੇ ਦਿਸ਼ਾਹੀਣ ਕਰ ਧਰਿਆ ਹੈ। ਇਨ੍ਹਾਂ ਵਿੱਚਲੀਆਂ ਖ਼ੂਬੀਆਂ ਉਪਰ ਇਨ੍ਹਾਂ ਖਾਮੀਆਂ ਨੇ ਮਾਰੂ ਅਸਰ ਕੀਤਾ ਤਾਂ ਇਹ ਜਿਹੜੇ ਦੋ ਪੈਰ ਘੱਟ ਤੁਰਨਾ ਪਰ ਤੁਰਨਾ ਮੜਕ ਦੇ ਨਾਲ਼ ਆਖਦੇ ਰਹੇ ਹਨ, ਹੁਣ ਤੁਰਨਾ ਹੀ ਭੁੱਲ ਰਹੇ ਹਨ। ਹੁਣ ਦੁਨੀਆਂ ਦੀਆਂ ਪ੍ਰਾਪਤੀਆਂ ਵੱਲ ਦੇਖਦਿਆਂ ਇਹ ਸਭ ਲੇਖਾ-ਜੋਖਾ ਕਰਨਾ ਪਵੇਗਾ। ਦੁਆ ਕਰਦੇ ਹਾਂ ਕਿ ਰੱਬ ਇਨ੍ਹਾਂ ਦੀਆਂ ਰਵਾਇਤੀ ਖ਼ੂਬੀਆਂ ਨੂੰ ਬਰਕਰਾਰ ਰੱਖੇ।

## ਕੈਨੇਡੀਅਨ ਸੱਥ

# ਹੁਣ ਪਤਾ ਨਹੀ ਇਹ ਕਿਹੜਾ ਅਲਬਰਟਾ ਬੈਕ ਮੰਗਦੇ ਸੀ?



ਅਸ਼ੀਸ਼ ਨਰੂਲਾ
1 204 890 5040

ਪਿਛਲੇ ਲੰਘੇ ਹਫਤਿਆਂ ਤੋਂ ਲਗਾਤਾਰ ਬੜੀਆਂ ਹੀ ਦਿਲਚਸਪ ਖਬਰਾਂ ਆ ਰਹੀਆਂ ਹਨ,ਹਰ ਰੋਜ ਇਕ ਨਵੀਂ ਖਬਰ ਵਿਕਸਤ ਹੋ ਰਹੀ ਹੈ ਫਿਰ ਭਾਵੇਂ ਉਹ ਅੰਤਰਾਸ਼ਟਰੀ (ਭਾਵ ਕਿ ਗੁਆਂਢੀ ਮੁਲਕ ਨਾਲ ਜੁੜੀ ਹੋਵੇ) ਜਾਂ ਰਾਸ਼ਟਰੀ ਪੱਧਰ ਤੇ ਜਾਂ ਫਿਰ ਸਥਾਨਕ ਸਰਕਾਰਾਂ ਬਾਰੇ ਚਲੋ ਖੈਰ ਘਰ ਤੋ ਹੀ ਸ਼ੁਰੂ ਕਰਦੇ ਹਾਂ। ਡੇਵਿਡ ਪਾਰਕਰ ਦੇ ਨਾਮ ਤੋਂ ਸਾਰੇ ਕੈਲਗਰੀ ਵਾਸੀ ਜੋ ਕਿ ਮਾੜੀ ਮੋਟੀ ਸਿਆਸੀ ਜਾਣਕਾਰੀ ਜਾਂ ਦਿਲਚਸਪੀ ਰੱਖਦੇ ਹਨ ਜਾਣੂ ਹੀ ਹੋਣਗੇ, ਲੰਘੇ ਵਰ੍ਹੇ ਇਸ ਭੱਦਰਪੁਰਸ਼ ਨੇ ਸਾਡੇ ਸ਼ਹਿਰ ਦੇ ਮੇਅਰ ਹੁਰਾਂ ਨੂੰ ਤੱਤੇ ਪਾਣੀ ਵਿੱਚ ਪਾਈ ਰੱਖਿਆ, ਅਖੇ ਸਾਨੂੰ ਅਲਬਰਟਾ ਬੈਕ ਚਾਹੀਦਾ। ਹੁਣ ਪਤਾ ਨਹੀ ਇਹ ਕਿਹੜਾ ਅਲਬਰਟਾ ਬੈਕ ਮੰਗਦੇ ਸੀ? ਜਿੱਥੇ ਸਿਰਫ ਇੱਕ ਤਰਾਂ ਦੇ ਲੋਕ ਹੋਣ ਜਾਂ ਫਿਰ ਘਰੇਲੂ ਸਿਆਸਤ ਵਿਚ ਆਪਣਾ ਨਾਮ ਚਮਕਾਉਣਾ ਚਾਹੁੰਦੇ ਸਨ ਜਾਂ ਫਿਰ ਕੁਰਸੀ ਤੇ ਕਬਜਾ ਮਨਸ਼ਾ ਤਾਂ ਸਾਫ ਹੀ ਲੱਗਦੀ ਹੈ। ਡੇਵਿਡ ਹੁਰਾਂ ਨੇ ਕਾਫੀ ਟਿਲ ਵਾਲਾ ਜੋਰ ਲਾ ਕੇ ਮੇਅਰ ਨੂੰ ਹਟਾਉਣ ਦੀ ਕੋਸ਼ਿਸ਼ ਕੀਤੀ ਪਰ ਕਾਮਯਾਬ ਨਾ ਹੋ ਸਕਿਆ। ਇਸੇ ਕੰਪੇਅਨ ਦੇ ਚਲਦਿਆਂ ਇੱਕ ਹਾਕੀ ਮੈਚ ਵਿੱਚ( ਜਿਸ ਵਿੱਚ ਮੇਅਰ ਸ਼ਮਿਲ ਹੋਏ ਸਨ) ਕਾਫੀ ਹੋ ਹੱਲਾ ਹੋਇਆ ,ਭਾਵ ਕਿ ਇਸ ਵਿਅਕਤੀ ਦਾ ਮਕਸਦ ਮੌਜੂਦਾ ਮੇਅਰ ਦੇ ਸਿਆਸੀ ਅਕਸ ਨੂੰ ਢਾਅ ਲਾਉਣਾ ਸੀ। ਪਿਛਲੇ ਦਿਨੀ ਇਲੈਕਸ਼ਨਜ਼ ਅਲਬਰਟਾ ਨੇ ਰੂੜੀਵਾਦੀ ਕਾਰਕੁਨ ਸਮੂਹ ਟੇਕ ਬੈਕ ਅਲਬਰਟਾ ਅਤੇ ਸੰਸਥਾਪਕ ਡੇਵਿਡ ਪਾਰਕਰ ਨੂੰ ਰਾਜਨੀਤਿਕ ਵਿਤ ਪੋਸ਼ਣ ਦੀ ਉਲੰਘਣਾ ਲਈ $120,000 ਦਾ ਹੋਰ ਜੁਰਮਾਨਾ ਲਗਾਇਆ ਹੈ। ਮੰਗਲਵਾਰ ਨੂੰ ਚੋਣ ਏਜੰਸੀ ਦੀ ਵੈਬਸਾਈਟ 'ਤੇ ਖੁਲਾਸਾ ਕੀਤਾ ਗਿਆ ਇਹ ਜੁਰਮਾਨੇ ਅਲਬਰਟਾ ਦੇ ਚੋਣ ਵਿੱਤ ਕਾਨੂੰਨ ਦੀਆਂ ਇੱਕ ਦਰਜਨ ਤੋਂ ਵੱਧ ਉਲੰਘਣਾਵਾਂ ਲਈ ਹਨ, ਜਿਸ ਵਿੱਚ ਖਰਚ ਸੀਮਾਵਾਂ ਦੀ ਉਲੰਘਣਾ ਕਰਨਾ, ਅਲਬਰਟਾ ਅਤੇ ਕੈਨੇਡਾ ਤੋਂ ਬਾਹਰੋਂ ਯੋਗਦਾਨ ਸਵੀਕਾਰ ਕਰਨਾ, ਅਤੇ ਮੁੱਖ ਚੋਣ ਅਧਿਕਾਰੀ ਨੂੰ ਵਿੱਤੀ ਰਿਪੋਰਟ ਵਿਚ ਜਾਣਬੁੱਝ ਕੇ ਗਲਤ ਬਿਆਨ ਦੇਣਾ ਸ਼ਾਮਲ ਹੈ। ਹੁਣ ਜਿਵੇਂ ਕਿ ਹਰ ਦੋਸ਼ੀ ਕਰਦਾ ਹੁੰਦਾ ਹੈ ਪਰ ਪਾਰਕਰ ਨੇ ਲੋਕਲ ਨਿਊਜ਼ ਨੂੰ ਦੱਸਿਆ ਕਿ ਜਾਂਚਕਰਤਾ ਉਸਦੀ ਇਸ ਜ਼ਿਦ ਨਾਲ ਅਸਹਿਮਤ ਸਨ ਕਿ ਉਸਦੇ ਸਮੂਹ ਦੀਆਂ ਮੀਟਿੰਗਾਂ ਅਤੇ ਅਲਬਰਟਾ ਭਰ ਵਿਚ ਯੂਨਾਈਟਿਡ ਕੰਜ਼ਰਵੇਟਿਵ ਪਾਰਟੀ (ਯੂਸੀਪੀ) ਅਤੇ ਐਨਡੀਪੀ ਬਾਰੇ ਉਸਦੇ ਭਾਸ਼ਣ ਰਾਜਨੀਤਿਕ ਇਸ਼ਤਿਹਾਰਬਾਜ਼ੀ ਦੇ ਬਰਾਬਰ ਨਹੀਂ ਸਨ। ਟੇਕ ਬੈਕ ਅਲਬਰਟਾ ਦੇਂ ਇਸ ਸਮੂਹ ਅਤੇ ਇਸਦੇ ਸੰਸਥਾਪਕ ਕੋਲ ਜੁਰਮਾਨੇ ਦਾ ਭੁਗਤਾਨ ਕਰਨ ਲਈ 30 ਦਿਨ ਹਨ, ਜਾਂ ਉਨ੍ਹਾਂ ਕੋਲ ਅਦਾਲਤ ਵਿਚ ਅਪੀਲ ਕਰਨ ਦਾ ਵਿਕਲਪ ਹੈ। ਪਾਰਕਰ ਨੇ ਕਿਹਾ ਕਿ ਉਹ ਜੁਰਮਾਨੇ ਵਿਰੁੱਧ ਲੜਨਗੇ ਪਰ ਅਜੇ ਤੱਕ ਇਹ ਫੈਸਲਾ ਨਹੀਂ ਕੀਤਾ ਹੈ ਕਿ ਉਹ ਇਹ ਕਿਵੇਂ ਕਰਨਗੇ।

ਉਧਰ ਅਲਬਰਟਾ ਹੈਲਥ ਸਰਵਿਸਿਜ਼ ਦੀ ਸਾਬਕਾ ਸੀਈ- ਨੇ ਏਐਚਐਸ ਅਤੇ ਸੂਬੇ ਦੇ ਖਿਲਾਫ $117 ਮਿਲੀਅਨ ਦਾ ਗਲਤ ਬਰਖਾਸਤਗੀ ਦਾ ਮੁਕੱਦਮਾ ਦਾਇਰ ਕੀਤਾ ਹੈ। ਲੀਰਾ ਦੀਂ ਖੱਦੋ ਉਧੜ ਰਹੀ ਹੈ ।ਅਥਾਨਾ ਮੈਂਟਜ਼ੇਲੋਪੋਲੋਸ ਦਾ ਦਾਅਵਾ ਹੈ ਕਿ ਉਸਨੂੰ ਇਸ ਲਈ ਨੌਕਰੀ ਤੋਂ ਕੱਢ ਦਿੱਤਾ ਗਿਆ ਸੀ ਕਿਉਂਕਿ ਉਸਨੇ ਵੱਖ-ਵੱਖ ਇਕਰਾਰਨਾਮਿਆਂ ਦੀ ਜਾਂਚ ਅਤੇ ਫੋਰੈਂਸਿਕ ਆਡਿਟ ਸ਼ੁਰੂ ਕੀਤਾ ਸੀ ਅਤੇ ਉਹਨਾਂ ਸੌਦਿਆਂ ਦਾ ਮੁੜ ਮੁਲਾਂਕਣ ਕਰ ਰਹੀ ਸੀ ਜਿਨ੍ਹਾਂ ਦਾ ਉਸਨੇ ਸਿੱਟਾ ਕੱਢਿਆ ਸੀ ਕਿ ਪ੍ਰਾਈਵੇਟ ਸਰਜੀਕਲ ਕੰਪਨੀਆਂ ਨਾਲ ਬਹੁਤ ਜ਼ਿਆਦਾ ਕੀਮਤ 'ਤੇ ਸਨ, ਉਸਨੇ ਕਿਹਾ ਕਿ ਉਨ੍ਹਾਂ ਦੇ ਸਰਕਾਰੀ ਅਧਿਕਾਰੀਆਂ ਨਾਲ ਸਬੰਧ ਸਨ।ਮੈਂਟਜ਼ੇਲੋਪੋਲੋਸ ਦੁਆਰਾ AHS ਵਿੱਚ ਅਣਉਚਿਤਤਾਵਾਂ, ਉਚ-ਪੱਧਰੀ ਸਰਕਾਰੀ ਦਖਲਅੰਦਾਜ਼ੀ, ਅਤੇ ਉਸਦੀਆਂ ਜਾਂਚਾਂ ਨੂੰ ਰੱਦ ਕਰਨ ਦੇ ਦੋਸ਼ਾਂ ਨੇ ਮੌਜੂਦਾ ਸਰਕਾਰ ਨੂੰ ਹਿਲਾ ਦਿੱਤਾ ਹੈ ਅਤੇ ਅਲਬਰਟਾ ਆਡੀਟਰ ਜਨਰਲ ਦੁਆਰਾ ਪੂਰੀ ਜਾਂਚ ਦੀ ਅਗਵਾਈ ਕੀਤੀ ਹੈ। ਇਹ ਜਮੀਰ ਕੁਰਸੀ ਖੁਸਣ ਤੋ ਬਾਅਦ ਹੀ ਜਾਗਦੀ ਹੈ ਪਹਿਲਾ ਕਿਉ ਨਹੀਂ ਉ ਗੱਲ ਐ ਇਕ । ਅਲਬਰਟਾ ਪ੍ਰੀਮੀਅਰ ਡੈਨੀਅਲ ਸਮਿਥ ਦਾ ਕਹਿਣਾ ਹੈ ਕਿ ਉਸਨੇ ਪ੍ਰੋਵਿੰਸ਼ੀਅਲ ਹੈਲਥ ਅਥਾਰਟੀ ਦੇ ਅੰਦਰ ਹਿਤਾਂ ਦੇ ਟਕਰਾਅ ਦੇ ਦੋਸ਼ਾਂ ਦੇ ਵਿਚਕਾਰ ਅਲਬਰਟਾ ਹੈਲਥ ਸਰਵਿਸਿਜ਼ ਵਿੱਚ ਗਲਤ ਕੰਮ ਕਰਨ ਦਾ ਕੋਈ ਸਬੂਤ ਨਹੀਂ ਦੇਖਿਆ ਹੈ।ਬੁੱਧਵਾਰ ਨੂੰ ਵਾਸ਼ਿੰਗਟਨ ਤੋਂ ਬੋਲਦੇ ਹੋਏ, ਸਮਿਥ ਨੇ ਪੱਤਰਕਾਰਾਂ ਨੂੰ ਕਿਹਾ ਕਿ ਉਹ ਅਲਬਰਟਾ ਦੇ ਆਡੀਟਰ ਜਨਰਲ ਦੁਆਰਾ ਅਲਬਰਟਾ ਹੈਲਥ ਸਰਿਵਸ ਦੁਆਰਾ ਠੇਕੇ ਕਿਵੇਂ ਪ੍ਰਾਪਤ ਕੀਤੇ ਜਾਂਦੇ ਹਨ ਅਤੇ ਦਿੱਤੇ ਜਾਂਦੇ ਹਨ, ਇਸ ਬਾਰੇ ਜਾਂਚ ਦਾ ਸਮਰਥਨ ਕਰਦੀ ਹੈ। ਸਮਿਥ ਨੇ ਕਿਹਾ ਕਿ ਉਸਨੂੰ ਪਹਿਲੀ ਵਾਰ ਦੋਸ਼ਾਂ ਬਾਰੇ ਉਦੋਂ ਪਤਾ ਲੱਗਾ ਜਦੋਂ ਪਿਛਲੇ ਹਫ਼ਤੇ ਦ ਗਲੋਬ ਐਂਡ ਮੇਲ ਵਿਚ ਇਕ ਰਿਪੋਰਟ ਪ੍ਰਕਾਸ਼ਿਤ ਹੋਈ ਸੀ।ਅਖੇ ਅੰਨਾ ਵੰਡੇ ਸੀਰਨੀਆਂ ਮੁੜ ਮੁੜ ਘਰਦਿਆਂ ਨੂੰ। ਸੋਚਿਆ ਸੀ ਚੰਗੇ ਮੁਲਕ ਵਿੱਚ ਸਭ ਚੰਗਾ ਹੀ ਹੋਵੇਗਾ ਪਰ ਇਥੇ ਤਾਂ ਸੌ ਜਾਂ ਹਜਾਂਰਾਂ ਦੀ ਗੱਲ ਨਹੀ ਠੱਗੀ ਲੱਖਾ ਡਾਲਰਾਂ ਵਿਚ ਹੀ ਵੱਜਦੀ ਹੈ ਪਰ ਬਹੁਤ ਸੁਲਝੇ ਢੰਗ ਨਾਲ ਇਹ ਤਾਂ ਵਾਰੇ ਵਾਰੇ ਜਾਈਏ ਮੀਡੀਆ ਦੇ ਜਿਹੜਾ ਗੱਲ ਕੱਢ ਕੇ ਲੋਕਾਂ ਦੇ ਸਨਮੁੱਖ ਰੱਖਦਾ ਹੈ ਨਹੀਂ ਤਾਂ ਇਹ ਮਗਰਮੱਛ ਲੋਕਾਂ ਦੇ ਟੈਕਸ ਦਾ ਪੈਸਾ ਖਾ ਕੇ ਡਕਾਰ ਵੀ ਨਾ ਲੈਣ। ਹੁਣ ਮਸਲਾ ਜਾਂਚ ਅਧੀਨ ਚੱਲ ਰਿਹਾ ਹੈ ਹੁਣ ਦੇਖੋ ਲੋਕਾਂ ਦੇ ਟੈਕਸ ਦਾ ਪੈਸਾ ਵਾਪਸ ਆਉ ਤਾਂ ਜੋਗੋਂ ਤੇਰਵੀ ਤਾਂ ਹੋ ਹੀ ਜਾਉ। ਸਕੂਲਾ ਵਿੱਚ ਦੇਖ ਲਉ ਹਸਪਤਾਲਾਂ ਵਿੱਚ ਦੇਖ ਲਵੋ ਲੋਕਾਂ ਦੀ ਭੀੜ ਅਤੇ ਦਾਖਲੇ ਲਈ ਜਸੱਦੋ ਜਹਿਦ ਮਹੀਨਿਆਂ ਬੱਧੀ ਡਾਕਟਰਾਂ ਦਾ ਇੰਤਜਾਰ, ਮਰੀਜਾ ਨੂੰ ਮੌਤ ਦੇ ਮੂੰਹ ਵੱਲ ਧੱਕ ਰਿਹਾ ਹੈ ਪਰ ਇਹ ਬੇਗੈਰਤ ਲੋਕ ਆਪਣੇ ਢਿੱਡਾਂ 'ਤੇ ਹੀ ਹੱਥ ਫੇਰੀ ਜਾ ਰਹੇ ਹਨ । ਅਲਬਰਟਾ ਸਕਰਾਰ ਨੇ ਹਾਲ ਹੀ ਵਿੱਚ ਨਵੇਂ ਸਕੂਲ ਖੋਲਣ ਨੂੰ ਮਨਜੂਰੀ ਦਿੱਤੀ ਹੈ ਇਸ ਨੂੰ ਬੂਰ ਪੈਂਦਾ ਹੈ ਜਾਂ ਫਿਰ ਮਹਿਜ ਬਿਆਨ ਹੀ ਸਾਬਤ ਹੁੰਦੇ ਹਨ ਇਹ ਆਉਣ ਵਾਲਾ ਵਕਤ ਹੀ ਦੱਸੇਗਾ।ਡੇ ਗੁਆਂਡੀ ਮੁਲਕ ਦੇ ਪ੍ਰਧਾਨ ਸਾਹਬ ਦੂਜੇ ਚੌਥੇ ਦਿਨ ਕਨੇਡਾ ਨੂੰ ਥਾਪੀਆਂ ਮਾਰ ਮਾਰ ਕੇ ਕਹੀ ਜਾਂਦੇ ਹਨ ਕਿ ਆਜੋ ਬਣਜੋ ਨੰਬਰ ਇਕਵੰਜਾ ਨਹੀ ਤਾਂ ਨਾਸੀ ਧੂੰਆ ਲਿਆ ਦਿਉਂ , ਹਾਲ ਹੀ ਵਿੱਚ ਉਹਨਾਂ ਸਟੀਲ ਅਤੇ ਅਲਮੀਨੀਅਮ ਤੇ ਟੈਕਸ ਲਾ ਦਿੱਤਾ ਹੈ ਇਸ ਨਾਲ ਆਉਦੇ ਦਿਨਾਂ ਵਿਚ ਇੰਡਸਟਰੀ ਤੇ ਕੀ ਅਸਰ ਪਵੇਗਾ ਜਲਦ ਹੀ ਪਤਾ ਲੱਗ ਜਾਵੇਗਾ , ਪਰ ਹਾਲਾਤ ਕੁੱਝ ਚੰਗੇ ਨਹੀਂ ਜਾਪਦੇ। ਸਭ ਕੁੱਝ ਹੀ ਮਹਿੰਗਾ ਹੋ ਜਾਵੇਗਾ , ਜਿੰਨੀ ਦੇਰ ਤੱਕ ਕਨੇਡਾ ਗੁਆਂਢੀਆਂ 'ਤੇ ਨਿਰਭਰ ਰਹੇਗਾ ਇਹੀ ਹਾਲ ਰਹੇਗਾ ਜਾਂ ਇਸ ਤੋ ਵੀ ਭੈੜਾ ਹੋਵੇਗਾ,ਇਸ ਸਾਰੇ ਕਾਸੇ ਪਿਛੇ ਪ੍ਰਧਾਨ ਜੀ ਹੁਰਾਂ ਦਾ ਕੋਈ ਹੋਰ ਮਾਸਟਰ ਪਲਾਨ ਹੈ ਉਹ ਵੀ ਆਉਦੇ ਦਿਨਾਂ ਵਿੱਚ ਪਤਾ ਲੱਗ ਜਾਵੇਗਾ ਪਰ ਪਿਸੇਗਾ ਤਾਂ ਆਮ ਆਦਮੀ ਹੀ, ਲੀਡਰਾਂ ਨੂੰ ਤਾਂ ਕੀ ਫਰਕ ਪੈਣਾ।

## ਗਿਆਨੀ ਹਰਪ੍ਰੀਤ ਸਿੰਘ ਦੀ ਇੰਟਰਵਿਊ:

# 'ਪਾਰਟੀ ਅੰਦਰੋਂ ਕੋਈ ਸੁਖਬੀਰ ਬਾਦਲ ਨੂੰ ਨੁਕਸਾਨ ਪਹੁੰਚਾਉਣਾ ਚਾਹੁੰਦਾ ਹੈ'



ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸਜੀਪੀਸੀ) ਦੀ ਕਾਰਜਕਾਰਨੀ ਕਮੇਟੀ ਨੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਖ਼ਿਲਾਫ਼ ਉਨ੍ਹਾਂ ਦੇ ਕਿਸੇ ਸਾਬਕਾ ਰਿਸ਼ਤੇਦਾਰ ਵੱਲੋਂ ਲਗਾਏ ਗਏ ਦੋਸ਼ਾਂ ਦੀ ਜਾਂਚ ਕਰ ਰਹੇ ਤਿੰਨ ਮੈਂਬਰੀ ਪੈਨਲ ਦੀ ਰਿਪੋਰਟ ਦੇ ਆਧਾਰ 'ਤੇ ਗਿਆਨੀ ਹਰਪ੍ਰੀਤ ਸਿੰਘ ਨੂੰ ਅਹੁਦੇ ਤੋਂ ਬਰਖਾਸਤ ਕਰ ਦਿੱਤਾ ਹੈ।
ਸ਼੍ਰੋਮਣੀ ਕਮੇਟੀ ਨੇ ਪਹਿਲਾਂ ਹਰਪ੍ਰੀਤ ਸਿੰਘ ਨੂੰ ਉਨ੍ਹਾਂ ਦੇ ਅਹੁਦੇ ਤੋਂ ਮੁਅੱਤਲ ਕਰ ਦਿੱਤਾ ਸੀ। ਹਾਲਾਂਕਿ, ਉਨ੍ਹਾਂ ਨੇ ਆਪਣੇ ਇੱਕ ਰਿਸ਼ਤੇਦਾਰ ਦੁਆਰਾ ਲਗਾਏ ਗਏ ਦੋਸ਼ਾਂ ਤੋਂ ਇਨਕਾਰ ਕੀਤਾ ਹੈ।
ਇਕ ਅੰਗਰੇਜ਼ੀ ਅਖ਼ਬਾਰ ਨਾਲ ਇੱਕ ਇੰਟਰਵਿਊ ਵਿੱਚ, ਹਰਪ੍ਰੀਤ ਸਿੰਘ ਨੇ 2 ਦਸੰਬਰ, 2024 ਦੇ ਵਿਵਾਦ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਅਤੇ ਹੋਰਾਂ ਨੂੰ ਧਾਰਮਿਕ ਤੌਰ 'ਤੇ ਦੋਸ਼ੀ ਕਰਾਰ ਦਿੱਤੇ ਗਏ ਪ੍ਰਾਸਚਿਤ ਦੇ ਫੈਸਲੇ, ਲਏ ਗਏ ਫੈਸਲੇ ਦੀ ਪ੍ਰਕਿਰਿਆ ਅਤੇ ਉਨ੍ਹਾਂ ਦੀਆਂ ਯੋਜਨਾਵਾਂ ਬਾਰੇ ਗੱਲ ਕੀਤੀ।

**ਸਵਾਲ. ਤੁਹਾਡੇ 'ਤੇ ਲੱਗੇ ਦੋਸ਼ਾਂ ਨੂੰ ਨਕਾਰਨ ਤੋਂ ਇਲਾਵਾ ਤੁਹਾਡਾ ਬਚਾਅ ਕੀ ਹੈ?**

**ਗਿਆਨੀ ਹਰਪ੍ਰੀਤ ਸਿੰਘ:** ਮੇਰੇ ਚਰਿੱਤਰ ਨੂੰ ਦਾਗ਼ਦਾਰ ਕਰਨ ਲਈ ਇਹ ਇਲਜ਼ਾਮ ਲਾਏ ਗਏ। ਸਭ ਤੋਂ ਖਾਸ ਗੱਲ ਇਹ ਹੈ ਕਿ ਸ਼੍ਰੋਮਣੀ ਕਮੇਟੀ ਨੇ 2008 ਵਿੱਚ ਵੀ ਇਨ੍ਹਾਂ ਦੋਸ਼ਾਂ ਦੀ ਜਾਂਚ ਕਰਵਾਈ ਸੀ। ਇੱਕ ਜਾਂਚ ਕਮੇਟੀ ਬਣਾਈ ਗਈ ਸੀ, ਜਿਸ ਨੇ ਨਾ ਸਿਰਫ਼ ਮੇਰੇ ਤੋਂ, ਸਗੋਂ ਮੇਰੇ ਗੁਆਂਢੀਆਂ, ਰਿਸ਼ਤੇਦਾਰਾਂ, ਦੋਸਤਾਂ ਅਤੇ ਸਹਿਯੋਗੀਆਂ ਤੋਂ ਵੀ ਪੁੱਛਗਿੱਛ ਕੀਤੀ ਸੀ। ਮੈਨੂੰ ਇਨ੍ਹਾਂ ਦੋਸ਼ਾਂ ਤੋਂ ਬਰੀ ਕਰ ਦਿੱਤਾ ਗਿਆ ਸੀ। ਫਿਰ ਮੈਨੂੰ ਤਖ਼ਤ ਸ੍ਰੀ ਦਮਦਮਾ ਸਾਹਿਬ ਦਾ ਜਥੇਦਾਰ ਬਣਾਇਆ ਗਿਆ ਅਤੇ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਵਜੋਂ ਚਾਰਜ ਦਿੱਤਾ ਗਿਆ। ਕੀ ਐਸਜੀਪੀਸੀ ਨੇ ਮੈਨੂੰ ਅਜਿਹੇ ਅਹੁਦਿਆਂ ਉੱਤੇ ਲਗਾਇਆ ਹੁੰਦਾ ਜੇ ਉਨ੍ਹਾਂ ਨੂੰ ਇਨ੍ਹਾਂ ਦੋਸ਼ਾਂ ਵਿੱਚ ਇੱਕ ਵੀ ਸੱਚਾਈ ਮਿਲਦੀ? ਸ਼੍ਰੋਮਣੀ ਕਮੇਟੀ ਨੇ ਇਨ੍ਹਾਂ ਦੋਸ਼ਾਂ ਨੂੰ ਮੁੱਢੋਂ ਨਕਾਰ ਦਿੱਤਾ ਸੀ। ਇਹ ਸਭ ਕੁਝ ਝੂਠੇ ਇਲਜ਼ਾਮਾਂ ਕਾਰਨ ਨਹੀਂ ਸਗੋਂ ਮੈਨੂੰ ਹਟਾਉਣ ਦਾ ਬਹਾਨਾ ਹੈ।

**ਸਵਾਲ: ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਨਾਲ ਤੁਹਾਡਾ ਟਕਰਾਅ ਕੀ ਹੈ?**

ਗਿਆਨੀ ਹਰਪ੍ਰੀਤ ਸਿੰਘ: ਮੈਂ ਹੁਣ ਤੱਕ ਜੋ ਸਮਝਿਆ ਹੈ ਉਹ ਇਹ ਹੈ ਕਿ ਅਕਾਲੀ ਦਲ ਦੇ ਅੰਦਰੋਂ ਕੋਈ ਸੁਖਬੀਰ ਸਿੰਘ ਬਾਦਲ ਨੂੰ ਨੁਕਸਾਨ ਪਹੁੰਚਾਉਣਾ ਚਾਹੁੰਦਾ ਹੈ। ਹਾਲ ਦੀ ਘੜੀ ਪਾਰਟੀ ਦੇ ਭਲੇ ਲਈ ਇੱਕ ਵੀ ਫੈਸਲਾ ਨਹੀਂ ਲਿਆ ਗਿਆ ਹੈ। ਮੈਨੂੰ ਨਹੀਂ ਪਤਾ ਕਿ ਸੁਖਬੀਰ ਸਿੰਘ ਬਾਦਲ ਇਸ ਨੂੰ ਸਮਝਣ ਤੋਂ ਅਸਮਰੱਥ ਹਨ ਜਾਂ ਉਹ ਇਸ ਬਾਰੇ ਕੁਝ ਨਹੀਂ ਕਰ ਸਕਦੇ। ਪਾਰਟੀ ਨੂੰ ਕਿਸਨੇ ਕਿਹਾ ਕਿ ਇਹ ਅਕਾਲ ਤਖ਼ਤ ਸਾਹਿਬ ਦੇ ਖਿਲਾਫ ਜਾਵੇ? ਕੀ ਤੁਸੀਂ ਦੱਸ ਸਕਦੇ ਹੋ ਕਿ ਅਕਾਲ ਤਖ਼ਤ ਸਾਹਿਬ ਦੇ ਨਿਰਦੇਸ਼ਾਂ ਅਨੁਸਾਰ ਮੈਂਬਰਸ਼ਿਪ ਮੁਹਿੰਮ ਨੂੰ ਨਾ ਚਲਾਉਣ ਨਾਲ ਪਾਰਟੀ ਜਾਂ ਸੁਖਬੀਰ ਸਿੰਘ ਬਾਦਲ ਨੂੰ ਕੀ ਫਾਇਦਾ ਹੁੰਦਾ ਹੈ?
ਸੁਖਬੀਰ ਸਿੰਘ ਬਾਦਲ ਦੇ ਹੱਕ ਵਿਚ ਖੜਨ ਦਾ ਦਾਅਵਾ ਕਰਨ ਵਾਲੇ ਕੁਝ ਆਗੂਆਂ ਨੇ ਪਹਿਲਾਂ ਹੀ ਇਹ ਬਿਰਤਾਂਤ ਘੜਿਆ ਸੀ ਕਿ ਅਕਾਲ ਤਖ਼ਤ ਦੇ ਫੈਸਲੇ ਸੁਖਬੀਰ ਨੂੰ ਸਿਆਸੀ ਤੌਰ 'ਤੇ ਖ਼ਤਮ ਕਰ ਦੇਣਗੇ। ਕੀ ਉਹ ਸੁਖਬੀਰ ਦੇ ਸਿਆਸੀ ਕਤਲ ਲਈ ਆਧਾਰ ਬਣਾ ਰਹੇ ਸਨ? ਕੀ ਉਹ ਲੋਕਾਂ ਦੇ ਮਨਾਂ ਵਿਚ ਇਹ ਵਿਚਾਰ ਪਾਉਣ ਦੀ ਕੋਸ਼ਿਸ਼ ਕਰ ਰਹੇ ਸਨ ਕਿ ਅਕਾਲ ਤਖ਼ਤ ਜੋ ਵੀ ਫੈਸਲਾ ਲਵੇਗਾ ਉਸ ਨਾਲ ਸੁਖਬੀਰ ਸਿਆਸੀ ਤੌਰ 'ਤੇ ਖਤਮ ਹੋ ਜਾਵੇਗਾ?

**ਪਰ ਤੁਹਾਡੇ 'ਤੇ ਦੋਸ਼ ਇਹ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ 2 ਦਸੰਬਰ ਦਾ ਐਲਾਨ ਸੁਖਬੀਰ ਸਿੰਘ ਬਾਦਲ ਨੂੰ ਨੁਕਸਾਨ ਪਹੁੰਚਾਉਣਾ ਸੀ।**

**ਗਿਆਨੀ ਹਰਪ੍ਰੀਤ ਸਿੰਘ:** ਸੁਖਬੀਰ ਸਿੰਘ ਬਾਦਲ ਅਤੇ ਹੋਰ ਆਗੂਆਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਅੱਗੇ ਜੋ ਇਕਬਾਲ ਕੀਤਾ ਹੈ, ਉਹ ਬਹੁਤ ਪਹਿਲਾਂ ਹੋ ਜਾਣਾ ਚਾਹੀਦਾ ਸੀ। ਪਰ ਉਨ੍ਹਾਂ ਨੇ ਇਸ ਤੋਂ ਬਚਣ ਦੀ ਕੋਸ਼ਿਸ਼ ਕੀਤੀ ਅਤੇ ਕਈ ਚੋਣਾਂ ਲੜੀਆਂ। ਹਰ ਚੋਣ ਵਿਚ ਉਨ੍ਹਾਂ ਦੀ ਵੋਟ ਪ੍ਰਤੀਸ਼ਤਤਾ ਘੱਟ ਗਈ। ਪਾਰਟੀ ਅਜਿਹੇ ਮੋੜ 'ਤੇ ਪਹੁੰਚ ਗਈ ਜਿੱਥੇ ਕੁਝ ਸੀਨੀਅਰ ਆਗੂਆਂ ਨੇ ਬਗਾਵਤ ਕਰ ਦਿੱਤੀ। ਸੁਖਬੀਰ ਸਿੰਘ ਬਾਦਲ ਅਤੇ ਹੋਰਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਜੋ ਕਬੂਲ ਕੀਤਾ, ਉਹ ਤਾਂ ਪਹਿਲਾਂ ਹੀ ਪਤਾ ਸੀ। ਕੋਈ ਨਵੀਂ ਗੱਲ ਨਹੀਂ ਸੀ। ਪਰ ਕੌਮ ਮਾਫ਼ ਕਰ ਦਿੰਦੀ ਹੈ ਜਦੋਂ ਕੋਈ ਸੱਚੇ ਹਿਰਦੇ ਨਾਲ ਇਕਬਾਲ ਕਰਦਾ ਹੈ ਅਤੇ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਦੀ ਪਾਲਣਾ ਕਰਨ ਨਾਲ ਪਾਰਟੀ ਨੂੰ ਲਾਭ ਹੁੰਦਾ ਹੈ। ਇਹ ਪਾਰਟੀ ਨੂੰ ਮੁੜ ਸੁਰਜੀਤ ਕਰਨਾ ਸੀ ਨਾ ਕਿ ਇਸ ਨੂੰ ਤਬਾਹ ਕਰਨਾ।
ਅਕਾਲ ਤਖ਼ਤ ਵੱਲੋਂ ਮੈਂਬਰਸ਼ਿਪ ਮੁਹਿੰਮ ਸ਼ੁਰੂ ਕਰਨ ਲਈ ਬਣਾਈ ਗਈ ਸੱਤ ਮੈਂਬਰੀ ਕਮੇਟੀ ਵਿੱਚ ਜ਼ਿਆਦਾਤਰ ਮੈਂਬਰ ਸ਼੍ਰੋਮਣੀ ਅਕਾਲੀ ਦਲ ਦੇ ਹੀ ਸਨ। ਇਹ ਮੈਂਬਰ ਪਾਕਿਸਤਾਨ ਦੇ ਨਹੀਂ ਸਨ। ਮੈਂਬਰਾਂ ਵਿੱਚੋਂ ਸਿਰਫ਼ ਇੱਕ ਹੀ ਬਾਗੀ ਸੀ। ਜੇਕਰ ਉਨ੍ਹਾਂ ਨੂੰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ, ਇਸ ਦੇ ਦੋ ਵਿਧਾਇਕਾਂ ਵਿੱਚੋਂ ਇੱਕ ਮਨਪ੍ਰੀਤ ਸਿੰਘ ਇਆਲੀ, ਸੰਗਰੂਰ ਤੋਂ ਪਾਰਟੀ ਦੇ ਉਮੀਦਵਾਰ ਰਹੇ ਇਕਬਾਲ ਸਿੰਘ ਝੂੰਦਾਂ, ਸਾਬਕਾ ਐਸਜੀਪੀਸੀ ਪ੍ਰਧਾਨ ਅਤੇ ਪ੍ਰਕਾਸ਼ ਸਿੰਘ ਬਾਦਲ ਦੇ ਕਰੀਬੀ ਕਿਰਪਾਲ ਸਿੰਘ ਬਡੂੰਗਰ 'ਤੇ ਭਰੋਸਾ ਨਹੀਂ ਤਾਂ ਉਹ ਕਿਸੇ ਹੋਰ 'ਤੇ ਦੋਸ਼ ਕਿਵੇਂ ਲਗਾ ਸਕਦੇ ਹਨ? ਇਹ ਸਾਰੇ ਕਮੇਟੀ ਮੈਂਬਰ ਉਹ ਹਨ ਜਿਨ੍ਹਾਂ ਨੇ ਸਾਰੀ ਉਮਰ ਸ਼੍ਰੋਮਣੀ ਅਕਾਲੀ ਦਲ ਲਈ ਕੰਮ ਕੀਤਾ - ਇੱਕ ਔਰਤ ਮੈਂਬਰ ਨੂੰ ਛੱਡ ਕੇ ਜੋ ਸਮਾਜ ਵਿੱਚ ਇੱਕ ਸਤਿਕਾਰਤ ਪਰਿਵਾਰ ਤੋਂ ਆਉਂਦੀ ਹੈ। ਪਾਰਟੀ ਨੇ ਹੁਣ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਦੇ ਵਿਰੁੱਧ ਖੜ੍ਹ ਕੇ ਵੱਡੀ ਗਲਤੀ ਕੀਤੀ ਹੈ। ਅਕਾਲ ਤਖ਼ਤ ਕਦੇ ਵੀ ਬਦਲਾਖੋਰੀ ਨਾਲ ਫੈਸਲੇ ਨਹੀਂ ਲੈਂਦਾ। ਇਹ ਹਮੇਸ਼ਾ ਮੇਲ-ਮਿਲਾਪ ਅਤੇ ਚੰਗੇ ਵਿਸ਼ਵਾਸ ਲਈ ਹੁੰਦਾ ਹੈ।

**ਸ: ਗਿਆਨੀ ਰਘਬੀਰ ਸਿੰਘ ਅਕਾਲ ਤਖ਼ਤ ਦੇ ਜਥੇਦਾਰ ਹਨ। ਪਰ ਇਲਜ਼ਾਮ ਇਹ ਹਨ ਕਿ ਤੁਸੀਂ ਐਲਾਨ ਦੇ ਆਰਕੀਟੈਕਟ ਸੀ।**

**ਗਿਆਨੀ ਹਰਪ੍ਰੀਤ ਸਿੰਘ:** ਅਕਾਲ ਤਖ਼ਤ ਸਾਹਿਬ 'ਤੇ ਫੈਸਲੇ ਹਮੇਸ਼ਾ ਸਰਬਸੰਮਤੀ ਨਾਲ ਲਏ ਜਾਂਦੇ ਹਨ। ਇਹ ਸਿਰਫ਼ ਮੈਂ ਜਾਂ ਗਿਆਨੀ ਰਘਬੀਰ ਸਿੰਘ ਨਹੀਂ ਸਨ। ਅਕਾਲ ਤਖ਼ਤ ਤੇ ਹਮੇਸ਼ਾਂ ਪੰਜਾਂ ਦੀ ਜਿਊਰੀ ਹੁੰਦੀ ਹੈ ਅਤੇ ਜੇਕਰ ਉਹਨਾਂ ਵਿੱਚੋਂ ਇੱਕ ਵੀ ਇਤਰਾਜ਼ ਕਰੇ ਤਾਂ ਫੈਸਲਾ ਨਹੀਂ ਹੋ ਸਕਦਾ। ਜਿਊਰੀ ਦੇ ਬਾਕੀ ਸਾਰੇ ਚਾਰ ਮੈਂਬਰਾਂ ਦੀ ਉੱਚ ਇਮਾਨਦਾਰੀ ਅਤੇ ਭਰੋਸੇਯੋਗਤਾ ਹੈ। ਦਿਨ ਦੇ ਅੰਤ ਵਿੱਚ, ਅਸੀਂ ਸਾਰੇ ਤਕਨੀਕੀ ਤੌਰ 'ਤੇ ਸ਼੍ਰੋਮਣੀ ਕਮੇਟੀ ਦੇ ਕਰਮਚਾਰੀ ਸੀ। ਸ਼੍ਰੋਮਣੀ ਅਕਾਲੀ ਦਲ SGPC ਨੂੰ ਕੰਟਰੋਲ ਕਰਦਾ ਹੈ। ਪਰ ਉਸ ਸਮੇਂ ਅਸੀਂ ਸਰਵ ਸ਼ਕਤੀਮਾਨ ਦੀ ਸੇਵਾ ਕਰ ਰਹੇ ਸੀ ਅਤੇ ਅਸੀਂ ਕੇਵਲ ਗੁਰੂ ਤੋਂ ਡਰਦੇ ਹਾਂ। ਇਸ ਲਈ ਮੈਨੂੰ 2 ਦਸੰਬਰ ਨੂੰ ਲਏ ਫੈਸਲੇ ਦਾ ਆਰਕੀਟੈਕਟ ਕਹਿਣਾ ਬਚਕਾਨਾ ਹੈ।

**ਸਵਾਲ. ਜੇਕਰ ਸਾਰੇ ਜਿਊਰੀ ਮੈਂਬਰਾਂ ਨੇ ਇਹ ਫੈਸਲਾ ਲਿਆ ਹੈ, ਤਾਂ ਸਿਰਫ਼ ਤੁਹਾਨੂੰ ਹੀ ਨਿਸ਼ਾਨਾ ਕਿਉਂ ਬਣਾਇਆ ਜਾ ਰਿਹਾ ਹੈ?**

ਗਿਆਨੀ ਹਰਪ੍ਰੀਤ ਸਿੰਘ: ਮੇਰੇ ਸਾਬਕਾ ਸ਼੍ਰੋਮਣੀ ਕਮੇਟੀ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ, ਗੋਬਿੰਦ ਸਿੰਘ ਲੌਂਗੋਵਾਲ ਅਤੇ ਬੀਬੀ ਜਗੀਰ ਕੌਰ ਨਾਲ ਬਹੁਤ ਚੰਗੇ ਸਬੰਧ ਰਹੇ ਹਨ। ਰਿਸ਼ਤਿਆਂ 'ਚ ਬਦਲਾਅ ਉਦੋਂ ਆਇਆ ਜਦੋਂ 2022 'ਚ ਹਰਜਿੰਦਰ ਸਿੰਘ ਧਾਮੀ ਪ੍ਰਧਾਨ ਬਣੇ।ਮੈਂ ਵੱਖ-ਵੱਖ ਮੁੱਦਿਆਂ 'ਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਨੂੰ ਚਿੱਠੀਆਂ ਲਿਖਦਾ ਰਹਿੰਦਾ ਸੀ। ਜਦੋਂ ਧਾਮੀ ਆਇਆ ਤਾਂ ਅਕਾਲ ਤਖ਼ਤ ਨੂੰ ਧਾਮੀ ਨੂੰ ਸਿੱਧੇ ਤੌਰ 'ਤੇ ਨਾ ਲਿਖਣ ਲਈ ਕਿਹਾ ਗਿਆ, ਸਗੋਂ ਉਨ੍ਹਾਂ ਦੇ ਪੀ.ਏ. ਹੌਲੀ-ਹੌਲੀ ਸ਼੍ਰੋਮਣੀ ਕਮੇਟੀ ਨੇ ਗੱਲਬਾਤ ਦਾ ਜਵਾਬ ਦੇਣਾ ਬੰਦ ਕਰ ਦਿੱਤਾ। ਇਸ ਦੌਰਾਨ ਕੁਝ ਲੋਕਾਂ ਵੱਲੋਂ ਅਕਾਲੀ ਦਲ ਨਾਲ ਤਾਲਮੇਲ ਵੀ ਵਿਗਾੜ ਦਿੱਤਾ ਗਿਆ। ਮੈਨੂੰ ਨਹੀਂ ਪਤਾ ਕੀ ਹੋਇਆ, ਅਤੇ ਅਕਾਲੀ ਦਲ ਦੇ ਕੁਝ ਲੋਕਾਂ ਨੇ ਮੈਨੂੰ ਨਿਸ਼ਾਨਾ ਬਣਾਉਣਾ ਸ਼ੁਰੂ ਕਰ ਦਿੱਤਾ। ਮੈਨੂੰ ਲਗਦਾ ਹੈ ਕਿ ਮੌਜੂਦਾ ਹਾਲਾਤ ਵੀ ਉਸੇ ਲੜੀ ਵਿੱਚ ਹਨ।

**ਸਵਾਲ: ਕੀ ਸੁਖਬੀਰ ਸਿੰਘ ਬਾਦਲ ਨੇ ਕਦੇ ਤੁਹਾਨੂੰ ਫ਼ੋਨ ਕਰਕੇ ਕੁਝ ਕਰਨ ਲਈ ਕਿਹਾ ਹੈ ਅਤੇ ਤੁਸੀਂ ਇਨਕਾਰ ਕਰ ਦਿੱਤਾ ਹੈ?**

ਗਿਆਨੀ ਹਰਪ੍ਰੀਤ ਸਿੰਘ: ਹਾਂ, ਦੋ-ਤਿੰਨ ਵਾਰ ਅਜਿਹਾ ਹੋਇਆ ਕਿ ਉਨ੍ਹਾਂ ਨੇ ਮੈਨੂੰ ਕੁਝ ਕਰਨ ਲਈ ਬੁਲਾਇਆ ਅਤੇ ਮੈਂ ਇਨਕਾਰ ਕਰ ਦਿੱਤਾ। ਪਰ ਹਰ ਵਾਰ, ਬਾਅਦ ਦੇ ਪੜਾਅ 'ਤੇ ਸੁਖਬੀਰ ਸਿੰਘ ਬਾਦਲ ਨੇ ਮੰਨਿਆ ਕਿ ਉਨ੍ਹਾਂ ਨੇ ਜੋ ਕਿਹਾ ਸੀ, ਉਹ ਨਾ ਕਰਨ ਵਿੱਚ ਮੈਂ ਸਹੀ ਸੀ। ਸੁਖਬੀਰ ਚਾਹੁੰਦਾ ਸੀ ਕਿ ਮੈਂ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੂੰ ਅਕਾਲੀ ਦਲ ਨਾਲ ਸਿਆਸੀ ਵਿਵਾਦ ਨੂੰ ਲੈ ਕੇ ਤਲਬ ਕਰਾਂ। ਮੈਂ ਸੁਖਬੀਰ ਸਿੰਘ ਬਾਦਲ ਨੂੰ ਕਿਹਾ ਕਿ ਅਕਾਲ ਤਖ਼ਤ ਲਈ ਕਿਸੇ ਸਿਆਸੀ ਵਿਵਾਦ ਨੂੰ ਲੈ ਕੇ ਇੱਕ ਧੜੇ ਨੂੰ ਤਲਬ ਕਰਨਾ ਠੀਕ ਨਹੀਂ ਹੋਵੇਗਾ। ਸੁਖਬੀਰ ਸਿੰਘ ਬਾਦਲ ਨੇ ਬਾਅਦ ਵਿੱਚ ਮੈਨੂੰ ਕਿਹਾ ਕਿ ਕਾਲਕਾ ਨੂੰ ਤਲਬ ਨਾ ਕਰਨਾ ਮੇਰੇ ਲਈ ਸਹੀ ਸੀ। ਧਾਮੀ ਦੇ ਪ੍ਰਧਾਨ ਬਣਨ ਤੋਂ ਪਹਿਲਾਂ ਮੇਰਾ ਸੁਖਬੀਰ ਸਿੰਘ ਬਾਦਲ ਨਾਲ ਬਿਹਤਰ ਤਾਲਮੇਲ ਸੀ। ਪਹਿਲਾਂ ਉਹ ਧਾਰਮਿਕ ਮਾਮਲਿਆਂ ਬਾਰੇ ਮੇਰੀ ਸਲਾਹ ਲੈਂਦਾ ਸੀ।

**ਸਵਾਲ: ਤੁਸੀਂ ਦੋਸ਼ ਲਾਇਆ ਹੈ ਕਿ ਜਥੇਦਾਰਾਂ ਨੂੰ ਅਕਸਰ ਗੈਰ ਰਸਮੀ ਤੌਰ 'ਤੇ ਹਟਾ ਦਿੱਤਾ ਜਾਂਦਾ ਹੈ। ਪਰ ਤੁਹਾਨੂੰ ਵੀ ਉਸੇ ਸਿਸਟਮ ਰਾਹੀਂ ਅਕਾਲ ਤਖ਼ਤ ਦਾ ਜਥੇਦਾਰ ਬਣਾਇਆ ਗਿਆ।**

ਗਿਆਨੀ ਹਰਪ੍ਰੀਤ ਸਿੰਘ: ਪਹਿਲਾਂ ਤਾਂ ਮੈਨੂੰ ਤਖ਼ਤ ਸ੍ਰੀ ਦਮਦਮਾ ਸਾਹਿਬ ਦਾ ਜਥੇਦਾਰ ਬਣਾਇਆ ਗਿਆ ਸੀ। ਮੈਂ ਉਦੋਂ ਇਨਕਾਰ ਕਰ ਦਿੱਤਾ ਸੀ ਜਦੋਂ ਇਹ ਐਲਾਨ ਕੀਤਾ ਗਿਆ ਸੀ ਕਿ ਮੈਂ 2018 ਵਿੱਚ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਵਜੋਂ ਚਾਰਜ ਸੰਭਾਲਾਂਗਾ। ਮੈਂ ਤੁਰੰਤ ਉਸ ਵੇਲੇ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੂੰ ਫ਼ੋਨ ਕੀਤਾ ਕਿ ਮੈਂ ਇਸ ਲਈ ਤਿਆਰ ਨਹੀਂ ਹਾਂ। ਕਿਉਂਕਿ ਉਨ੍ਹਾਂ ਹਾਲਾਤ ਵਿੱਚ ਕੋਈ ਵੀ ਅਕਾਲ ਤਖ਼ਤ ਸਾਹਿਬ ਦਾ ਚਾਰਜ ਸੰਭਾਲਣਾ ਨਹੀਂ ਚਾਹੁੰਦਾ ਸੀ। ਮੈਨੂੰ ਪਤਾ ਸੀ ਕਿ ਸ਼੍ਰੋਮਣੀ ਕਮੇਟੀ ਨੇ ਕਈ ਵੱਡੀਆਂ ਸ਼ਖ਼ਸੀਅਤਾਂ ਅਤੇ ਵਿਦਵਾਨਾਂ ਨੂੰ ਜਥੇਦਾਰ ਬਣਨ ਦੀ ਪੇਸ਼ਕਸ਼ ਕੀਤੀ ਸੀ ਪਰ ਸਾਬਕਾ ਜਥੇਦਾਰ ਗੁਰਬਚਨ ਸਿੰਘ ਨੂੰ ਇਸ ਅਹੁਦੇ ਲਈ ਨੁਕਸਾਨ ਪਹੁੰਚਾਉਣ ਕਾਰਨ ਸਭ ਨੇ ਇਨਕਾਰ ਕਰ ਦਿੱਤਾ ਸੀ।
ਅਕਾਲ ਤਖ਼ਤ ਨੂੰ ਕਦੇ ਵੀ ਨੁਕਸਾਨ ਨਹੀਂ ਪਹੁੰਚਾਇਆ ਜਾ ਸਕਦਾ ਪਰ ਡੇਰਾ ਸਿਰਸਾ ਦੇ ਮੁਖੀ ਨੂੰ ਮੁਆਫ਼ੀ ਦੇਣ ਦੇ ਵਿਵਹਾਰ ਕਾਰਨ ਉਸ ਸਮੇਂ ਜਥੇਦਾਰ ਦੇ ਅਹੁਦੇ ਨੂੰ ਬਹੁਤ ਨੁਕਸਾਨ ਪਹੁੰਚਿਆ ਸੀ। ਇਸ ਲਈ ਮੈਂ ਵੀ ਤਿਆਰ ਨਹੀਂ ਸੀ। ਪਰ ਫਿਰ ਕਈ ਸ਼੍ਰੋਮਣੀ ਕਮੇਟੀ ਮੈਂਬਰ ਮੇਰੇ ਕੋਲ ਆਏ ਅਤੇ ਮੈਨੂੰ ਅਹੁਦਾ ਸਵੀਕਾਰ ਕਰਨ ਲਈ ਬੇਨਤੀ ਕੀਤੀ। ਜਦੋਂ ਮੈਂ ਚਾਰਜ ਸੰਭਾਲਿਆ ਤਾਂ ਲੋਕ ਜਥੇਦਾਰ ਨੂੰ ਡਾਕ ਰਾਹੀਂ ਚੂੜੀਆਂ ਭੇਜ ਰਹੇ ਸਨ। ਇਹ ਸਥਿਤੀ ਕਿੰਨੀ ਮਾੜੀ ਸੀ। ਮੇਰੇ ਤੋਂ ਪਹਿਲਾਂ ਕਈ ਜਥੇਦਾਰਾਂ ਨੂੰ ਹਟਾਇਆ ਗਿਆ। ਕਿਉਂਕਿ ਜੱਥੇਦਾਰ ਹੋਣ ਦੇ ਨਾਤੇ ਤੁਸੀਂ ਕੌਮ ਲਈ ਕੰਮ ਕਰਨਾ ਹੈ ਨਾ ਕਿ ਲੀਡਰ ਲਈ। ਮੈਂ ਬਿਆਨ ਦਿੱਤਾ ਕਿ ਅਕਾਲੀ ਦਲ ਜਗੀਰਦਾਰਾਂ ਦੀ ਪਾਰਟੀ ਬਣ ਗਈ ਹੈ। ਇਹ ਗਰੀਬਾਂ, ਮਜ਼ਦੂਰਾਂ, ਕਿਸਾਨਾਂ ਅਤੇ ਮਜ਼ਦੂਰਾਂ ਦੀ ਪਾਰਟੀ ਸੀ। ਸ਼ਾਇਦ ਅਜਿਹੇ ਬਿਆਨ ਮੇਰੇ ਖ਼ਿਲਾਫ ਗਏ ਹੋਣ।

**ਸਵਾਲ- ਤਾਂ ਕੀ ਤੁਹਾਨੂੰ ਵੀ ਬਿਨਾਂ ਕਿਸੇ ਮਾਪਦੰਡ ਦੇ ਜਥੇਦਾਰ ਬਣਾ ਦਿੱਤਾ ਸੀ?**

ਗਿਆਨੀ ਹਰਪ੍ਰੀਤ ਸਿੰਘ: ਕੋਈ ਮਾਪਦੰਡ ਨਹੀਂ ਹੈ। ਅਕਾਲ ਤਖ਼ਤ ਦੇ ਸਾਬਕਾ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਨੇ ਜਥੇਦਾਰਾਂ ਦੀ ਚੋਣ ਲਈ ਮਾਪਦੰਡ ਬਣਾਉਣ ਸਬੰਧੀ ਇੱਕ ਖਰੜਾ ਤਿਆਰ ਕਰਕੇ 2008 ਵਿੱਚ ਐਸਜੀਪੀਸੀ ਨੂੰ ਸੌਂਪਿਆ ਸੀ।ਅਕਾਲ ਤਖ਼ਤ ਦੇ ਜਥੇਦਾਰ ਦਾ ਅਹੁਦਾ ਸੰਭਾਲਣ ਤੋਂ ਤੁਰੰਤ ਬਾਅਦ ਮੈਂ ਸ਼੍ਰੋਮਣੀ ਕਮੇਟੀ ਨੂੰ ਇੱਕ ਰੀਮਾਈਂਡਰ ਭੇਜ ਕੇ ਇਸ ਖਰੜੇ 'ਤੇ ਨਿਯਮ ਬਣਾਉਣ ਲਈ ਕਾਰਵਾਈ ਕਰਨ ਲਈ ਕਿਹਾ ਸੀ। ਮੈਂ 2022 ਵਿੱਚ ਦੂਜਾ ਰੀਮਾਈਂਡਰ ਭੇਜਿਆ ਸੀ ਪਰ ਕੋਈ ਵਿਅਕਤੀ ਨਿਯੁਕਤੀਆਂ ਦੀਆਂ ਸਾਰੀਆਂ ਸ਼ਕਤੀਆਂ ਆਪਣੀ ਜੇਬ ਵਿੱਚ ਰੱਖਣਾ ਚਾਹੁੰਦਾ ਹੈ।

**ਸਵਾਲ: ਗਿਆਨੀ ਰਘਬੀਰ ਸਿੰਘ ਨਾਲ ਤੁਹਾਡੀ ਆਖਰੀ ਵਾਰ ਗੱਲ ਕਦੋਂ ਹੋਈ ਸੀ? ਉਨ੍ਹਾਂ ਨੇ ਤੁਹਾਡੇ ਖਿਲਾਫ SGPC ਦੀ ਜਾਂਚ ਨੂੰ ਰੱਦ ਕਰ ਦਿੱਤਾ ਅਤੇ ਤੁਹਾਡੇ ਸਪੱਸ਼ਟੀਕਰਨ ਨੂੰ ਸਵੀਕਾਰ ਕਰ ਲਿਆ। ਕੀ ਤੁਸੀਂ ਸੋਚਦੇ ਹੋ ਕਿ ਉਹ ਇਸ ਮਾਮਲੇ ਵਿਚ ਤੁਹਾਡੇ ਨਾਲ ਖੜ੍ਹੇ ਹੋਣਗੇ?**

ਗਿਆਨੀ ਹਰਪ੍ਰੀਤ ਸਿੰਘ: ਮੈਂ ਅੱਜ ਉਨ੍ਹਾਂ ਨਾਲ ਗੱਲ ਕੀਤੀ। ਮੈਂ ਸਮਝ ਸਕਦਾ ਹਾਂ ਕਿ ਉਹ ਬਹੁਤ ਦਬਾਅ ਹੇਠ ਹੋਣਗੇ ਅਤੇ ਮੈਂ ਕੋਈ ਟਿੱਪਣੀ ਕਰਕੇ ਜਥੇਦਾਰ ਸਾਹਿਬ ਨੂੰ ਤੰਗ ਸਥਿਤੀ ਵਿੱਚ ਨਹੀਂ ਪਾਉਣਾ ਚਾਹੁੰਦਾ। ਮੈਂ ਉਨ੍ਹਾਂ ਦੀ ਸਥਿਤੀ ਨੂੰ ਸਮਝ ਸਕਦਾ ਹਾਂ ਕਿਉਂਕਿ ਮੈਂ ਵੀ ਉਸੇ ਅਹੁਦੇ 'ਤੇ ਕੰਮ ਕੀਤਾ ਸੀ। ਉਨ੍ਹਾਂ ਨੂੰ ਧਮਕੀਆਂ ਵੀ ਦਿੱਤੀਆਂ ਗਈਆਂ। ਸਾਰੀਆਂ ਪਾਰਟੀਆਂ ਕੋਲ ਆਈ.ਟੀ. ਵਿੰਗ ਹਨ। ਪਰ ਸ਼੍ਰੋਮਣੀ ਅਕਾਲੀ ਦਲ ਦੇ ਆਈਟੀ ਵਿੰਗ ਨੇ ਜਥੇਦਾਰ ਵਿਰੁੱਧ ਜਿਸ ਤਰ੍ਹਾਂ ਦੀ ਅਪਸ਼ਬਦ ਵਰਤੇ ਹਨ, ਉਸ ਦੀ ਕੋਈ ਤੁਲਨਾ ਨਹੀਂ ਹੈ। ਜੇਕਰ ਅਕਾਲੀ ਦਲ ਜਥੇਦਾਰਾਂ ਦਾ ਸਤਿਕਾਰ ਨਹੀਂ ਕਰੇਗਾ ਤਾਂ ਕੀ ਅਸੀਂ ਕਾਂਗਰਸ, ਭਾਜਪਾ ਜਾਂ 'ਆਪ' ਤੋਂ ਅਜਿਹਾ ਕਰਨ ਦੀ ਆਸ ਰੱਖੀਏ? ਸਿੱਖ ਸਿਆਸਤ ਨੈਤਿਕਤਾ 'ਤੇ ਆਧਾਰਿਤ ਸੀ। ਪਰ ਉਹ ਨੈਤਿਕਤਾ ਸਿੱਖ ਸਿਆਸਤਦਾਨਾਂ ਵਿੱਚ ਹੁਣ ਨਹੀਂ ਰਹੀ। ਸਿਆਸਤਦਾਨਾਂ ਲਈ ਸਮਾਜ ਨਾਲੋਂ ਨਿੱਜੀ ਹਿੱਤ ਜ਼ਿਆਦਾ ਅਹਿਮ ਹੋ ਗਏ ਹਨ।

**ਪ੍ਰ: ਤੁਸੀਂ ਰਾਘਵ ਚੱਢਾ ਅਤੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਬੇਟੇ ਦੇ ਵਿਆਹਾਂ ਵਿੱਚ ਸ਼ਾਮਲ ਹੋਏ। ਤੁਸੀਂ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਮੁਲਾਕਾਤ ਕੀਤੀ ਸੀ। ਇਸ ਨੂੰ ਅਕਾਲੀ ਦਲ ਨੇ ਅਪਰਾਧ ਵਜੋਂ ਲਿਆ ਹੈ।**

**ਗਿਆਨੀ ਹਰਪ੍ਰੀਤ ਸਿੰਘ:** ਸਿਰਫ਼ ਸ਼੍ਰੋਮਣੀ ਅਕਾਲੀ ਦਲ ਹੀ ਨਹੀਂ, ਹੋਰ ਪਾਰਟੀਆਂ ਦੇ ਆਗੂਆਂ ਨਾਲ ਮੇਰੀਆਂ ਮੀਟਿੰਗਾਂ 'ਤੇ ਕੁਝ ਲੋਕਾਂ ਨੇ ਇਤਰਾਜ਼ ਕਰਨਾ ਸ਼ੁਰੂ ਕਰ ਦਿੱਤਾ ਹੈ। AAP ਨੇਤਾ ਅਤੇ ਪੰਜਾਬੀ ਹਿੰਦੂ ਰਾਘਵ ਦੇ ਪਰਿਵਾਰ ਨੇ ਉਸਦੇ ਵਿਆਹ ਲਈ ਇੱਕ ਧਾਰਮਿਕ ਸਮਾਗਮ ਦਾ ਆਯੋਜਨ ਕੀਤਾ, ਇਸ ਲਈ ਮੈਨੂੰ ਜ਼ਰੂਰ ਹਾਜ਼ਰ ਹੋਣਾ ਚਾਹੀਦਾ ਸੀ। ਵਿਆਹ ਵਿੱਚ ਔਰਤਾਂ ਨੇ ਸੁਖਮਨੀ ਸਾਹਿਬ ਦਾ ਪਾਠ ਕੀਤਾ। ਇਸ ਵਿੱਚ ਕੁਝ ਵੀ ਗਲਤ ਨਹੀਂ ਸੀ। ਜੇਕਰ ਅਕਾਲੀ ਆਗੂ ਕਾਂਗਰਸੀ ਅਤੇ ਭਾਜਪਾ ਆਗੂਆਂ ਦੇ ਵਿਆਹ ਸਮਾਗਮਾਂ ਵਿੱਚ ਸ਼ਾਮਲ ਹੋ ਸਕਦੇ ਹਨ ਤਾਂ ਚਰਨਜੀਤ ਸਿੰਘ ਚੰਨੀ ਦੇ ਬੇਟੇ ਦੇ ਵਿਆਹ ਵਿੱਚ ਸ਼ਾਮਲ ਹੋਣ ਵਿੱਚ ਕੀ ਹਰਜ਼ ਹੈ? ਮੈਂ ਭਾਈਚਾਰਕ ਮੁੱਦਿਆਂ 'ਤੇ ਚਰਚਾ ਕਰਨ ਲਈ ਅਮਿਤ ਸ਼ਾਹ ਨਾਲ ਮੁਲਾਕਾਤ ਕੀਤੀ। ਉਨ੍ਹਾਂ ਨੇ ਇਸ ਤੋਂ ਇੱਕ ਮੁੱਦਾ ਬਣਾਇਆ।

**ਸਵਾਲ: ਕੀ ਤੁਸੀਂ ਨਹੀਂ ਸੋਚਦੇ ਕਿ ਸਿੱਖ ਸ਼ਖਸੀਅਤਾਂ ਅਤੇ ਸਿੱਖ ਸੰਸਥਾਵਾਂ ਵਿਚਕਾਰ ਟਕਰਾਓ ਕਾਰਨ ਕੌਮ ਨੂੰ ਨੁਕਸਾਨ ਹੋਵੇਗਾ?**

ਗਿਆਨੀ ਹਰਪ੍ਰੀਤ ਸਿੰਘ: ਇਹ ਸੱਚ ਹੈ। ਆਪਣੇ ਸ਼ੁਰੂਆਤੀ ਸਾਲਾਂ ਵਿੱਚ, ਮੈਂ ਜਥੇਦਾਰ ਦੇ ਅਹੁਦੇ ਦੀ ਭਰੋਸੇਯੋਗਤਾ ਨੂੰ ਬਹਾਲ ਕੀਤਾ। ਕਈ ਸਿੱਖ ਜਥੇਬੰਦੀਆਂ ਨੇ ਜਥੇਦਾਰਾਂ ਤੱਕ ਪਹੁੰਚ ਕਰਨੀ ਬੰਦ ਕਰ ਦਿੱਤੀ ਸੀ। ਮੇਰੇ ਅਹੁਦਾ ਸੰਭਾਲਣ ਤੋਂ ਬਾਅਦ, ਹੌਲੀ-ਹੌਲੀ ਤਕਰੀਬਨ ਸਾਰੀਆਂ ਜਥੇਬੰਦੀਆਂ ਨੇ ਜਥੇਦਾਰ ਨਾਲ ਆਪਣੇ ਸਬੰਧ ਬਹਾਲ ਕਰ ਲਏ। ਮੇਰੇ ਵਿਦੇਸ਼ੀ ਦੌਰਿਆਂ ਦੌਰਾਨ ਇਸ ਨੇ ਅਕਾਲੀ ਆਗੂਆਂ ਨੂੰ ਲੋਕਾਂ ਨਾਲ ਮੁੜ ਜੁੜਨ ਵਿੱਚ ਵੀ ਮਦਦ ਕੀਤੀ। ਫਿਰ ਅਸੀਂ ਸਿੱਖ ਐਜੂਕੇਸ਼ਨ ਬੋਰਡ, ਸਿੱਖ ਬੈਂਕ ਅਤੇ ਖਾਲਸਾ ਕਰੰਸੀ ਦੀ ਸਥਾਪਨਾ ਦੇ ਵਿਚਾਰ ਸਮੇਤ ਬਹੁਤ ਸਾਰੀਆਂ ਚੀਜ਼ਾਂ 'ਤੇ ਕੰਮ ਕੀਤਾ। ਅਸੀਂ ਕਈ ਚੀਜ਼ਾਂ 'ਤੇ ਕੰਮ ਕਰ ਰਹੇ ਸੀ ਅਤੇ ਫਿਰ ਮੈਨੂੰ ਹਟਾ ਦਿੱਤਾ ਗਿਆ।

**ਸਵਾਲ- ਕੀ ਤੁਸੀਂ ਰਾਜਨੀਤੀ ਵਿੱਚ ਆਉਣ ਜਾ ਰਹੇ ਹੋ?**

ਗਿਆਨੀ ਹਰਪ੍ਰੀਤ ਸਿੰਘ: ਰਾਜਨੀਤੀ ਮੇਰਾ ਵਿਸ਼ਾ ਨਹੀਂ ਹੈ। ਮੇਰਾ ਵਿਸ਼ਾ ਧਰਮ ਹੈ ਅਤੇ ਮੈਂ ਉਸ ਦਿਸ਼ਾ ਵਿੱਚ ਕੰਮ ਕਰਾਂਗਾ। ਮੈਂ ਆਪਣਾ ਪੀਐਚਡੀ ਦਾ ਕੰਮ ਪੂਰਾ ਕਰ ਲਿਆ ਹੈ। ਮੈਂ ਸਿੱਖਿਆ ਹੈ ਕਿ ਖੋਜ ਕਿਵੇਂ ਕਰਨੀ ਹੈ ਅਤੇ ਖੋਜ ਪੱਤਰ ਪ੍ਰਕਾਸ਼ਿਤ ਕੀਤੇ ਹਨ। ਮੈਂ ਇਸਨੂੰ ਪੰਜਾਬੀ ਯੂਨੀਵਰਸਿਟੀ ਵਿੱਚ ਜਮ੍ਹਾਂ ਕਰਾਉਣ ਲਈ ਰਸਮੀ ਕਾਰਵਾਈਆਂ ਪੂਰੀਆਂ ਨਹੀਂ ਕਰਾਂਗਾ... ਪਰ ਮੈਂ ਆਪਣਾ ਕੰਮ ਜ਼ਰੂਰ ਪ੍ਰਕਾਸ਼ਿਤ ਕਰਾਂਗਾ।
ਧੰਨਵਾਦ ਸਾਹਿਤ ਇੰਡੀਅਨ ਐਕਸਪ੍ਰੈਸ

## ਧਾਮੀ ਦਾ ਅਸਤੀਫਾ: ਭੂੰਦੜ ਤੇ ਬਾਦਲ ਉੱਤੇ ਨੈਤਿਕ ਦਬਾਅ ਵਧਿਆ



**ਦਰਸ਼ਨ ਸਿੰਘ ਦਰਸ਼ਕ**

ਪਟਿਆਲਾ: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ। ਇਹ ਅਸਤੀਫ਼ਾ ਉਸ ਮੌਕੇ ਦਿੱਤਾ ਗਿਆ ਹੈ ਜਦੋਂ ਪੰਥਕ ਸਿਆਸਤ ਵਿੱਚ ਭੰਬਲਭੂਸੇ ਵਾਲੀ ਸਥਿਤੀ ਬਣੀ ਹੋਈ ਹੈ। ਸ੍ਰ. ਧਾਮੀ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਗਠਿਤ 7 ਮੈਂਬਰੀ ਕਮੇਟੀ ਦੇ ਮੁਖੀ ਵੀ ਹਨ ਜਿਸ ਨੂੰ ਇਸ ਗੱਲ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ ਕਿ ਉਹ ਆਪਣੀ ਨਿਗਰਾਨੀ ਹੇਠ ਅਕਾਲੀ ਦਲ ਦੀ ਮੈਂਬਰਸ਼ਿਪ ਮੁਹਿੰਮ ਸ਼ੁਰੂ ਕਰੇ ਤਾਂ ਜੋ ਅਕਾਲੀ ਦਲ ਨੂੰ ਦੁਬਾਰਾ ਗਠਨ ਕੀਤਾ ਜਾ ਸਕੇ ਕਿਉਂਕਿ ਅਕਾਲ ਤਖ਼ਤ ਸਾਹਿਬ ਮਹਿਸੂਸ ਕਰਦੇ ਹਨ ਕਿ ਮੌਜੂਦਾ ਅਕਾਲੀ ਲੀਡਰਸ਼ਿਪ ਸਿੱਖ ਭਾਵਨਾਵਾਂ ਅਨੁਸਾਰ ਨਹੀਂ ਚੱਲੀ। ਸ੍ਰ. ਧਾਮੀ ਇਸ ਸਮੇਂ ਬਹੁਤ ਵੱਡੀ ਕਸੂਤੀ ਸਥਿਤੀ ਵਿੱਚ ਫਸੇ ਹੋਏ ਸਨ ਕਿਉਂਕਿ ਅਕਾਲੀ ਦਲ ਦਾ ਭਾਰੂ ਧੜਾ ਉਨ੍ਹਾਂ ਤੋਂ ਅਜਿਹੇ ਕੰਮ ਕਰਵਾ ਰਿਹਾ ਸੀ ਜਿਸ ਕਾਰਨ ਉਨ੍ਹਾਂ ਨੂੰ ਸਿੰਘ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ ਨਾਲ ਟਕਰਾਓ ਵਿੱਚ ਆਉਣਾ ਪੈ ਰਿਹਾ ਸੀ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਇਸ ਟਕਰਾਓ ਦੀ ਸਥਿਤੀ ਵਿੱਚ ਨਹੀਂ ਆਉਣਾ ਚਾਹੁੰਦੇ ਸਨ।
ਸ੍ਰ. ਧਾਮੀ ਨੇ ਅਸਤੀਫ਼ਾ ਦੇਣ ਦਾ ਕਾਰਨ ਇਹ ਦੱਸਿਆ ਕਿ ਦਮਦਮਾ ਸਾਹਿਬ ਦੇ (ਸਾਬਕਾ) ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਜ਼ਿੰਮੇਵਾਰੀ ਤੋਂ ਫ਼ਾਰਗ ਕੀਤੇ ਜਾਣ ਦੀ ਘਟਨਾ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਮੰਦਭਾਗੀ ਦੱਸਿਆ ਸੀ। ਗਿਆਨੀ ਹਰਪ੍ਰੀਤ ਸਿੰਘ ਖ਼ਿਲਾਫ਼ ਜਿਹੜੀ ਤਿੰਨ ਮੈਂਬਰੀ ਕਮੇਟੀ ਗਠਿਤ ਕੀਤੀ ਸੀ ਉਹ ਸ੍ਰ. ਧਾਮੀ ਦੇ ਹੁਕਮਾਂ ਉੱਤੇ ਬਣੀ ਸੀ। ਇਸ ਕਮੇਟੀ ਨੇ ਗਿਆਨੀ ਹਰਪ੍ਰੀਤ ਸਿੰਘ ਖ਼ਿਲਾਫ਼ ਉਨ੍ਹਾਂ ਦੇ ਇਕ ਸਾਬਕਾ ਰਿਸ਼ਤੇਦਾਰ ਵੱਲੋਂ ਲਗਾਏ ਗਏ ਦੋਸ਼ਾਂ ਦੀ ਜਾਂਚ ਕਰਨੀ ਸੀ। ਪਰ ਅਸਲ ਪ੍ਰਭਾਵ ਇਹ ਜਾ ਰਿਹਾ ਸੀ ਕਿ ਬਾਦਲ ਦਲ ਦੀ ਲੀਡਰਸ਼ਿਪ ਦਮਦਮਾ ਸਾਹਿਬ ਦੇ ਜਥੇਦਾਰ ਨੂੰ ਇਸ ਲਈ ਰਾਹ ਤੋਂ ਹਟਾਉਣਾ ਚਾਹੁੰਦੀ ਹੈ ਕਿਉਂਕਿ ਅਕਾਲ ਤਖ਼ਤ ਸਾਹਿਬ ਤੋਂ ਜਿਹੜੇ ਸਖ਼ਤ ਫ਼ੈਸਲੇ ਲਏ ਗਏ ਉਨ੍ਹਾਂ ਵਿੱਚ ਵੱਡੀ ਭੂਮਿਕਾ ਗਿਆਨੀ ਹਰਪ੍ਰੀਤ ਸਿੰਘ ਦੀ ਸੀ ਜਦਕਿ ਗਿਆਨੀ ਹਰਪ੍ਰੀਤ ਸਿੰਘ ਇਕ ਅੰਗਰੇਜ਼ੀ ਦੀ ਅਖ਼ਬਾਰ ਨੂੰ ਦਿੱਤੇ ਗਏ ਇੰਟਰਵਿਊ ਵਿੱਚ ਸਪਸ਼ਟ ਕਰ ਚੁੱਕੇ ਹਨ ਕਿ ਇਹ ਸਾਰੇ ਫ਼ੈਸਲੇ ਸਰਬ ਸੰਮਤੀ ਨਾਲ ਲਏ ਗਏ ਸਨ। ਅਜਿਹੇ ਵਿਚ ਬਾਦਲ ਦਲ ਦੀ ਲੀਡਰਸ਼ਿਪ ਅਜਿਹੇ ਮੌਕੇ ਦੀ ਭਾਲ ਵਿੱਚ ਸੀ ਕਿ ਦਮਦਮਾ ਦੇ ਜਥੇਦਾਰ ਨੂੰ ਅਹੁਦੇ ਤੋਂ ਫ਼ਾਰਗ ਕੀਤਾ ਜਾਵੇ। ਅਹੁਦੇ ਤੋਂ ਹਟਾਉਣ ਦਾ ਸਿੱਧਾ ਇਲਜ਼ਾਮ ਸ੍ਰ. ਧਾਮੀ ਉੱਤੇ ਜਾਂਦਾ ਸੀ। ਇਸ ਕਾਰਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਲਈ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਦਾ ਬਿਆਨ ਇੱਕ ਵੱਡਾ ਨੈਤਿਕ ਦਬਾਅ ਬਣ ਗਿਆ ਸੀ।
ਦੂਜੇ ਪਾਸੇ ਸ੍ਰ. ਧਾਮੀ ਅਕਾਲ ਤਖ਼ਤ ਸਾਹਿਬ ਵੱਲੋਂ ਗਠਿਤ ਸੱਤ ਮੈਂਬਰੀ ਕਮੇਟੀ ਦੇ ਮੁਖੀ ਹਨ। ਸਿੰਘ ਸਾਹਿਬ ਬਹੁਤ ਵਾਰ ਕਹਿ ਚੁੱਕੇ ਹਨ ਕਿ ਇਹ 7 ਮੈਂਬਰੀ ਕਮੇਟੀ ਕਾਰਜਸ਼ੀਲ ਹੈ। ਇਨ੍ਹਾਂ ਹੁਕਮਾਂ ਦੇ ਸੰਦਰਭ ਵਿੱਚ ਇਸ ਕਮੇਟੀ ਦੀ ਪਹਿਲੀ ਮੀਟਿੰਗ ਵਿੱਚ ਫ਼ੈਸਲਾ ਹੋਇਆ ਕਿ ਅਕਾਲੀ ਦਲ ਦੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਨੂੰ ਮਿਲਿਆ ਜਾਵੇ। ਉੱਪਰੋਂ ਸ੍ਰ. ਭੂੰਦੜ ਨੇ ਕਹਿ ਦਿੱਤਾ ਕਿ ਉਨ੍ਹਾਂ ਨੂੰ ਕੁਝ ਸਮਾਂ ਦਿੱਤਾ ਜਾਵੇ। ਦੋ ਦਿਨ ਦਾ ਸਮਾਂ ਦਿੱਤਾ ਗਿਆ। 16 ਦੀ ਮੀਟਿੰਗ ਤੋਂ ਪਹਿਲਾਂ ਸ੍ਰ. ਧਾਮੀ ਨੇ ਕਿਹਾ ਕਿ ਉਹ ਨਿੱਜੀ ਰੁਝੇਵਿਆਂ ਕਾਰਨ ਮੀਟਿੰਗ ਵਿੱਚ ਨਹੀਂ ਪੁੱਜ ਸਕਦੇ। ਆਖ਼ਿਰ ਇਹ ਮੀਟਿੰਗ 18 ਫਰਵਰੀ ਨੂੰ ਤਹਿ ਹੋਈ। ਕਦੇ ਸ੍ਰ. ਭੂੰਦੜ ਵੱਲੋਂ ਮੀਟਿੰਗ ਵਿੱਚ ਨਾ ਪੁੱਜਣਾ ਜਾਂ ਕਦੇ ਸ੍ਰ. ਧਾਮੀ ਵੱਲੋਂ ਘਰੇਲੂ ਰੁਝੇਵਿਆਂ ਦਾ ਵਾਸਤਾ ਦੇਣਾ, ਇਹੀ ਦਰਸਾਉਂਦਾ ਹੈ ਕਿ ਇਹ ਦੋਵੇਂ ਲੀਡਰ ਬਹੁਤ ਹੀ ਦੁਬਿਧਾ ਵਾਲੀ ਸਥਿਤੀ ਵਿੱਚ ਫਸੇ ਹੋਏ ਹਨ। ਹੁਣ ਮੀਟਿੰਗ ਤੋਂ ਇਕ ਦਿਨ ਪਹਿਲਾਂ ਹੀ ਸ੍ਰ. ਧਾਮੀ ਨੇ ਅਸਤੀਫ਼ਾ ਦੇ ਦਿੱਤਾ। ਅਸਤੀਫ਼ੇ ਦਾ ਕਾਰਨ ਭਾਵੇਂ ਕੁਝ ਹੋਰ ਦੱਸਿਆ ਗਿਆ ਪਰ ਹਕੀਕਤ ਇਹ ਹੈ ਕਿ ਇਕ ਪਾਸੇ ਬਾਦਲ ਦਲ ਵੱਲੋਂ ਆਪਣੇ ਤੌਰ ਉੱਤੇ ਭਰਤੀ ਮੁਹਿੰਮ ਚਲਾਈ ਹੋਈ ਲੇਕਿਨ ਅਕਾਲ ਤਖ਼ਤ ਸਾਹਿਬ ਦੇ ਨਿਰਦੇਸ਼ ਇਹ ਕਹਿੰਦੇ ਹਨ ਕਿ ਇਹ ਨਿਗਰਾਨ ਕਮੇਟੀ ਹੀ ਇਹ ਮੁਹਿੰਮ ਨੂੰ ਚਲਾਵੇ।
ਸ੍ਰ. ਧਾਮੀ ਦੇ ਅਸਤੀਫ਼ੇ ਨੇ ਪੰਥਕ ਸਿਆਸਤ ਨੂੰ ਇਕ ਵਾਰ ਫਿਰ ਝੰਜੋੜਿਆ ਹੈ। ਇਸ ਝਟਕੇ ਨੂੰ ਹੁਣ ਅਕਾਲੀ ਦਲ ਬਾਦਲ ਦੀ ਲੀਡਰਸ਼ਿਪ ਕਿਸ ਤਰ੍ਹਾਂ ਲੈਂਦੀ ਹੈ, ਇਹ ਬਹੁਤ ਮਹੱਤਵਪੂਰਨ ਹੈ। ਸ੍ਰ. ਭੂੰਦੜ ਉੱਤੇ ਵੀ ਹੁਣ ਨੈਤਿਕ ਦਬਾਅ ਵਧ ਗਿਆ ਹੈ। ਬਜ਼ੁਰਗ ਆਗੂ ਇਕ ਪਾਸੇ ਕਹਿੰਦੇ ਹਨ ਕਿ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਪੂਰੀ ਤਰ੍ਹਾਂ ਸਮਰਪਿਤ ਹਨ ਪਰ ਦੂਜੇ ਪਾਸੇ ਅਕਾਲੀ ਦਲ ਦੀ ਪੂਰੀ ਸਿਆਸਤ ਇਸ ਸਮੇਂ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਦੀ ਉਲੰਘਣਾ ਕਰ ਰਹੀ ਹੈ। ਇਸ ਕਾਰਨ ਲੋਕਾਂ ਵਿਚ ਇਹ ਪ੍ਰਭਾਵ ਜਾ ਰਿਹਾ ਹੈ ਕਿ ਇਹ ਪਾਰਟੀ ਭਗੌੜਾ ਅਕਾਲੀ ਦਲ ਬਣ ਰਿਹਾ ਹੈ। ਗਿਆਨੀ ਹਰਪ੍ਰੀਤ ਸਿੰਘ ਤਾਂ ਇਹ ਇਲਜ਼ਾਮ ਹੁਣ ਜਨਤਕ ਮੰਚਾਂ ਉੱਤੋਂ ਵੀ ਲਗਾ ਚੁੱਕੇ ਹਨ। ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਜਿਸ ਤਰ੍ਹਾਂ ਗਿਆਨੀ ਹਰਪ੍ਰੀਤ ਸਿੰਘ ਦੇ ਹੱਕ ਵਿੱਚ ਆਵਾਜ਼ ਉਠਾਈ ਸੀ, ਉਸ ਤੋਂ ਬਾਅਦ ਹੁਣ ਫਿਰ ਸਿੰਘ ਸਾਹਿਬ ਵੱਲ ਪੂਰੀ ਕੌਮ ਦੇਖ ਰਹੀ ਹੈ ਕਿ ਜਿਸ ਤਰ੍ਹਾਂ ਉਨ੍ਹਾਂ ਦੋ ਦਸੰਬਰ ਨੂੰ ਬਿਨਾਂ ਕਿਸੇ ਦਬਾਅ ਤੋਂ ਫ਼ੈਸਲਾ ਕੀਤਾ ਸੀ ਉਸੇ ਤਰ੍ਹਾਂ ਹੁਣ ਇਕ ਫਿਰ ਉਹ ਅਜਿਹੀ ਹੀ ਭੂਮਿਕਾ ਵਿੱਚ ਆਉਣ। ਮੌਜੂਦਾ ਹਾਲਾਤ ਵਿੱਚ ਬਾਦਲ ਦਲ ਦੀ ਲੀਡਰਸ਼ਿਪ ਲਈ ਹੁਣ ਆਤਮ ਸਮਰਪਣ ਵਾਲੀ ਸਥਿਤੀ ਬਣ ਗਈ ਹੈ। ਜੇਕਰ ਉਸ ਨੇ ਇਸ ਘਟਨਾਕ੍ਰਮ ਨੂੰ ਅਣਗੌਲ ? ?ਆ ਕੀਤਾ ਹੈ, ਫਿਰ ਤੋਂ ਆਪਹੁਦਰੀਆਂ ਕੀਤੀਆਂ ਤਾਂ ਅਕਾਲੀ ਦਲ ਹਸ਼ਰ ਹੋਰ ਜ਼ਿਆਦਾ ਮਾੜਾ ਹੋ ਸਕਦਾ ਹੈ। ਹੁਣ ਇਹ ਸ੍ਰ. ਭੂੰਦੜ ਜਾਂ ਸੁਖਬੀਰ ਸਿੰਘ ਬਾਦਲ ਨੇ ਦੇਖਣਾ ਹੈ ਕਿ ਭਗੌੜਾ ਬਣਨਾ ਹੈ ਜਾਂ ਮੁੱਖ ਧਾਰਾ ਵੱਲ ਮੁੜਨਾ ਹੈ।

# ਮੱਝ ਤੋਂ ਕੱਟੀ ਅਤੇ ਨੂੰਹ ਤੋਂ ਮੁੰਡਾ ਭਾਲਦੇ ਲੋਕ....!



ਸੰਦੀਪ ਕੁਮਾਰ-
7009807121

ਸਮਾਜ ਦੇ ਵਿਕਾਸ ਨੂੰ ਜਿੱਥੇ ਹਰ ਪਾਸੇ ਖੁਸ਼ਹਾਲੀ ਅਤੇ ਤਰੱਕੀ ਦੇ ਰੰਗ ਦਿੱਤੇ ਜਾ ਰਹੇ ਹਨ, ਉੱਥੇ ਹੀ ਕਈ ਸਵਾਲ ਅਜੇ ਵੀ ਸਮਾਜਕ ਤਰੱਕੀ ਅਤੇ ਰੂੜੀਵਾਦੀ ਧਾਰਨਾਵਾਂ ਤੇ ਉਂਗਲੀ ਚੁੱਕਦੇ ਹਨ। ਜਿੱਥੇ ਜਾਨਵਰਾਂ ਨੂੰ ਦੇਖ ਕੇ ਲੋਕ ਆਪਣੀਆਂ ਖ਼ੁਸ਼ੀਆਂ ਦੀਆਂ ਕਹਾਣੀਆਂ ਸਜਾਉਂਦੇ ਹਨ, ਉਥੇ ਹੀ ਆਧੁਨਿਕ ਸਮਾਜ ਵਿੱਚ ਅੱਜ ਵੀ ਮਹਿਲਾਵਾਂ ਦੇ ਜਨਮ ਤੇ ਪੁਰਾਣੀਆਂ ਸੋਚਾਂ ਦੇ ਮਾਪ-ਡੰਡ ਭਾਰੀ ਪਏ ਹੋਏ ਹਨ। ਇਹ ਕਿਹੜੀ ਤਰਾਸਦੀ ਹੈ ਕਿ ਮੱਝ ਜਦੋਂ ਗਰਭਵਤੀ ਹੁੰਦੀ ਹੈ, ਤਾਂ ਪਰਿਵਾਰ ਦੀ ਦੁਆ ਹੁੰਦੀ ਹੈ ਕਿ ਜਨਮ ਲੈਣ ਵਾਲੀ ਕੱਟੀ ਹੋਵੇ। ਪਰ ਜਦ ਇੱਕ ਔਰਤ ਗਰਭਵਤੀ ਹੁੰਦੀ ਹੈ, ਤਾਂ ਸਮਾਜ ਦੀ ਇਹੋ ਹੀ ਦੁਆ ਹੁੰਦੀ ਹੈ ਕਿ ਮੁੰਡਾ ਜਨਮ ਲਵੇ। ਇਹ ਸਮਾਜ ਦੇ ਦੋਹਰੇ ਮਾਪਦੰਡਾਂ ਨੂੰ ਬੇਨਕਾਬ ਕਰਦਾ ਹੈ।
ਇਹ ਅਜਿਹਾ ਵਿਅੰਗ ਹੈ ਜੋ ਸਾਡੇ ਸਮਾਜ ਦੇ ਮੁੱਖ ਸੱਚ ਨੂੰ ਬਿਆਨ ਕਰਦਾ ਹੈ। ਜਾਨਵਰ, ਜੋ ਭਾਵਨਾਵਾਂ ਨੂੰ ਖੁੱਲ੍ਹੇ ਤੌਰ ਤੇ ਪ੍ਰਗਟ ਨਹੀਂ ਕਰ ਸਕਦੇ, ਉਨ੍ਹਾਂ ਦੀਆਂ ਮਾਦਾ ਬੱਚੀਆਂ ਖੁਸ਼ੀ ਦਾ ਕਾਰਨ ਬਣਦੀਆਂ ਹਨ। ਪਰ ਮਨੁੱਖ, ਜੋ ਸਭ ਤੋਂ ਉੱਚੇ ਬੁੱਧੀਜੀਵੀ ਜੀਵ ਮੰਨੇ ਜਾਂਦੇ ਹਨ, ਉਨ੍ਹਾਂ ਦੇ ਗਰਭ ਵਿੱਚ ਧੀ ਦੀ ਮੌਜੂਦਗੀ ਅਕਸਰ ਦੁੱਖ ਦਾ ਕਾਰਨ ਬਣਦੀ ਹੈ। ਇਹ ਸਿਰਫ ਧਾਰਮਿਕ, ਰੂੜੀਵਾਦੀ ਜਾਂ ਪਿਤ੍ਰਸੱਤਾ ਦੇ ਨਾਲ ਵਧਣ ਵਾਲੀ ਅਧੀਨ ਸੋਚ ਨਹੀਂ ਹੈ। ਇਹ ਸਮਾਜ ਦੇ ਹਿਰਦੇ ਵਿੱਚ ਗਹਿਰਾਈ ਨਾਲ ਵਸੇ ਹੋਏ ਪੱਖਪਾਤ ਨੂੰ ਦਰਸਾਉਂਦੀ ਹੈ। ਜਦ ਮੱਝ ਨੂੰ ਕੱਟੀ ਦੇ ਜਨਮ ਲਈ ਪ੍ਰਸ਼ੰਸਾ ਮਿਲਦੀ ਹੈ, ਪਰ ਉਸੇ ਸਮੇਂ ਜਦ ਇੱਕ ਪਰਿਵਾਰ ਵਿੱਚ ਧੀ ਜਨਮ ਲੈਂਦੀ ਹੈ, ਤਾਂ ਘਰ ਦਾ






ਮਾਹੌਲ ਭਾਰੀ ਹੋ ਜਾਂਦਾ ਹੈ। ਪਰਿਵਾਰ ਦੇ ਵਿਚਾਰਾਂ ਵਿੱਚ ਇਹ ਅਭਾਸ ਹੁੰਦਾ ਹੈ ਕਿ ਧੀ ਦਾ ਜਨਮ ਕਿਸੇ ਤਰ੍ਹਾਂ ਦੀ ਗੰਭੀਰ ਘਟਨਾ ਹੋਵੇ। ਇਸਦੀ ਵਜ੍ਹਾ ਸਿਰਫ਼ ਧੀਆਂ ਨੂੰ ਪੈਦਾ ਹੋਣ ਦੇ ਨਾਲ ਜੁੜੀਆਂ ਸਮਾਜਿਕ ਅਤੇ ਆਰਥਿਕ ਮੰਨਤਾਵਾਂ ਹਨ। ਪੁਰਾਣੀ ਪਿਤ੍ਰਸੱਤਾ ਪ੍ਰਣਾਲੀ ਨੇ ਇਸ ਵਿਚਾਰ ਨੂੰ ਹੋਰ ਵੀ ਪੱਕਾ ਕੀਤਾ ਹੈ ਕਿ ਪੁੱਤਰ ਹੀ ਪਰਿਵਾਰ ਦਾ ਵੰਸ਼ ਚਲਾਉਣ ਵਾਲਾ ਹੈ, ਜਦਕਿ ਧੀ ਸਿਰਫ਼ ਪਰਾਏ ਘਰ ਦਾ ਧੰਨ ਮੰਨੀ ਜਾਂਦੀ ਹੈ।
ਅਜਿਹੀ ਦੁਹਾਈ ਵਾਲੀ ਸਥਿਤੀ ਵਿੱਚ ਧੀਆਂ ਨੂੰ ਸਿਰਫ਼ ਪਰਿਵਾਰ ਦੀ ਜ਼ਿੰਮੇਵਾਰੀ ਨਹੀਂ, ਸਗੋਂ ਇੱਕ ਬੋਝ ਮੰਨਿਆ ਜਾਂਦਾ ਹੈ। ਇਸ ਵਿਚਾਰਧਾਰਾ ਦੇ ਕਾਰਨ ਔਰਤਾਂ ਦੀ ਸਿੱਖਿਆ, ਸਵਾਲ ਕਰਨ ਦਾ ਹੱਕ ਅਤੇ ਆਪਣੇ ਭਵਿੱਖ ਨੂੰ ਨਿਰਧਾਰਤ ਕਰਨ ਦੀ ਕਾਬਲੀਅਤ ਸਦੀਆਂ ਤੋਂ ਦੱਬੀ ਰਹੀ ਹੈ। ਧੀਆਂ ਦਾ ਜਨਮ ਸਿਰਫ਼ ਸਮਾਜਿਕ ਪੱਖਪਾਤ ਨਹੀਂ, ਸਗੋਂ ਮਾਨਵਤਾ ਦੇ ਬੁਨਿਆਦਾਂ ਤੇ ਵੀ ਚੋਟ ਹੈ। ਇਕ ਪਾਸੇ ਧੀਆਂ ਨੂੰ ਲਕਸ਼ਮੀ, ਸਰਸਵਤੀ ਅਤੇ ਦੁਰਗਾ ਦਾ ਰੂਪ ਮੰਨਿਆ ਜਾਂਦਾ ਹੈ। ਉਨ੍ਹਾਂ ਨੂੰ ਕੰਜਕਾਂ ਵਜੋਂ ਪੂਜਿਆ ਜਾਂਦਾ ਹੈ। ਪਰ ਜਦ ਉਹੀ ਧੀਆਂ ਹਕੀਕਤ ਵਿੱਚ ਧੀ ਬਣ ਕੇ ਕਿਸੇ ਪਰਿਵਾਰ ਦਾ ਹਿੱਸਾ ਬਣਦੀਆਂ ਹਨ, ਤਦ ਸਮਾਜ ਦੇ ਮਾਪਦੰਡ ਬਦਲ ਜਾਂਦੇ ਹਨ। ਧੀਆਂ ਲਈ ਪਿਆਰ, ਸਤਿਕਾਰ ਅਤੇ ਮਾਨ ਦੇਣ ਦੀ ਗੱਲ ਕਰਨ ਵਾਲੇ ਲੋਕ ਅਮਲ ਦੇ ਪੱਖ ਤੋਂ ਅਜੇ ਵੀ ਬਹੁਤ ਪਿੱਛੇ ਹਨ। ਸਮਾਜ ਵਿੱਚ ਧੀ ਅਤੇ ਪੁੱਤਰ ਦੇ ਜਨਮ ਨੂੰ ਸਮਾਨ ਰੂਪ ਦੇਣ ਲਈ ਇਹ ਜ਼ਰੂਰੀ ਹੈ ਕਿ ਲੋਕ ਆਪਣੀ ਰੂੜੀਵਾਦੀ ਮਾਨਸਿਕਤਾ ਦੇ ਦਾਇਰਿਆਂ ਤੋਂ ਬਾਹਰ ਆਉਣ। ਹਰ ਇੱਕ ਧੀ ਇੱਕ ਪੁੱਤਰ ਦੇ ਬਰਾਬਰ ਹੀ ਪਰਿਵਾਰ ਦਾ ਹਿੱਸਾ ਹੁੰਦੀ ਹੈ। ਉਸ ਦੀ ਪੜਾਈ-ਲਿਖਾਈ, ਉਸਦੇ ਸਪਨੇ ਅਤੇ ਉਸਦੇ ਹੱਕ ਇੱਕ ਮੁੰਡੇ ਦੇ ਬਰਾਬਰ ਹੀ ਮਹੱਤਵਪੂਰਨ ਹਨ। ਜਿਵੇਂ ਪੁੱਤਰ ਪਰਿਵਾਰ ਦੀ ਮਾਨ-ਸ਼ਾਨ ਹੁੰਦਾ ਹੈ, ਉਸੇ ਤਰ੍ਹਾਂ ਧੀਆਂ ਵੀ ਪਰਿਵਾਰ ਲਈ ਮਾਣ ਦੀ ਗੱਲ ਹੁੰਦੀਆਂ ਹਨ। ਅਜਿਹੇ ਸਮਾਜਕ ਪ੍ਰੋਗਰਾਮ ਅਤੇ ਉਪਰਾਲੇ ਜਿਨ੍ਹਾਂ ਨੇ ਧੀਆਂ ਨੂੰ ਖੁਦਮੁਖਤਿਆਰ ਬਣਾਉਣ ਦੇ ਯਤਨ ਕੀਤੇ ਹਨ, ਉਹਨਾਂ ਨੂੰ ਹੋਰ ਮਜ਼ਬੂਤ ਕਰਨਾ ਜਰੂਰੀ ਹੈ। ਬੇਟੀ ਬਚਾਓ, ਬੇਟੀ ਪੜ੍ਹਾਓ ਜਿਹੀਆਂ ਮੁਹਿੰਮਾਂ ਨੇ ਸਮਾਜ ਵਿੱਚ ਧੀਆਂ ਲਈ ਵਧੇਰੇ ਮੌਕੇ ਪੈਦਾ ਕੀਤੇ ਹਨ। ਪਰ ਇਹ ਉਪਰਾਲੇ ਤਦ ਹੀ ਸਫਲ ਹੋਣਗੇ ਜਦ ਲੋਕ ਆਪਣੇ ਹਿਰਦੇ ਤੋਂ ਧੀਆਂ ਅਤੇ ਮੁੰਡਿਆਂ ਦੇ ਵਿੱਚ ਅੰਤਰ ਮਿਟਾਉਣਗੇ। ਇਹ ਸਮਝਣ ਦੀ ਲੋੜ ਹੈ ਕਿ ਪਰਮਾਤਮਾ ਵੱਲੋਂ ਦਿੱਤੀ ਦਾਤ, ਚਾਹੇ ਉਹ ਪੁੱਤਰ ਹੋਵੇ ਜਾਂ ਧੀ, ਸਾਡੇ ਲਈ ਖੁਸ਼ੀ ਅਤੇ ਮਾਣ ਦਾ ਕਾਰਨ ਹੈ। ਇਹ ਸਿਰਫ ਰੂੜੀਵਾਦੀ ਪਰੰਪਰਾਵਾਂ ਤੋਂ ਛੁਟਕਾਰਾ ਪਾਉਣ ਨਾਲ ਹੀ ਸੰਭਵ ਹੈ। ਸਿਰਫ ਕਾਨੂੰਨੀ ਪੱਧਰ ਤੇ ਨਹੀਂ, ਪਰ ਸੱਚੇ ਦਿਲੋਂ ਸਮਾਜ ਨੂੰ ਸਮਝਣਾ ਹੋਵੇਗਾ ਕਿ ਧੀਆਂ ਅਤੇ ਪੁੱਤਰ ਇੱਕ ਸਮਾਨ ਹਨ। ਔਰਤਾਂ ਦਾ ਸਮਾਜ ਵਿੱਚ ਆਉਣਾ ਸਿਰਫ ਇਕ ਪ੍ਰਵਿਰਤੀ ਨਹੀਂ, ਸਗੋਂ ਇਹ ਸਮਾਜਕ ਅਧਿਕਾਰ ਦਾ ਸੱਚਾ ਰੂਪ ਹੈ। ਜਦੋਂ ਧੀਆਂ ਦੇ ਜਨਮ ਤੇ ਵੀ ਉਹੀ ਖੁਸ਼ੀ ਮਨਾਈ ਜਾਏਗੀ ਜੋ ਪੁੱਤਰ ਦੇ ਜਨਮ ਤੇ ਮਨਾਈ ਜਾਂਦੀ ਹੈ, ਤਦ ਸਮਾਜ ਦੇ ਸੰਸਕਾਰ ਅਸਲ ਮਾਨਵਤਾ ਵਲ ਵਧਣਗੇ। ਸਮਾਜ ਦੇ ਹਰੇਕ ਹਿੱਸੇ ਨੂੰ ਇਹ ਸਮਝਣਾ ਪਵੇਗਾ ਕਿ ਪੁੱਤਰ ਅਤੇ ਧੀ ਦੋਵੇਂ ਹੀ ਸਾਡੇ ਜੀਵਨ ਦੇ ਅਹਿਮ ਹਿੱਸੇ ਹਨ। ਦੋਵੇਂ ਦੇ ਦਿਨ, ਗੀਤ ਰਿਵਾਜ ਅਤੇ ਮਾਣ ਵਿੱਚ ਬਰਾਬਰੀ ਹੀ ਸੱਚੇ ਸਮਾਜ ਦੀ ਪਹਿਚਾਣ ਹੈ। ਜਦ ਸਾਡੀ ਸੋਚ ਇਸ ਪੱਧਰ ਤੇ ਪਹੁੰਚੇਗੀ ਜਿੱਥੇ ਹਰ ਜਨਮ ਨੂੰ ਇਕਸਮਾਨ ਮਾਣ ਮਿਲੇਗਾ, ਤਦ ਹੀ ਅਸੀਂ ਇੱਕ ਸੁਚੱਜੇ ਸਮਾਜ ਦੀ ਸਿਰਜਣਾ ਕਰ ਸਕਾਂਗੇ।

# ਸਿੱਧੀ ਗੱਲ: ਡਾਲਰ ਲਿਆਓ ਪੀ.ਆਰ. ਪਾਓ

## ਨਿਊਜ਼ੀਲੈਂਡ ਨੇ ਨਿਵੇਸ਼ਕਾਂ ਲਈ ਕੱਢੀ 5 ਤੇ 10 ਮਿਲੀਅਨ ਡਾਲਰ ਵਾਲੀ ਸੌਖੀ ਸਕੀਮ

ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ) ਇਮੀਗ੍ਰੇਸ਼ਨ ਨਿਊਜ਼ੀਲੈਂਡ ਨੇ ਵਿਦੇਸ਼ੀ ਨਿਵੇਸ਼ਕਾਂ ਨੂੰ ਆਕਰਸ਼ਿਰਤ ਕਰਨ ਦੇ ਲਈ ਆਪਣੀ ਨਿਵੇਸ਼ਕ ਸਕੀਮ ਨੂੰ ਸੌਖਿਆ ਕਰਨ ਦਾ ਐਲਾਨ ਕੀਤਾ ਹੈ। ਨਿਵੇਸ਼ ਲੱਗਣ ਤੋਂ ਬਾਅਦ ਪੀ. ਆਰ. ਦੇਣੀ ਵੀ ਸੌਖੀ ਕੀਤੀ ਜਾ ਰਹੀ ਹੈ।

ਹੁਣ ਵਿੱਤੀ ਸਾਲ ਦੇ ਸ਼ੁਰੂ ਵਿਚ ਮਤਲਬ ਕਿ ਪਹਿਲੀ ਅਪ੍ਰੈਲ 2025 ਤੋਂ ਇਸਨੂੰ ਦੋ ਭਾਗਾਂ ਵਿਚ ਵੰਡਿਆ ਜਾ ਰਿਹਾ ਹੈ। ਪਹਿਲੀ ਹੈ ਵਿਕਾਸ (ਗ੍ਰੋਥ) ਸਕੀਮ ਅਤੇ ਦੂਜੀ ਹੈ ਸੰਤੁਲਿਤ (ਬੈਲੇਂਸਡ)। ਇਹ ਸਕੀਮ

ਐਕਟਿਵ ਇਨਵੈਸਟਰ ਪਲੱਸ ਵੀਜ਼ਾ ਵਿੱਚ ਬਦਲਾਅ ਕਰੇਗੀ। ਸਰਲ ਨਿਵੇਸ਼ ਸ਼੍ਰੇਣੀਆਂ ਪੇਸ਼ ਕਰ ਰਿਹਾ ਹਾਂ – ਵਿਕਾਸ ਅਤੇ ਸੰਤੁਲਿਤ ਗ੍ਰੋਥ ਸ਼੍ਰੇਣੀ ਦੇ ਨਿਵੇਸ਼ਕਾਂ ਲਈ ਘੱਟੋ-ਘੱਟ 5 ਮਿਲੀਅਨ ਡਾਲਰ (24-25 ਕਰੋੜ ਰੁਪਏ) ਅਤੇ ਸੰਤੁਲਿਤ ਸ਼੍ਰੇਣੀ ਦੇ ਨਿਵੇਸ਼ਕਾਂ ਲਈ 10 ਮਿਲੀਅਨ ਡਾਲਰ (45-50 ਕਰੋੜ ਰੁਪਏ) ਦੀ ਨਿਵੇਸ਼ ਰਕਮ ਰੱਖੀ ਗਈ ਹੈ। ਸੰਤੁਲਿਤ ਸ਼੍ਰੇਣੀ ਲਈ ਸਵੀਕਾਰਯੋਗ ਨਿਵੇਸ਼ਾਂ ਦੇ ਦਾਇਰੇ ਨੂੰ ਵਧਾਉਣਾ ਜਿਸ ਵਿੱਚ ਬਾਂਡ ਅਤੇ ਜਾਇਦਾਦ (ਨਵੇਂ ਰਿਹਾਇਸ਼ੀ, ਨਵੇਂ/ ਮੌਜੂਦਾ ਵਪਾਰਕ ਜਾਂ ਉਦਯੋਗਿਕ ਵਿਕਾਸ) ਨਿਵੇਸ਼ ਸ਼ਾਮਲ ਹਨ।




ਦੋਵਾਂ ਸ਼੍ਰੇਣੀਆਂ ਨੂੰ ਸਿਧਾਂਤਕ ਤੌਰ 'ਤੇ ਆਪਣੀ ਪ੍ਰਵਾਨਗੀ ਦੇ 6 ਮਹੀਨਿਆਂ ਦੇ ਅੰਦਰ ਸਾਰੇ ਨਿਵੇਸ਼ ਕਰਨੇ ਚਾਹੀਦੇ ਹਨ ਪਰ 6 ਮਹੀਨਿਆਂ ਦੇ ਵਾਧੇ ਲਈ ਅਰਜ਼ੀ ਦੇ ਸਕਦੇ ਹਨ, ਅਤੇ ਅੰਗਰੇਜ਼ੀ ਭਾਸ਼ਾ ਦੀ ਲੋੜ ਨੂੰ ਹਟਾਇਆ ਜਾ ਰਿਹਾ ਹੈ। ਹੋਰ ਵੇਰਵੇ ਮਾਰਚ ਦੇ ਸ਼ੁਰੂ ਵਿੱਚ ਉਪਲਬਧ ਅਤੇ ਪ੍ਰਕਾਸ਼ਿਤ ਕੀਤੇ ਜਾਣਗੇ।

5 ਮਿਲੀਅਨ ਵਾਲੇ ਨਿਵੇਸ਼ਕ ਨੂੰ ਤਿੰਨ ਸਾਲਾਂ ਦੇ ਲਈ ਇਹ ਪੈਸੇ ਲਾਉਣੇ ਹੋਣਗੇ ਅਤੇ ਇਸਦੇ ਲਈ ਘੱਟੋ-ਘੱਟ 21 ਦਿਨ ਤਿੰਨ ਸਾਲਾਂ ਦੌਰਾਨ ਇਥੇ ਰਹਿਣਾ ਹੋਵੇਗਾ। ਇਹ ਪੈਸੇ ਪ੍ਰਬੰਧਿਤ ਫੰਡ (ਮੈਨੇਜਡ ਫੰਡ) ਜਾਂ ਸਿੱਧੇ ਨਿਵੇਸ਼ (ਡਾਇਰੈਕਟ ਇਨਵੈਸਟਮੈਂਟ) ਅਧੀਨ ਲਾਏ ਜਾਣਗੇ। ਇੱਕ ਪ੍ਰਬੰਧਿਤ ਫੰਡ ਉਹ ਹੁੰਦਾ ਹੈ ਜਿੱਥੇ ਕਈ ਨਿਵੇਸ਼ਕਾਂ ਦੇ ਪੈਸੇ ਇਕੱਠੇ ਕੀਤੇ ਜਾਂਦੇ ਹਨ ਅਤੇ ਇੱਕ ਪੇਸ਼ੇਵਰ ਫੰਡ ਮੈਨੇਜਰ ਦੁਆਰਾ ਪ੍ਰਬੰਧਿਤ ਕੀਤੇ ਜਾਂਦੇ ਹਨ। ਫੰਡ ਮੈਨੇਜਰ ਫੰਡ ਦੇ ਨਿਵੇਸ਼ ਉਦੇਸ਼ਾਂ ਦੇ ਆਧਾਰ 'ਤੇ, ਸਟਾਕ, ਬਾਂਡ, ਜਾਇਦਾਦ, ਜਾਂ ਹੋਰ ਸੰਪਤੀਆਂ ਵਿੱਚ ਪੈਸੇ ਨੂੰ ਕਿਵੇਂ ਨਿਵੇਸ਼ ਕਰਨਾ ਹੈ, ਇਸ ਬਾਰੇ ਫੈਸਲੇ ਲੈਂਦਾ ਹੈ।

ਸਿੱਧੇ ਨਿਵੇਸ਼ ਦਾ ਮਤਲਬ ਹੈ ਕਿ ਕਿਸੇ ਪ੍ਰਬੰਧਿਤ ਫੰਡ ਵਿੱਚ ਦੂਜੇ ਨਿਵੇਸ਼ਕਾਂ ਨਾਲ ਪੈਸਾ ਇਕੱਠਾ ਕਰਨ ਦੀ ਬਜਾਏ, ਵਿਅਕਤੀਗਤ ਸੰਪਤੀਆਂ, ਜਿਵੇਂ ਕਿ ਸਟਾਕ, ਬਾਂਡ, ਰੀਅਲ ਅਸਟੇਟ ਜਾਇਦਾਦਾਂ, ਜਾਂ ਹੋਰ ਕਿਸਮਾਂ ਦੀਆਂ ਸੰਪਤੀਆਂ ਵਿੱਚ ਸਿੱਧੇ ਨਿਵੇਸ਼ ਕਰਨਾ। ਜਦੋਂ ਤੁਸੀਂ ਸਿੱਧਾ ਨਿਵੇਸ਼ ਕਰਦੇ ਹੋ, ਤਾਂ ਤੁਹਾਡੇ ਕੋਲ ਇਸ ਗੱਲ 'ਤੇ ਪੂਰਾ ਨਿਯੰਤਰਣ ਹੁੰਦਾ ਹੈ ਕਿ ਕਿਹੜੀਆਂ ਸੰਪਤੀਆਂ ਨੂੰ ਖਰੀਦਣਾ ਅਤੇ ਵੇਚਣਾ ਹੈ, ਅਤੇ ਤੁਸੀਂ ਆਪਣੀ ਨਿਵੇਸ਼ ਰਣਨੀਤੀ ਨੂੰ ਆਪਣੀਆਂ ਵਿਅਕਤੀਗਤ ਤਰਜੀਹਾਂ ਅਤੇ ਟੀਚਿਆਂ ਅਨੁਸਾਰ ਤਿਆਰ ਕਰ ਸਕਦੇ ਹੋ।

ਸੰਤੁਲਿਤ ਸ਼੍ਰੇਣੀ ਦੇ ਅਧੀਨ 10 ਮਿਲੀਅਨ ਯਾਨਿ ਕਿ 50 ਕਰੋੜ ਦੇ ਕਰੀਬ ਪੈਸਾ 5 ਸਾਲਾਂ ਵਿਚ ਲਾਉਣਾ ਹੋਵੇਗਾ। ਇਸਦੇ ਲਈ 105 ਦਿਨ ਇਥੇ ਨਿਵੇਸ਼ ਦੌਰਾਨ ਰਹਿਣਾ ਹੋਵੇਗਾ। ਜੇਕਰ ਘੱਟ ਰਹਿਣਾ ਹੈ ਤਾਂ ਨਿਵੇਸ਼ ਦੀ ਰਾਸ਼ੀ ਵਧਾਉਣੀ ਹੋਵੇਗੀ। 11 ਮਿਲੀਅਨ ਲਾਉਣ ਨਾਲ 14 ਦਿਨ ਘੱਟ, 12 ਮਿਲੀਅਨ ਦੇ ਨਾਲ 28 ਦਿਨ ਅਤੇ 13 ਮਿਲੀਅਨ ਦੇ ਨਾਲ 42 ਦਿਨ ਹੋਰ ਘਟਾਏ ਜਾ ਸਕਦੇ ਹਨ। ਇਹ ਨਿਵੇਸ਼ ਸਰਕਾਰੀ ਅਤੇ ਅਰਧ ਸਰਕਾਰੀ ਅਦਾਰਿਆਂ ਦੇ ਵਿਚ ਲਗਾਇਆ ਜਾਵੇਗਾ। ਇਮੀਗ੍ਰੇਸ਼ਨ ਇਹ ਨਿਰਧਾਰਤ ਕਰੇਗਾ।ਸੋ ਅੰਤ ਇਹ ਕਹਿ ਸਕਦੇ ਹਾਂ ਕਿ ਸਰਕਾਰ ਸਿੱਧੀ ਗੱਲ ਕਰਨੀ ਚਾਹੁੰਦੀ ਹੈ ਕਿ ਪੈਸਾ ਲਿਆਓ ਤੇ ਪੀ. ਆਰ.ਪਾਓ।

# ਜਿਨ੍ਹਾਂ ਨਹੀਂ ਸੁਧਰਨਾ:

## "ਚੰਗੀ ਕਰ ਬਹਾਲੀ ਤੇ ਪੇੜੇ ਲਏ ਚੁਰਾ"

ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ) ਆਕਲੈਂਡ ਤੋਂ ਕ੍ਰਾਈਸਟਚਰਚ ਵਿਖੇ ਮਹਿਲਾ ਕੈਦੀਆਂ ਨੂੰ ਲਿਜਾ ਰਹੇ ਇੱਕ ਚਾਰਟਡ ਜਹਾਜ਼ ਨੂੰ ਉਸ ਸਮੇਂ ਵਾਪਿਸ ਮੁੜਨਾ ਪਿਆ ਜਦੋਂ ਜਹਾਜ਼ ਵਿੱਚ ਸਵਾਰ ਇੱਕ ਮਹਿਲਾ ਕੈਦੀ ਨੇ




ਅੰਦਰੂਨੀ ਖਿੜਕੀ ਨੂੰ ਨੁਕਸਾਨ ਪਹੁੰਚਾਇਆ। ਸੁਧਾਰ ਘਰ (ਜ਼ੇਲ੍ਹ ਅਧਿਕਾਰੀਆਂ) ਨੇ ਕਿਹਾ ਕਿ "ਬੀਤੇ ਬੁੱਧਵਾਰ ਨੂੰ ਇਕ ਚਾਰਟਡ ਜਹਾਜ਼ ਔਕਲੈਂਡ ਮਹਿਲਾ ਜ਼ੇਲ੍ਹ ਤੋਂ 8 ਕੈਦਣਾਂ ਨੂੰ ਲੈ ਕੇ ਕ੍ਰਾਈਸਟਚਰਚ ਜਾ ਰਿਹਾ ਸੀ। ਉਡਾਣ ਦੌਰਾਨ ਇਕ ਮਹਿਲਾ ਕੈਦੀ ਨੇ ਖਿਲਾਰਾ ਪਾ ਲਿਆ। ਉਸਨੇ ਜਹਾਜ਼ ਦੀ ਅੰਦਰਲੀ ਬਾਰੀ ਨੂੰ ਭੰਨਣਾ ਸ਼ੁਰੂ ਕਰ ਦਿੱਤਾ। ਇਸ ਕਰਕੇ ਉਸਦੇ ਹੱਥ ਵਿਚ ਵੀ ਸੱਟ ਲੱਗੀ ਅਤੇ ਜਹਾਜ਼ ਦੀ ਖਿੜਕੀ ਨੂੰ ਵੀ ਨੁਕਸਾਨ ਪਹੁੰਚਿਆ। ਇਸੇ ਚੱਕਰ ਦੇ ਵਿਚ ਸੁਰੱਖਿਆ ਦਾ ਮਸਲਾ ਪੈਦਾ ਹੋ ਗਿਆ ਅਤੇ ਜਹਾਜ਼ ਨੂੰ ਵਾਪਿਸ ਔਕਲੈਂਡ ਲਿਆਂਦਾ ਗਿਆ ਅਤੇ ਕੈਦੀ ਮਹਿਲਾਵਾਂ ਨੂੰ ਵਾਪਿਸ ਜ਼ੇਲ੍ਹ ਦੇ ਵਿਚ ਭੇਜਿਆ ਗਿਆ।"

ਸੁਧਾਰ ਘਰ ਦੀ ਜਨਰਲ ਮੈਨੇਜਰ ਨੇ ਕਿਹਾ ਕਿ "ਨੁਕਸਾਨ ਲਈ ਜ਼ਿੰਮੇਵਾਰ ਔਰਤ 'ਤੇ ਦੁਰਵਿਵਹਾਰ ਦਾ ਦੋਸ਼ ਲਗਾਇਆ ਜਾਵੇਗਾ, ਅਤੇ ਜੋ ਹੋਇਆ ਉਸ ਦੀ ਪੂਰੀ ਸਮੀਖਿਆ ਕੀਤੀ ਜਾਵੇਗੀ। ਇਹ ਵਿਵਹਾਰ ਸਾਡੇ ਸਟਾਫ, ਚਾਲਕ ਦਲ ਅਤੇ ਹੋਰ ਕੈਦੀਆਂ ਲਈ ਪੂਰੀ ਤਰ੍ਹਾਂ ਅਸਵੀਕਾਰਨਯੋਗ ਅਤੇ ਅਵਿਸ਼ਵਾਸ਼ਯੋਗ ਤੌਰ 'ਤੇ ਵਿਘਨਕਾਰੀ ਹੈ। ਸਾਡੇ ਸਟਾਫ ਨੇ ਸਥਿਤੀ ਨੂੰ ਨਿਯੰਤਰਣ ਕਰਨ ਵਿੱਚ ਸ਼ਾਨਦਾਰ ਕੰਮ ਕੀਤਾ ਅਤੇ ਮੈਂ ਇਸ ਘਟਨਾ ਦੌਰਾਨ ਉਡਾਣ ਦਲ ਦੇ ਮੈਂਬਰਾਂ ਦਾ ਵੀ ਧੰਨਵਾਦ ਕੀਤਾ ਹੈ। ਸੁਰੱਖਿਆ ਉਨ੍ਹਾਂ ਦੀ ਸਭ ਤੋਂ ਵੱਡੀ ਤਰਜੀਹ ਹੈ ਅਤੇ ਸੁਧਾਰ ਕੈਦੀਆਂ ਨੂੰ ਬਿਨਾਂ ਕਿਸੇ ਘਟਨਾ ਦੇ ਲਗਭਗ ਹਰ ਪੰਦਰਵਾੜੇ ਚਾਰਟਰ ਉਡਾਣ ਦੁਆਰਾ ਤਬਦੀਲ ਕਰਦੇ ਹਨ।"ਸੋ ਅੰਤ ਇਹੀ ਕਹਿ ਸਕਦੇ ਹਾਂ ਕਿ ਜਿਸ ਨੂੰ ਚੰਗਾ ਸਮਝ ਕੇ ਚੰਗੇ ਪਾਸੇ ਲਾਉਣ ਦੀ ਕੋਸ਼ਿਸ਼ ਕੀਤੀ ਉਸਨੇ ਹੀ ਧੋਖਾ ਦਿੱਤਾ।






# ਪ੍ਰਧਾਨ ਮੰਤਰੀ ਮੋਦੀ ਨੇ ਟਰੰਪ ਨਾਲ ਮੁਲਾਕਾਤ ਮਗਰੋਂ ਗ਼ੈਰ-ਕਾਨੂੰਨੀ ਪਰਵਾਸੀ ਭਾਰਤੀਆਂ ਬਾਰੇ ਦਿੱਤਾ ਇਹ ਵੱਡਾ ਬਿਆਨ

ਵਾਸ਼ਿੰਗਟਨ (ਪੰਜਾਬੀ ਅਖ਼ਬਾਰ ਬਿਊਰੋ)- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਨਾਲ ਮੁਲਾਕਾਤ ਕੀਤੀ। ਇਹ ਮੁਲਾਕਾਤ ਵ੍ਹਾਈਟ ਹਾਊਸ ਵਿਖੇ ਹੋਈ। ਇਸ ਮਗਰੋਂ ਇੱਕ ਪ੍ਰੈੱਸ ਕਾਨਫਰੰਸ ਵੀ ਹੋਈ।ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸ ਮੌਕੇ ਗੈਰ ਕਾਨੂੰਨੀ ਭਾਰਤੀ ਪਰਵਾਸੀਆਂ ਬਾਰੇ ਅਹਿਮ ਬਿਆਨ ਦਿੱਤਾ।ਉਨ੍ਹਾਂ ਕਿਹਾ, 'ਗੈਰ-ਕਾਨੂੰਨੀ ਪਰਵਾਸੀਆਂ ਦੇ ਮੁੱਦੇ 'ਤੇ ਸਾਡੇ (ਭਾਰਤ ਤੇ ਅਮਰੀਕਾ ਦੇ) ਵਿਚਾਰ ਇੱਕੋ ਜਿਹੇ ਹਨ ਅਤੇ ਉਹ ਇਹ ਹਨ ਕਿ ਜੇਕਰ ਅਮਰੀਕਾ 'ਚ ਗ਼ੈਰ-ਕਾਨੂੰਨੀ ਢੰਗ ਨਾਲ ਰਹਿ ਰਹੇ ਕਿਸੇ ਭਾਰਤੀ ਦੀ ਪੁਸ਼ਟੀ ਹੁੰਦੀ ਹੈ, ਤਾਂ ਅਸੀਂ ਉਨ੍ਹਾਂ ਨੂੰ ਭਾਰਤ ਵਾਪਸ ਲੈਣ ਲਈ ਪੂਰੀ ਤਰ੍ਹਾਂ ਤਿਆਰ ਹਾਂ।ਉਨ੍ਹਾਂ ਕਿਹਾ ਕਿ ਕੁਝ ਪਰਵਾਸੀਆਂ ਨੂੰ ਮਨੁੱਖੀ ਤਸਕਰ ਲੈ ਕੇ ਆਉਂਦੇ ਹਨ ਅਤੇ ਉਨ੍ਹਾਂ ਨੂੰ ਇਹ ਵੀ ਨਹੀਂ ਪਤਾ ਹੁੰਦਾ ਕਿ ਉਨ੍ਹਾਂ ਨੂੰ ਅਮਰੀਕਾ ਲਿਜਾਇਆ ਗਿਆ ਹੈ।ਟਰੰਪ ਨੇ ਜਦੋਂ ਤੋਂ ਰਾਸ਼ਟਰਪਤੀ ਦਾ ਕਾਰਜਭਾਰ ਸਾਂਭਿਆ ਹੈ, ਅਮਰੀਕਾ ਨੇ ਪਹਿਲੀ ਗੇੜ ਵਿੱਚ 104 ਭਾਰਤੀਆਂ ਨੂੰ ਭਾਰਤ ਡਿਪੋਰਟ ਕੀਤਾ ਹੈ।ਪ੍ਰਧਾਨ ਮੰਤਰੀ ਨੇ ਕਿਹਾ, 'ਇਹ ਬਹੁਤ ਹੀ ਸਧਾਰਨ ਪਰਿਵਾਰਾਂ ਦੇ ਬੱਚੇ ਹਨ। ਉਨ੍ਹਾਂ ਨੂੰ ਵੱਡੇ-ਵੱਡੇ ਸੁਪਨੇ ਦਿਖਾਏ ਜਾਂਦੇ ਹਨ ਅਤੇ ਉਨ੍ਹਾਂ ਨਾਲ ਵੱਡੇ-ਵੱਡੇ ਵਾਅਦੇ ਕੀਤੇ ਜਾਂਦੇ ਹਨ।ਉਨ੍ਹਾਂ ਨੇ ਕਿਹਾ ਕਿ ਅਜਿਹੇ ਨੌਜਵਾਨਾਂ ਨੂੰ ਬਚਾਉਣ ਲਈ ਮਨੁੱਖੀ ਤਸਕਰਾਂ 'ਤੇ



ਕਾਰਵਾਈ ਕਰਨ ਦੀ ਲੋੜ ਹੈ

**ਟਰੰਪ ਨੇ ਕੀ ਕਿਹਾ**

ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਨੇ 2008 ਦੇ ਮੁੰਬਈ ਹਮਲੇ ਦੇ ਮੁਲਜ਼ਮ ਤਹੱਵੁਰ ਰਾਣਾ ਨੂੰ ਭਾਰਤ ਨੂੰ ਸੌਂਪਣ ਦਾ ਐਲਾਨ ਕੀਤਾ।ਟਰੰਪ ਨੇ ਕਿਹਾ, 'ਭਾਰਤ ਦੇ ਨਾਲ ਅਮਰੀਕਾ ਦਾ ਵਪਾਰਕ ਘਾਟਾ ਕਰੀਬ 100 ਬਿਲੀਅਨ ਡਾਲਰ ਦਾ ਹੈ। ਮੈਂ ਤੇ ਮੋਦੀ ਆਪਸੀ ਵਪਾਰ ਨੂੰ ਮਜ਼ਬੂਤ ਕਰਨ ਅਤੇ ਇਸ ਨੂੰ ਅਮਰੀਕੀਆਂ ਲਈ ਨਿਰਪੱਖ ਬਣਾਉਣ ਲਈ ਗੱਲਬਾਤ ਸ਼ੁਰੂ ਕਰਾਂਗੇ।'

**ਟਰੰਪ ਤੇ ਮੋਦੀ ਨੇ ਕੀਤੀ ਇੱਕ ਦੂਜੇ ਦੀ ਤਾਰੀਫ਼**

ਵ੍ਹਾਈਟ ਹਾਊਸ 'ਚ ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਅਤੇ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪ੍ਰੈੱਸ ਕਾਨਫਰੰਸ ਵਿੱਚ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਇੱਕ ਦੂਜੇ ਦੀ ਤਾਰੀਫ਼ ਕੀਤੀ।ਦੋਹਾਂ ਆਗੂਆਂ ਵਿਚਾਲੇ ਹੋਈ ਦੁਵੱਲੀ ਗੱਲਬਾਤ 'ਚ ਅਧਾਰ ਵਪਾਰ 'ਤੇ ਰਿਹਾ। ਹਾਲਾਂਕਿ ਟਰੰਪ ਨੇ ਭਾਰਤ ਤੋਂ ਹੋਣ ਵਾਲੀ ਦਰਾਮਦ 'ਤੇ ਬਰਾਬਰ ਟੈਰਿਫ਼ (ਜਿੰਨਾ ਭਾਰਤ ਬਰਾਮਦ ਉੱਤੇ ਲਗਾਉਂਦਾ ਹੈ) ਲਗਾਉਣ ਦੀ ਗੱਲ ਆਖੀ।ਦੂਜੇ ਪਾਸੇ ਮੋਦੀ ਨੇ ਦੋਵਾਂ ਦੇਸ਼ਾਂ ਵਿਚਾਲੇ ਵਪਾਰਕ ਗੱਲਬਾਤ ਸ਼ੁਰੂ ਕਰਨ ਦੀ ਗੱਲ ਕੀਤੀ।ਟਰੰਪ ਨੇ ਕਿਹਾ, ਭਾਰਤ ਜੋ ਵੀ ਸਾਡੇ 'ਤੇ ਟੈਰਿਫ਼ ਲਾਏਗਾ, ਅਸੀਂ ਵੀ ਉਨ੍ਹਾਂ 'ਤੇ ਉਹੀ ਟੈਰਿਫ਼ ਲਗਾਵਾਂਗੇ।'
















# ਦਿੱਲੀ ਵਿੱਚ ਭਾਜਪਾ ਨਹੀਂ ਜਿੱਤੀ ਬਲਕਿ ਆਮ ਆਦਮੀ ਪਾਰਟੀ ਹਾਰੀ ਹੈ; ਪੰਜਾਬ ਨੂੰ ਨਿਸ਼ਾਨਾ ਸਮਝਣਾ ਵੱਡਾ ਭੁਲੇਖਾ



ਬਲਵਿੰਦਰ ਸਿੰਘ ਭੁੱਲਰ

ਦਿੱਲੀ ਵਿਧਾਨ ਸਭਾ ਚੋਣਾਂ ਤੋਂ ਬਾਅਦ ਭਾਜਪਾ ਇੱਕ ਵੱਡੇ ਭੁਲੇਖੇ ਨਾਲ ਪੰਜਾਬ ਨੂੰ ਨਿਸ਼ਾਨਾ ਬਣਾ ਕੇ ਹੌਂਸਲੇ ਵਿੱਚ ਵਿਖਾਈ ਦੇ ਰਹੀ ਹੈ, ਪਰ ਇਹ ਸੱਚਾਈ ਤੋਂ ਕੋਹਾਂ ਦੂਰ ਵਾਲੀ ਗੱਲ ਹੈ। ਉਸਨੂੰ ਸਮਝ ਲੈਣਾ ਚਾਹੀਦਾ ਹੈ ਕਿ ਦਿੱਲੀ ਵਿੱਚ ਭਾਜਪਾ ਨਹੀਂ ਜਿੱਤੀ, ਬਲਕਿ ਆਮ ਆਦਮੀ ਪਾਰਟੀ ਹਾਰੀ ਹੈ। ਸੱਚਾਈ ਇਹ ਹੈ ਕਿ ਦਿੱਲੀ ਵਿੱਚ ਕਾਂਗਰਸ ਏਨੀ ਮਾੜੀ ਸਥਿਤੀ ਵਿੱਚ ਸੀ ਕਿ ਉੱਥੋਂ ਦੇ ਵੋਟਰ ਸਮਝ ਰਹੇ ਸਨ ਕਿ ਉਸਨੂੰ ਵੋਟ ਪਾਉਣੀ ਤਾਂ ਖੂਹ ਵਿੱਚ ਸੁੱਟਣ ਵਰਗੀ ਹੋਵੇਗੀ, ਕਿਉਂਕਿ ਉਹ ਜਿੱਤ ਦੇ ਤਾਂ ਕਿਤੇ ਨੇੜੇ ਤੇੜੇ ਵੀ ਨਹੀਂ ਹੈ। ਅਜਿਹੀ ਸਥਿਤੀ ਵਿੱਚ ਦਿੱਲੀ ਦੇ ਵੋਟਰਾਂ ਕੋਲ ਆਮ ਆਦਮੀ ਪਾਰਟੀ ਨੂੰ ਹਰਾਉਣ ਲਈ ਭਾਜਪਾ ਨੂੰ ਵੋਟ ਪਾਉਣ ਤੋਂ ਬਗੈਰ ਹੋਰ ਕੋਈ ਰਸਤਾ ਹੀ ਨਹੀਂ ਸੀ।

ਭ੍ਰਿਸ਼ਟਾਚਾਰ ਵਿਰੋਧੀ ਸੰਘਰਸ਼ ਵਿੱਚੋਂ ਨਿਕਲੀ ਆਮ ਆਦਮੀ ਪਾਰਟੀ ਉੱਤੇ ਕੇਵਲ ਦਿੱਲੀ ਹੀ ਨਹੀਂ ਸਮੁੱਚੇ ਭਾਰਤ ਨੂੰ ਹੀ ਬਹੁਤ ਵੱਡੀਆਂ ਆਸਾਂ ਉਮੀਦਾਂ ਸਨ। ਇਸ ਪਾਰਟੀ ਨੇ ਆਪਣੀ ਸੁਰੂਆਤ ਦਿੱਲੀ ਤੋਂ ਕੀਤੀ ਤਾਂ ਦਿੱਲੀ ਦੇ ਵੋਟਰਾਂ ਨੇ ਰਿਕਾਰਡਤੋੜ ਵੋਟਾਂ ਪਾ ਕੇ ਇਸਦੀ ਸਰਕਾਰ ਕਾਇਮ ਕਰ ਦਿੱਤੀ ਅਤੇ ਪਾਰਟੀ ਸੁਪਰੀਮੋ ਸ੍ਰੀ ਅਰਵਿੰਦ ਕੇਜਰੀਵਾਲ ਮੁੱਖ ਮੰਤਰੀ ਬਣ ਗਏ। ਸਰਕਾਰ ਬਣਨ ਤੇ ਸ੍ਰੀ ਕੇਜਰੀਵਾਲ ਦੀ ਸਰਕਾਰ ਨੇ ਦਿੱਲੀ ਵਿੱਚ ਮਾਡਲ ਪੇਸ਼ ਕਰਕੇ ਕੁੱਝ ਕੰਮ ਵੀ ਕੀਤੇ ਅਤੇ ਪ੍ਰਚਾਰ ਵੀ ਕੀਤਾ, ਜਿਸਨੂੰ ਲੋਕਾਂ ਨੇ ਰਾਹਤ ਵਜੋਂ ਮਹਿਸੂਸ ਕੀਤਾ। ਲੋਕਾਂ ਨੇ ਇਸ ਪਾਰਟੀ ਨੂੰ ਮੁੜ ਸਹਿਯੋਗ ਦਿੱਤਾ ਅਤੇ ਦੁਬਾਰਾ ਫਿਰ ਸਰਕਾਰ ਹੋਂਦ ਵਿੱਚ ਆ ਗਈ।

ਪਾਰਟੀ ਸੁਪਰੀਮੋ ਨੇ ਦਿੱਲੀ ਤੋਂ ਬਾਅਦ ਪੰਜਾਬ ਵੱਲ ਰੁਖ਼ ਕੀਤਾ। ਪੰਜਾਬ ਦੇ ਲੋਕ ਵੀ ਕਾਂਗਰਸ ਅਤੇ ਅਕਾਲੀ ਭਾਜਪਾ ਸਰਕਾਰਾਂ ਤੋਂ ਪੂਰੀ ਤਰ੍ਹਾਂ ਅੱਕ ਚੁੱਕੇ ਸਨ ਅਤੇ ਤੀਜਾ ਬਦਲ ਲੱਭ ਰਹੇ ਸਨ। ਉਹਨਾਂ ਨੂੰ ਆਮ ਆਦਮੀ ਪਾਰਟੀ ਤੀਜਾ ਬਦਲ ਲੱਗੀ ਅਤੇ ਦਿੱਲੀ ਵਿੱਚ ਕੀਤੇ ਕੰਮਾਂ ਦੇ ਪ੍ਰਚਾਰ ਤੋਂ ਗੁੰਮਰਾਹ ਹੋ ਕੇ ਉਹਨਾਂ ਭਾਰੀ ਬਹੁਮੱਤ ਨਾਲ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਸਥਾਪਤ ਕਰ ਦਿੱਤੀ ਅਤੇ ਸ੍ਰੀ ਭਗਵੰਤ ਮਾਨ ਮੁੱਖ ਮੰਤਰੀ ਬਣ ਗਏ। ਇਸ ਉਪਰੰਤ ਸ੍ਰੀ ਕੇਜਰੀਵਾਲ ਨੇ ਹੋਰ ਸੂਬਿਆਂ ਵੱਲ ਧਿਆਨ ਵਧਾਇਆ ਅਤੇ ਚੋਣਾਂ ਲੜੀਆਂ, ਜਿਸ ਸਦਕਾ ਉਹ ਭਾਵੇਂ ਹੋਰ ਕਿਤੇ ਵੀ ਸਰਕਾਰ ਤਾਂ ਬਣਾ ਸਕੇ ਪਰ ਪਾਰਟੀ ਨੂੰ ਨੈਸ਼ਨਲ ਪਾਰਟੀ ਬਣਾਉਣ ਵਿੱਚ ਕਾਮਯਾਬ ਜ਼ਰੂਰ ਹੋ ਗਏ।

ਦਿੱਲੀ ਵਿੱਚ ਸੱਤ੍ਹਾ ਤੇ ਕਾਬਜ ਹੋਇਆ ਕਰੀਬ ਦਸ ਸਾਲ ਦਾ ਸਮਾਂ ਹੋ ਗਿਆ ਤਾਂ ਦੂਜੀਆਂ ਪਾਰਟੀਆਂ ਨੂੰ ਭ੍ਰਿਸ਼ਟਾਚਾਰੀ ਕਹਿਣ ਵਾਲੀ ਆਮ ਆਦਮੀ ਪਾਰਟੀ ਤੇ ਵੀ ਦੋਸ਼ ਲੱਗਣ ਲੱਗੇ। ਇਸਦੇ ਕਈ ਆਗੂਆਂ ਦੇ ਕਥਿਤ ਘਪਲੇ ਸਾਹਮਣੇ ਆਏ, ਸ਼ਰਾਬ ਘਪਲੇ ਨੇ ਤਾਂ ਸਮੁੱਚੇ ਭਾਰਤ ਦਾ ਧਿਆਨ ਇਸ ਪਾਰਟੀ ਦੀ ਕਾਰਗੁਜਾਰੀ ਵੱਲ ਖਿੱਚਿਆ। ਇਸ ਮਾਮਲੇ ਵਿੱਚ ਪਾਰਟੀ ਸੁਪਰੀਮੋ ਸਮੇਤ ਉੱਚ ਦਰਜੇ ਦੇ ਆਗੂ ਜੇਲ੍ਹਾਂ ਵਿੱਚ ਪਹੁੰਚ ਗਏ। ਸ੍ਰੀ ਕੇਜਰੀਵਾਲ ਜਮਾਨਤ ਤੇ ਜੇਲ੍ਹ ਤੋਂ ਬਾਹਰ ਆਏ ਤਾਂ ਉਸ ਉੱਪਰ ਲਗਾਈਆਂ ਅਦਾਲਤੀ ਪਾਬੰਦੀਆਂ ਨੇ ਉਸ ਦੀਆਂ ਮੁੱਖ ਮੰਤਰੀ ਵਾਲੀਆਂ ਸ਼ਕਤੀਆਂ ਖੋਹ ਲਈਆਂ, ਆਖ਼ਰ ਉਸਨੂੰ ਮੁੱਖ ਮੰਤਰੀ ਦੇ ਅਹੁਦੇ ਤੇ ਸ੍ਰੀਮਤੀ ਆਤਿਸ਼ੀ ਨੂੰ ਬਿਠਾਉਣਾ ਪਿਆ। ਪਾਰਟੀ ਦੇ ਕੰਮਾਂ ਬਾਰੇ ਕੀਤੇ ਜਾ ਰਹੇ ਪ੍ਰਚਾਰ ਦਾ ਝੂਠ ਵੀ ਸਾਹਮਣੇ ਆਉਣ ਲੱਗਾ। ਸ੍ਰੀ ਕੇਜਰੀਵਾਲ ਅਜੇ ਵੀ ਆਪਣੇ ਆਪ ਨੂੰ ਸ਼ਕਤੀਸ਼ਾਲੀ ਸਮਝ ਕੇ ਭਾਜਪਾ ਵਿਰੋਧੀ ਸਿਆਸੀ ਪਾਰਟੀ ਦੇ ਗੱਠਜੋੜ 'ਇੰਡੀਆ' ਵਿੱਚ ਸ਼ਾਮਲ ਹੋਣ ਦੇ ਬਾਵਜੂਦ ਵੀ ਕਾਂਗਰਸ ਨੂੰ ਅੱਖਾਂ ਵਿਖਾਉਂਦਾ ਰਿਹਾ ਅਤੇ ਉਸਦੇ ਵਿਰੁੱਧ ਚੋਣ ਲੜਣ ਦਾ ਐਲਾਨ ਕਰ ਦਿੱਤਾ।

ਇਸ ਸਮੇਂ ਤੱਕ ਸ੍ਰੀ ਕੇਜਰੀਵਾਲ ਵੱਲੋਂ ਝੂਠੇ ਲਾਰਿਆਂ ਦੇ ਸਹਾਰੇ ਸੱਤ੍ਹਾ ਭੋਗਣ ਦਾ ਪਰਦਾਫਾਸ਼ ਹੋ ਗਿਆ। ਉਸਦੇ ਝੂਠਾਂ ਨੂੰ ਨੰਗਾ ਕਰਨ ਲਈ ਭਾਜਪਾ ਤੇ ਕਾਂਗਰਸ ਸਮੇਤ ਸਮੁੱਚੀਆਂ ਪਾਰਟੀਆਂ ਨੇ ਪ੍ਰਚਾਰ ਕਰਕੇ ਲੋਕਾਂ ਨੂੰ ਸੁਚੇਤ ਕਰ ਦਿੱਤਾ। ਲੰਬਾ ਸਮਾਂ ਕੇਂਦਰ ਅਤੇ ਦਿੱਲੀ ਵਿੱਚ ਰਹੀਆਂ ਕਾਂਗਰਸ ਸਰਕਾਰਾਂ ਤੋਂ ਅੱਕੇ ਹੋਏ ਲੋਕ ਹੀ ਇਸ ਨਵੀਂ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ ਸਨ, ਪਰ ਹੁਣ ਜਦ ਉਹ ਅਸਲੀਅਤ ਨੂੰ ਸਮਝ ਗਏ ਤਾਂ ਉਹ ਉਸ ਪਾਰਟੀ ਤੋਂ ਬਾਹਰ ਹੋ ਗਏ। ਉਹਨਾਂ ਭਾਵੇਂ ਆਮ ਆਦਮੀ ਪਾਰਟੀ ਤੋਂ ਤਾਂ ਵਾਪਸੀ ਕਰ ਲਈ, ਪਰ ਕਾਂਗਰਸ ਦੀ ਹਾਲਤ ਏਨੀ ਪਤਲੀ ਹੋ ਚੁੱਕੀ ਸੀ ਕਿ ਉਸ ਨੂੰ ਵੋਟ ਪਾ ਕੇ ਵੀ ਉਹ ਆਮ ਆਦਮੀ ਪਾਰਟੀ ਨੂੰ ਹਰਾਉਣ ਦੇ ਸਮਰੱਥ ਨਹੀਂ ਸਨ। ਅਜਿਹੀ ਹਾਲਤ ਵਿੱਚ ਉਹਨਾਂ ਭਾਜਪਾ ਦੇ ਹੱਕ ਵਿੱਚ ਵੋਟਾਂ ਪਾ ਕੇ ਆਮ ਆਦਮੀ ਪਾਰਟੀ ਨੂੰ ਸੱਤ੍ਹਾ ਤੋਂ ਲਾਂਭੇ ਕਰਨ ਦਾ ਕੰਮ ਕਰ ਵਿਖਾਇਆ। ਇਸਦਾ ਪਰਤੱਖ ਸਬੂਤ ਇਸਤੋਂ ਵੱਧ ਕੀ ਹੋਵੇਗਾ ਕਿ ਦਿੱਲੀ ਦੀਆਂ ਸਿੱਖ ਵੋਟਾਂ ਵੀ ਭਾਜਪਾ ਦੇ ਹੱਕ ਵਿੱਚ ਭੁਗਤੀਆਂ ਅਤੇ ਭਾਜਪਾ ਦੇ ਕੱਟੜ ਵਿਰੋਧੀ ਮੰਨੇ ਜਾਂਦੇ ਮੁਸਲਮਾਨ ਭਾਈਚਾਰੇ ਦੀਆਂ ਵੋਟਾਂ ਵੀ ਭਾਜਪਾ ਨੂੰ ਪਈਆਂ। ਇਸਨੂੰ ਦਿੱਲੀ ਦੇ ਵੋਟਰਾਂ ਦਾ ਗੁੱਸਾ ਹੀ ਮੰਨਿਆਂ ਜਾ ਸਕਦਾ ਹੈ ਕਿ ਉਹਨਾਂ ਪਾਰਟੀ ਸੁਪਰੀਮੋ ਸ੍ਰੀ ਕੇਜਰੀਵਾਲ ਅਤੇ ਮਨੀਸ ਸਸੋਦੀਆ ਵਰਗੇ ਦਿੱਗਜ ਆਗੂਆਂ ਨੂੰ ਹਰਾ ਦਿੱਤਾ।

ਇਸ ਵਿੱਚ ਵੀ ਕੋਈ ਸ਼ੱਕ ਨਹੀਂ ਕਿ ਭਾਵੇਂ ਭਾਜਪਾ ਇਸ ਖੁਸ਼ੀ ਵਿੱਚ ਭੰਗੜੇ ਪਾ ਰਹੀ ਹੈ ਕਿ ਉਸਦੀ ਦਿੱਲੀ ਵਿੱਚ ਜਿੱਤ ਹੋਈ ਹੈ, ਪਰ ਇਹ ਸੱਚਾਈ ਨਹੀਂ ਅਸਲ ਵਿੱਚ ਲੋਕਾਂ ਨੇ ਆਮ ਆਦਮੀ ਪਾਰਟੀ ਨੂੰ ਹਰਾਇਆ ਹੈ। ਮਜਬੂਰੀ ਵੱਸ ਉਹਨਾਂ ਨੂੰ ਭਾਜਪਾ ਦੇ ਹੱਕ ਵਿੱਚ ਭੁਗਤਣਾ ਪਿਆ। ਇਹ ਗੱਲ ਨਤੀਜੇ ਵਾਲੇ ਦਿਨ ਵੀ ਨਜਰ ਆਉਂਦੀ ਸੀ ਕਿ ਭਾਜਪਾ ਦੇ ਦਫ਼ਤਰ ਮੂਹਰੇ ਜਿੱਤ ਦੀ ਖੁਸ਼ੀ ਵਿੱਚ ਭੰਗੜੇ ਪੈ ਰਹੇ ਸਨ, ਖੁਸ਼ੀਆਂ ਮਨਾਈਆਂ ਜਾ ਰਹੀਆਂ ਸਨ ਪਰ ਦਿੱਲੀ ਦੇ ਵਿਧਾਨ ਸਭਾ ਹਲਕਿਆਂ ਵਿੱਚ ਅਜਿਹਾ ਬਹੁਤੀ ਖੁਸ਼ੀ ਵਾਲਾ ਮਾਹੌਲ ਨਹੀਂ ਸੀ ਵਿਖਾਈ ਦਿੰਦਾ। ਦਿੱਲੀ ਵਿੱਚ ਹੋਈ ਹਾਰ ਤੋਂ ਬਾਅਦ ਵੀ ਸ੍ਰੀ ਕੇਜਰੀਵਾਲ ਦੀ ਸੱਤ੍ਹਾ ਦੀ ਲਾਲਸਾ ਮੱਠੀ ਨਹੀਂ ਪਈ, ਉਸਨੇ ਪੰਜਾਬ ਦੇ ਮੰਤਰੀਆਂ ਵਿਧਾਇਕਾਂ ਨੂੰ ਦਿੱਲੀ ਬੁਲਾਉਣਾ ਸੁਰੂ ਕਰ ਲਿਆ ਹੈ। ਮੁਗ਼ਲ ਰਾਜ ਵੇਲੇ ਦੀ ਇਤਿਹਾਸਕ ਗੱਲ ਬੜੀ ਚਰਚਾ ਵਿੱਚ ਰਹਿੰਦੀ ਹੈ ਕਿ ਜਦੋਂ ਮੁਗ਼ਲ ਬਾਦਸ਼ਾਹ ਔਰੰਗਜੇਬ ਨੇ ਆਪਣੇ ਪਿਤਾ ਸ਼ਾਹ ਜਹਾਨ ਨੂੰ ਜੇਲ੍ਹ ਵਿੱਚ ਬੰਦ ਕਰ ਦਿੱਤਾ ਸੀ, ਤਾਂ ਇੱਕ ਦਿਨ ਸ਼ਾਹ ਜਹਾਨ ਉਸਨੂੰ ਕਹਿਣ ਲੱਗਾ, "ਔਰੰਗਜੇਬ ਤੂੰ ਬਾਦਸ਼ਾਹ ਤਾਂ ਬਣ ਗਿਆ ਹੈਂ, ਮੈਂ ਤਾਂ ਹੁਣ ਜੇਲ੍ਹ ਵਿੱਚ ਹੀ ਰਹਿਣਾ ਹੈ। ਜੇ ਤੂੰ ਆਪਣੇ ਬੱਚਿਆਂ ਨੂੰ ਮੇਰੇ ਕੋਲ ਭੇਜ ਦਿਆ ਕਰੇਂ ਤਾਂ ਮੈਂ ਉਹਨਾਂ ਨੂੰ ਪੜ੍ਹਾ ਦਿਆ ਕਰਾਂਗਾ ਤੇ ਤਾਲੀਮ ਦੇ ਦੇਵਾਂਗਾ।" ਔਰੰਗਜੇਬ ਹੱਸ ਕੇ ਕਹਿਣ ਲੱਗਾ, "ਅੱਛਾ! ਜੇਲ੍ਹ 'ਚ ਪਹੁੰਚ ਕੇ ਵੀ ਅਜੇ ਤੇਰੀ ਰਾਜ ਕਰਨ ਦੀ ਅਤੇ ਹੁਕਮ ਚਲਾਉਣ ਦੀ ਇੱਛਾ ਖਤਮ ਨਹੀਂ ਹੋਈ।" ਬਿਲਕੁਲ ਇਹੋ ਸਥਿਤੀ ਸ੍ਰੀ ਕੇਜਰੀਵਾਲ ਦੀ ਹੈ, ਦਿੱਲੀ ਵਿੱਚ ਹਾਰਨ ਤੋਂ ਬਾਅਦ ਵੀ ਉਸਦੀ ਸੱਤ੍ਹਾ ਭੋਗਣ ਦੀ ਇੱਛਾ ਖਤਮ ਨਹੀਂ ਹੋਈ। ਪਹਿਲਾਂ ਹੀ ਉਸਨੇ ਆਪਣੇ ਨਜਦੀਕੀਆਂ ਨੂੰ ਨਿਯੁਕਤ ਕਰਕੇ ਪੰਜਾਬ ਦੇ ਖਜ਼ਾਨੇ ਤੇ ਬੋਝ ਪਾਇਆ ਹੋਇਆ ਹੈ, ਜਿਸ ਬਾਰੇ ਪੰਜਾਬ ਦੇ ਲੋਕ ਜਾਣਦੇ ਹਨ। ਜੇ ਸ੍ਰੀ ਕੇਜਰੀਵਾਲ ਪੰਜਾਬ ਵਿੱਚ ਆਪਣੀ ਪਾਰਟੀ ਦੀ ਸਰਕਾਰ ਦੀ ਸਲਾਮਤੀ ਚਾਹੁੰਦੇ ਹਨ ਤਾਂ ਉਹਨਾਂ ਨੂੰ ਪੰਜਾਬ ਵਿੱਚ ਕੀਤੀ ਜਾਂਦੀ ਬੇਲੋੜੀ ਦਖ਼ਲਅੰਦਾਜ਼ੀ ਬੰਦ ਕਰ ਦੇਣੀ ਚਾਹੀਦੀ ਹੈ ਅਤੇ ਪੰਜਾਬ ਤੋਂ ਬਾਹਰ ਦੇ ਉਹਨਾਂ ਅਧਿਕਾਰੀਆਂ ਨੂੰ ਵਾਪਸ ਬੁਲਾਉਣਾ ਚਾਹੀਦਾ ਹੈ ਜਿਹਨਾਂ ਨੂੰ ਬਗੈਰ ਜ਼ਰੂਰਤ ਤੋਂ ਨਿੱਜੀ ਲਾਭ ਪਹੁੰਚਾਉਣ ਲਈ ਪੰਜਾਬ ਵਿੱਚ ਨਿਯੁਕਤ ਕੀਤਾ ਹੋਇਆ ਹੈ। ਜੇਕਰ ਆਮ ਆਦਮੀ ਪਾਰਟੀ ਅਤੇ ਖਾਸ ਕਰਕੇ ਇਸਦੇ ਸੁਪਰੀਮੋ ਸ੍ਰੀ ਅਰਵਿੰਦਰ ਕੇਜਰੀਵਾਲ ਨੇ ਦਿੱਲੀ ਦੇ ਨਤੀਜਿਆਂ ਤੋਂ ਅਜੇ ਵੀ ਸਬਕ ਨਾ ਲਿਆ ਤਾਂ ਇਸ ਪਾਰਟੀ ਦਾ ਅਗਲੀਆਂ ਚੋਣਾਂ ਸਮੇਂ ਪੰਜਾਬ ਵਿੱਚ ਵੀ ਅਜਿਹਾ ਹੀ ਹੋਵੇਗਾ। ਦੂਜੇ ਪਾਸੇ ਭਾਜਪਾ ਨੂੰ ਸਮਝਣਾ ਚਾਹੀਦਾ ਹੈ ਦਿੱਲੀ ਚੋਣਾਂ ਜਿੱਤਣ ਤੋਂ ਬਾਅਦ ਪੰਜਾਬ ਨੂੰ ਨਿਸ਼ਾਨਾ ਬਣਾਉਣ ਦੇ ਦਮਗਜੇ ਮਾਰਨਾ ਛੱਡ ਦੇਣ, ਪੰਜਾਬ ਦੇ ਲੋਕ ਭਾਜਪਾ ਦੀਆਂ ਆਰ ਐੱਸ ਐੱਸ ਵਾਲੀਆਂ ਨੀਤੀਆਂ ਤੋਂ ਭਲੀਭਾਂਤ ਜਾਣੂ ਹਨ। ਸਿਆਸੀ ਪਾਰਟੀਆਂ ਪੰਜਾਬ ਦੇ ਲੋਕਾਂ ਨੂੰ ਗੁੰਮਰਾਹ ਨਹੀਂ ਕਰ ਸਕਦੀਆਂ, ਇਸ ਲਈ ਉਹਨਾਂ ਨੂੰ ਪੰਜਾਬ ਦੇ ਹਿਤਾਂ ਦੀ ਰਾਖੀ ਕਰਨ, ਸਹੂਲਤਾਂ ਦੇਣ ਅਤੇ ਉਹਨਾਂ ਦੇ ਹੱਕ ਵਿੱਚ ਖੜ੍ਹਣ ਲਈ ਯਤਨ ਕਰਨੇ ਚਾਹੀਦੇ ਹਨ, ਗੁੰਮਰਾਹ ਕਰਕੇ ਵੋਟਾਂ ਹਾਸਲ ਕਰਨ ਦਾ ਖਿਆਲ ਛੱਡ ਦੇਣਾ ਚਾਹੀਦਾ ਹੈ।

ਮੋਬਾ: 098882 75913

## ਪ੍ਰੈਸ ਕਲੱਬ ਵੱਲੋਂ 'ਸ਼ਖ਼ਸੀਅਤ ਮਿਲਣੀ ਤੇ ਸਨਮਾਨ ਸਮਾਗਮ' ਦੌਰਾਨ ਹਰਬੰਸ ਸਿੰਘ ਬੁੱਟਰ, ਪ੍ਰਮਾਤਮਾ ਸਿੰਘ, ਅਜਾਇਬ ਸਿੰਘ ਹਮੀਰਗੜ੍ਹ ਸਰਪੰਚ ਦਾ ਸਨਮਾਨ ਹੋਇਆ

ਭਗਤਾ ਭਾਈਕਾ(ਪੰਜਾਬੀ ਅਖ਼ਬਾਰ ਬਿਊਰੋ) ਪ੍ਰੈਸ ਕਲੱਬ ਭਗਤਾ ਭਾਈ ਵਲੋਂ ਸਥਾਨਕ ਸ਼ਹਿਰ ਦੇ ਸ਼ਿਵਮ ਰੈਸਟੋਰੈਂਟ ਵਿਖੇ 'ਸ਼ਖ਼ਸੀਅਤ ਮਿਲਣੀ ਤੇ ਸਨਮਾਨ ਸਮਾਗਮ' ਕਰਵਾਇਆ ਗਿਆ। ਜਿਸ ਵਿਚ ਕੈਨੇਡਾ ਦੇ ਸ਼ਹਿਰ ਕੈਲਗਰੀ ਤੋਂ ਪ੍ਰਕਾਸ਼ਿਤ ਪੰਜਾਬੀ ਅਖ਼ਬਾਰ ਦੇ ਮੁੱਖ ਸੰਪਾਦਕ ਹਰਬੰਸ ਸਿੰਘ ਬੁੱਟਰ, ਸਮਾਜ ਸੇਵੀ ਪ੍ਰਮਾਤਮਾ ਸਿੰਘ ਹਮੀਰਗੜ੍ਹ ਕੈਨੇਡਾ ਤੇ ਨੌਜਵਾਨ ਆਗੂ ਅਜਾਇਬ ਸਿੰਘ ਹਮੀਰਗੜ੍ਹ ਸਰਪੰਚ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਪ੍ਰੈਸ ਕਲੱਬ ਦੇ ਮੈਂਬਰਾਂ ਨੇ ਸਮਾਗਮ ਵਿੱਚ ਪਹੁੰਚੀਆਂ ਸ਼ਖ਼ਸੀਅਤਾਂ ਦਾ ਗਰਮਜੋਸ਼ੀ ਨਾਲ ਸਵਾਗਤ ਕੀਤਾ। ਪੰਜਾਬੀ ਅਖ਼ਬਾਰ ਦੇ ਮੁੱਖ ਸੰਪਾਦਕ ਹਰਬੰਸ ਸਿੰਘ ਬੁੱਟਰ ਨੇ ਪ੍ਰੈਸ ਕਲੱਬ ਭਗਤਾ ਭਾਈ ਦੀਆਂ ਸੇਵਾਵਾਂ ਦੀ ਸ਼ਲਾਘਾ ਕਰਦਿਆਂ ਕੌਮਾਂਤਰੀ ਪੱਧਰ 'ਤੇ ਪੰਜਾਬੀ ਪੱਤਰਕਾਰੀ ਦੀ ਮੌਜੂਦਾ ਸਥਿਤੀ ਬਾਰੇ ਚਾਨਣਾ ਪਾਇਆ। ਉਨ੍ਹਾਂ ਹਾਜ਼ਰ ਪੱਤਰਕਾਰਾਂ ਤੇ ਸ਼ਖ਼ਸੀਅਤਾਂ ਨਾਲ ਆਪਣੇ ਪੱਤਰਕਾਰੀ ਜੀਵਨ ਤੇ ਤਜਰਬਿਆਂ ਬਾਰੇ ਵੀ ਸਾਂਝ ਪਾਈ। ਸਮਾਜ ਸੇਵੀ ਪ੍ਰਮਾਤਮਾ ਸਿੰਘ ਹਮੀਰਗੜ੍ਹ ਕੈਨੇਡਾ ਅਤੇ ਨੌਜਵਾਨ ਆਗੂ ਅਜਾਇਬ ਸਿੰਘ ਹਮੀਰਗੜ੍ਹ ਸਰਪੰਚ ਨੇ ਪ੍ਰੈਸ ਕਲੱਬ ਭਗਤਾ ਵੱਲੋਂ ਪੱਤਰਕਾਰੀ ਦੇ ਫ਼ਰਜ਼ਾਂ ਦੇ ਨਾਲ-ਨਾਲ ਕੀਤੇ ਜਾ ਰਹੇ ਸਮਾਜ ਸੇਵੀ ਕਾਰਜਾਂ ਦੀ ਜ਼ੋਰਦਾਰ ਸਲਾਘਾ ਕਰਦਿਆਂ ਕਲੱਬ ਨੂੰ ਹਰ ਸੰਭਵ ਸਹਿਯੋਗ ਦੇਣ ਦਾ ਐਲਾਨ ਕੀਤਾ। ਇਸ ਮੌਕੇ ਪ੍ਰੈਸ ਕਲੱਬ ਵੱਲੋਂ ਮੁੱਖ ਸੰਪਾਦਕ ਹਰਬੰਸ ਸਿੰਘ ਬੁੱਟਰ, ਸਮਾਜ ਸੇਵੀ ਪ੍ਰਮਾਤਮਾ ਸਿੰਘ ਹਮੀਰਗੜ੍ਹ ਕੈਨੇਡਾ ਤੇ ਨੌਜਵਾਨ ਆਗੂ ਅਜਾਇਬ ਸਿੰਘ ਹਮੀਰਗੜ੍ਹ ਸਰਪੰਚ ਦਾ ਵਿਸ਼ੇਸ਼ ਤੌਰ ਤੇ ਸਨਮਾਨ ਕੀਤਾ ਗਿਆ। ਇਸ ਤੋਂ ਇਲਾਵਾ ਪ੍ਰੈਸ ਕਲੱਬ ਲਈ ਵਧੀਆ ਸੇਵਾਵਾਂ ਨਿਭਾਉਣ ਵਾਲੇ ਆਹੁਦੇਦਾਰਾਂ ਤੇ ਮੈਂਬਰਾਂ ਰਾਜਿੰਦਰਪਾਲ ਰਾਜੂ, ਹਰਜੀਤ ਸਿੰਘ ਗਿੱਲ ਅਤੇ ਸੁਖਮੰਦਰ ਸਿੰਘ ਭਗਤਾ ਖੂਹ ਵਾਲੇ ਦਾ ਵੀ ਸਨਮਾਨ ਕੀਤਾ ਗਿਆ। ਪ੍ਰੈਸ ਕਲੱਬ ਦੇ ਪ੍ਰਧਾਨ ਸੁਖਪਾਲ ਸਿੰਘ ਸੋਨੀ ਤੇ ਜਨਰਲ ਸਕੱਤਰ ਪਰਮਜੀਤ ਸਿੰਘ ਢਿੱਲੋਂ ਨੇ ਸਮਾਗਮ ਦੌਰਾਨ ਸਹਿਯੋਗ ਲਈ ਸਾਰਿਆਂ ਦਾ ਧੰਨਵਾਦ ਕੀਤਾ। ਚੇਅਰਮੈਨ ਪਰਵੀਨ ਕੁਮਾਰ ਗਰਗ ਨੇ ਸਟੇਜ ਦੀ ਕਾਰਵਾਈ ਚਲਾਉਂਦਿਆਂ ਪ੍ਰੈਸ ਕਲੱਬ ਦੀਆਂ ਗਤੀਵਿਧੀਆਂ ਬਾਰੇ ਚਾਨਣਾ ਪਾਇਆ। ਇਸ ਮੌਕੇ ਸੁਖਨੈਬ ਸਿੰਘ ਸਿੱਧੂ ਸੂਬਾ ਕਮੇਟੀ ਮੈਂਬਰ ਪੰਜਾਬ ਐਂਡ ਚੰਡੀਗੜ੍ਹ ਜਰਨਲਿਸਟ ਯੂਨੀਅਨ, ਰੂਬੀ ਸਮਰਾ ਪੱਖੋਕਲਾਂ, ਸਰਪ੍ਰਸਤ ਰਾਜਿੰਦਰ ਸਿੰਘ ਮਰਾਹੜ, ਜਿਲ੍ਹਾ ਮੀਤ ਵੀਰਪਾਲ ਸਿੰਘ ਭਗਤਾ, ਸੀਨੀਅਰ ਮੀਤ ਪ੍ਰਧਾਨ ਬਿੰਦਰ ਜਲਾਲ, ਸੀਨੀਅਰ ਮੀਤ ਪ੍ਰਧਾਨ ਸਵਰਨ ਸਿੰਘ ਭਗਤਾ, ਮੀਤ ਸਿਕੰਦਰ ਸਿੰਘ ਜੰਡੂ, ਪ੍ਰੈਸ ਸਕੱਤਰ ਸਿਕੰਦਰ ਸਿੰਘ ਬਰਾੜ, ਨੌਜਵਾਨ ਆਗੂ ਰਾਜਾ ਸਿੱਧੂ ਹਾਜ਼ਰ ਸਨ।





















# ਡੀਪਸੀਕ: ਅਮਰੀਕਾ-ਚੀਨ ਵਿਚਾਲੇ ਡਿਜੀਟਲ ਜੰਗ ਤੇਜ਼



ਪ੍ਰੋ ਕੁਲਬੀਰ ਸਿੰਘ
9417153513

ਟਰੰਪ ਦੇ ਆਉਣ ਨਾਲ ਅਮਰੀਕਾ ਅਤੇ ਚੀਨ ਦਰਮਿਆਨ ਡਿਜੀਟਲ ਖਿਚੋਤਾਣ ਤੇਜ਼ ਹੋ ਗਈ ਹੈ। ਤਾਜ਼ਾ ਮਾਮਲਾ ਡੀਪਸੀਕ ਅਤੇ ਟਿਕ ਟਾਕ ਦਾ ਹੈ। ਮਸਕ ਅਤੇ ਜ਼ੁਕਰਬਰਗ ਨੂੰ ਉਸਨੇ ਪਹਿਲਾਂ ਹੀ ਆਪਣੇ ਪਾਸੇ ਵਿਚ ਖੜ੍ਹਾ ਕਰ ਲਿਆ ਹੈ। ਮਸਨੂਈ ਬੌਧਿਕਤਾ ਦੇ ਖੇਤਰ ਵਿਚ ਹੁਣ ਤੱਕ ਅਮਰੀਕੀ ਕੰਪਨੀਆਂ ਦੀ ਸਰਦਾਰੀ ਰਹੀ ਹੈ ਪਰੰਤੂ ਡੀਪਸੀਕ ਨੇ ਨਵਾਂ ਆਰਟੀਫੀਸ਼ੀਅਲ ਇੰਟੈਲੀਜੈਂਸ ਚੈਟਬਾਟ ਪੇਸ਼ ਕਰਕੇ ਤਸਵੀਰ ਬਦਲ ਦਿੱਤੀ ਹੈ। ਡੀਪਸੀਕ ਚੀਨ ਦਾ ਨਵਾਂ ਟੈੱਕ ਸਟਾਰਅੱਪ ਹੈ। ਇਸਦਾ ਸਿੱਧਾ ਪ੍ਰਭਾਵ ਅਮਰੀਕਾ ਦੀਆਂ ਇਸ ਖੇਤਰ ਦੀਆਂ ਚੋਟੀ ਦੀਆਂ ਕੰਪਨੀਆਂ 'ਤੇ ਪਿਆ ਹੈ। ਅਲਫਾਬੈਟ, ਮਾਈਕਰੋਸਾਫਟ, ਐਨਵਿਡੀਆ, ਮੇਟਾ ਆਦਿ ਕੰਪਨੀਆਂ ਨੂੰ ਥੋੜ੍ਹੇ ਜਿਹੇ ਸਮੇਂ ਵਿਚ ਵੱਡੇ ਨੁਕਸਾਨ ਝੱਲਣੇ ਪਏ ਹਨ।

ਡੀਪਸੀਕ ਦੀ ਅੱਜ ਚਾਰੇ ਪਾਸੇ ਇਸ ਲਈ ਚਰਚਾ ਤੇ ਪ੍ਰਸੰਸਾ ਹੋ ਰਹੀ ਹੈ ਕਿਉਂ ਕਿ ਇਸਦੀ ਲਾਗਤ ਤੇ ਵਰਤੋਂ ਕਾਫ਼ੀ ਸਸਤੀ ਤੇ ਸੁਖਾਲੀ ਹੈ। ਇਸਦੀ ਆਮਦ ਨਾਲ ਓਪਨਏਆਈ ਅਤੇ ਐਨਵੀਡੀਆ ਕੰਪਨੀਆਂ ਵਿਚ ਜਿਵੇਂ ਭੂਚਾਲ ਆ ਗਿਆ ਹੈ।ਵੱਖ ਵੱਖ ਹਤਾਇਸ਼ੀ ਤੇ ਵਿਰੋਧੀ ਕੰਪਨੀਆਂ ਦੇ ਅਧਿਕਾਰੀਆਂ ਸਮੇਤ ਡੋਨਲਡ ਟਰੰਪ ਨੇ ਡੀਪਸੀਕ ਦੀ ਹੈਰਾਨੀਜਨਕ ਸਫ਼ਲਤਾ 'ਤੇ ਆਪਣੇ ਆਪਣੇ ਢੰਗ ਨਾਲ ਪ੍ਰਤੀਕਰਮ ਵਿਅਕਤ ਕੀਤੇ ਹਨ।ਦਰਅਸਲ ਚਰਚਾ ਉਦੋਂ ਆਰੰਭ ਹੋਈ ਜਦੋਂ ਚੀਨ ਦੀ ਛੋਟੀ ਜਿਹੀ ਕੰਪਨੀ ਡੀਪਸੀਕ ਨੇ ਐਪਲ ਦੇ ਐਪ ਸਟੋਰ ਵਿਚ ਵੇਖਦੇ ਹੀ ਵੇਖਦੇ ਪਹਿਲਾ ਸਥਾਨ ਲੈ ਲਿਆ। ਇਸ ਕੰਪਨੀ ਦਾ ਨਿਰਮਾਣ 2023 ਵਿਚ ਹੋਇਆ। ਜਦੋਂ ਇਸਨੇ ਓਪਨ ਸੋਰ ਏਆਈ ਮਾਡਲ ਡੀਪਸੀਕ ਆਰ 1 ਦੀ ਸ਼ੁਰੂਆਤ ਕੀਤੀ ਤਾਂ ਉਹ ਵਿਸ਼ਵ ਪੱਧਰ 'ਤੇ ਓਪਨ ਏਆਈ ਦੇ ਚੈਟ ਜੀ ਪੀ ਟੀ, ਜੈਮਿਨੀ ਅਤੇ ਕਲਾਊਡ ਏਆਈ ਤੋਂ ਅੱਗੇ ਨਿਕਲ ਗਿਆ।ਚਰਚਾ ਇਸ ਲਈ ਵੀ ਹੋ ਰਹੀ ਹੈ ਕਿ ਮੁਕਾਬਲਤਨ ਇਸਨੂੰ ਬਹੁਤ ਘੱਟ ਲਾਗਤ ਵਿਚ ਤਿਆਰ ਕੀਤਾ ਗਿਆ ਹੈ। ਕੇਵਲ 55-56 ਲੱਖ ਡਾਲਰ ਵਿਚ। ਜਦ ਕਿ ਅਮਰੀਕੀ ਕੰਪਨੀਆਂ ਇਸਨੂੰ ਵਿਕਸਤ ਕਰਨ 'ਤੇ ਕਰੋੜਾਂ ਡਾਲਰ ਲਗਾ ਚੁੱਕੀਆਂ ਹਨ।ਡੀਪਸੀਕ ਏਆਈ ਦੇ ਕਰਤਾ ਧਰਤਾ ਚੀਨ ਦੇ 40 ਸਾਲਾ ਲਿਆਂਗ ਵੇਨਫੇਂਗ ਹਨ। ਉਸ ਵਿਚ ਅੰਤਾਂ ਦੀ ਦੂਰ-ਦ੍ਰਿਸ਼ਟੀ ਅਤੇ ਸਪਸ਼ਟਤਾ ਹੈ। ਉਹ ਬਜ਼ਾਰ ਨੂੰ ਬਾਰੀਕੀ ਵਿਚ ਸਮਝਣ ਦੀ ਸਮਰੱਥਾ ਰੱਖਦਾ ਹੈ। ਇਸੇ ਲਈ ਉਸਨੇ ਜਲਾਈ 2024 ਵਿਚ ਚੀਨੀ ਮੀਡੀਆ ਸਾਹਮਣੇ ਕਿਹਾ ਸੀ, ??ਓਪਨ ਏਆਈ ਕੋਈ ਭਗਵਾਨ ਨਹੀਂ ਹੈ ਅਤੇ ਹਮੇਸ਼ਾ ਸੱਭ ਤੋਂ ਅੱਗੇ ਨਹੀਂ ਰਹਿ ਸਕਦਾ।ਇਸਦੇ ਕੁਝ ਮਹੀਨੇ ਬਾਅਦ ਲਿਆਂਗ ਨੇ ਡੀਪਸੀਕ ਏਆਈ ਦੁਆਰਾ ਦੁਨੀਆਂ ਭਰ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ। ਲਿਆਂਗ ਦੇ ਪਿਤਾ ਸਕੂਲ ਅਧਿਆਪਕ ਸਨ। ਉਨ੍ਹਾਂ ਨੇ ਲਿਆਂਗ ਨੂੰ ਬਿਹਤਰੀਨ ਸਿੱਖਿਆ ਸੰਸਥਾਵਾਂ ਤੋਂ ਸਿੱਖਿਆ ਪ੍ਰਾਪਤ ਕਰਨ ਦਾ ਮੌਕਾ ਪ੍ਰਦਾਨ ਕੀਤਾ ਲਿਆਂਗ ਵੇਨਫੇਂਗ ਦਾ ਵਿਸ਼ਲੇਸ਼ਣ ਕਰਨ ਦਾ ਆਪਣਾ ਤਰੀਕਾ ਹੈ। ਉਸਦਾ ਕਹਿਣਾ ਹੈ, ਅਮਰੀਕਾ ਅਤੇ ਚੀਨ ਵਿਚਾਲੇ ਇਕ ਜਾਂ ਦੋ ਸਾਲ ਦਾ ਅੰਤਰ ਹੈ। ਪਰੰਤੂ ਅਸਲੀ ਅੰਤਰ ਮੌਲਿਕਤਾ ਅਤੇ ਨਕਲ ਦਰਮਿਆਨ ਹੈ। ਜੇਕਰ ਇਸਨੂੰ ਨਹੀਂ ਬਦਲਿਆ ਗਿਆ ਤਾਂ ਚੀਨ ਹਮੇਸ਼ਾ ਪਿੱਛੇ ਹੀ ਰਹੇਗਾ। ਇਸ ਲਈ ਕੁਝ ਖੋਜ ਜ਼ਰੂਰੀ ਹੈ।ਇਸ ਧਾਰਨਾ ਵਾਲੇ ਲਿਆਂਗ ਨੇ ਬੜੇ ਸੀਮਤ ਜਿਹੇ ਸਮੇਂ ਵਿਚ, ਬੜੇ ਸੀਮਤ ਬੱਜਟ ਵਿਚ ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਖੇਤਰ ਵਿਚ ਚੀਨ ਨੂੰ ਅਮਰੀਕਾ ਦੇ ਬਰਾਬਰ ਲਿਅ ਖੜ੍ਹਾ ਕੀਤਾ ਅਤੇ ਡੋਨਲਡ ਟਰੰਪ ਨੂੰ ਇਹ ਕਹਿਣਾ ਪਿਆ, ਡੀਪਸੀਕ ਅਮਰੀਕੀ ਕੰਪਨੀਆਂ ਲਈ ਵੇਕਅਪ ਕਾਲ ਹੈ। ਹੁਣ ਜਦ ਡੀਪਸੀਕ ਨੇ ਅਲਫ਼ਾਬੈਟ, ਐਮਾਜ਼ੋਨ, ਐਪਲ, ਮੇਟਾ, ਮਾਈਕਰੋਸਾਫ਼ਟ, ਨਵੀਡੀਆ, ਟੈਸਲਾ, ਗੂਗਲ ਜਿਹੀਆਂ ਕੰਪਨੀਆਂ ਨੂੰ ਵੱਡਾ ਆਰਥਿਕ ਨੁਕਸਾਨ ਪਹੁੰਚਾਇਆ ਹੈ ਤਾਂ ਅਮਰੀਕਾ ਅਤੇ ਚੀਨ ਦਰਮਿਆਨ ਇਕ ਨਵੀਂ ਤਰ੍ਹਾਂ ਦੀ ਡਿਜੀਟਲ ਜੰਗ ਹੋਰ ਤੇਜ਼ ਹੋਣ ਦੇ ਆਸਾਰ ਬਣ ਗਏ ਹਨ। ਚੀਨ ਨੇ ਡੀਪਸੀਕ ਨੂੰ, ਚੀਨ ਦੁਆਰਾ ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਖੇਤਰ ਵਿਚ ਵਿਸ਼ਵ-ਕ੍ਰਾਂਤੀ ਦੇ ਰੂਪ ਵਿਚ ਪੇਸ਼ ਕੀਤਾ ਹੈ। ਜਿਸ ਤੋਂ ਅਮਰੀਕਾ ਅਤੇ ਅਮਰੀਕੀ ਕੰਪਨੀਆਂ ਹੈਰਾਨ ਪ੍ਰੇਸ਼ਾਨ ਰਹਿ ਗਈਆਂ ਹਨ। ਚੀਨ ਨੇ ਇਸਨੂੰ ਤਕਨੀਕ ਦੇ ਖੇਤਰ ਵਿਚ ਅਤਿ-ਆਧੁਨਿਕ ਖੋਜ ਅਤੇ ਪ੍ਰਾਪਤੀ ਦੇ ਤੌਰ 'ਤੇ ਉਭਾਰਿਆ ਹੈ। ਚੀਨ ਨੇ ਡੀਪਸੀਕ ਰਾਹੀਂ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਉਸ ਵਿਚ ਅਜਿਹੀ ਸਮਝ ਤੇ ਸਮਰੱਥਾ ਹੈ ਅਤੇ ਉਹ ਅਮਰੀਕਾ ਦੀਆਂ ਦਿਓ-ਕੱਦ ਕੰਪਨੀਆਂ ਦਾ ਮੁਕਾਬਲਾ ਕਰ ਸਕਦਾ ਹੈ। ਸਰਕਾਰ ਦਾ ਡੀਪਸੀਕ ਨੂੰ ਹਰ ਤਰ੍ਹਾਂ ਦੀ ਮਦਦ ਲਈ ਸਮਰਥਨ ਹੈ। ਚੀਨ ਦਾ ਪੂਰਾ ਧਿਆਨ ਇਸ ਗੱਲ 'ਤੇ ਕੇਂਦਰਿਤ ਹੈ ਕਿ ਦੁਨੀਆਂ ਵਿਚ ਇਸਦੀ ਵਰਤੋਂ ਕਰਨ ਵਾਲਿਆਂ ਦੀ ਗਿਣਤੀ ਨੂੰ ਵਧਾਇਆ ਜਾਵੇ ਅਤੇ ਇਸਦੀ ਵਰਤੋਂ ਨੂੰ ਸੁਖਾਲਾ ਬਣਾਇਆ ਜਾਵੇ। ਇਸਦੀ ਵਰਤੋਂ ਨਾਲ ਜੁੜੇ ਸੁਰੱਖਿਆ ਦੇ ਮਾਮਲੇ ਸੰਬੰਧੀ ਉੱਚ-ਪੱਧਰੀ ਚਰਚਾ ਵੀ ਲਗਾਤਾਰ ਜਾਰੀ ਹੈ। ਦੁਨੀਆ ਭਰ ਦਾ ਤਕਨੀਕੀ ਉਦਯੋਗ ਚੀਨ ਦੇ ਸਸਤੇ ਤੇ ਤੇਜ਼ ਏਆਈ ਡੀਪਸੀਕ ਤੋਂ ਹੈਰਾਨ ਹੈ। ਮਾਹਿਰ ਇਸਨੂੰ ਪ੍ਰਮਾਣੂ ਬੰਬ ਵਾਂਗ ਮੰਨ ਰਹੇ ਹਨ ਕਿਉਂ ਕਿ ਇਸਨੇ ਇਕੋ ਝਟਕੇ ਨਾਲ ਬਜ਼ਾਰ ਵਿਚ ਵੱਡੀ ਉੱਥਲ ਪੁਥਲ ਮਚਾ ਦਿੱਤੀ ਹੈ। ਡੀਪਸੀਕ ਦੇ ਪ੍ਰਸੰਗ ਵਿਚ ਇਸ ਖੇਤਰ ਦਾ ਭਵਿੱਖ ਕੀ ਹੋਵੇਗਾ ਹਾਲ ਦੀ ਘੜੀ ਅਨੁਮਾਨ ਲਗਾਉਣਾ ਮੁਸ਼ਕਲ ਹੈ।




## ਵਿਰੋਧੀ ਧਿਰ ਨੇ ਸਸਕੈਚਵਨ ਸਰਕਾਰ ਨੂੰ ਬੁੰਜ-ਵਿਟੇਰਾ ਰਲੇਵੇਂ ਲਈ ਆਪਣਾ ਸਮਰਥਨ ਵਾਪਸ ਲੈਣ ਦੀ ਮੰਗ ਕੀਤੀ

ਸਸਕੈਚਵਨ (ਪੰਜਾਬੀ ਅਖ਼ਬਾਰ ਬਿਊਰੋ ) ਸਸਕੈਚਵਨ ਐਨਡੀਪੀ ਲੀਡਰ ਕਾਰਲਾ ਬੇਕ ਨੇ ਟਰਾਂਸਪੋਰਟ ਕੈਨੇਡਾ ਨੂੰ ਬੁੰਜ-ਵਿਟੇਰਾ ਰਲੇਵੇਂ ਲਈ ਆਪਣਾ ਸਮਰਥਨ ਵਾਪਸ ਲੈਣ ਲਈ ਕਿਹਾ ਹੈ ਕਿ ਇਸ ਨਾਲ ਸਸਕੈਚਵਨ ਫਸਲ ਉਤਪਾਦਕਾਂ ਨੂੰ ਹਰ ਸਾਲ £770 ਮਿਲੀਅਨ ਦਾ ਖਰਚਾ ਆਵੇਗਾ।

ਸਸਕੈਚਵਨ ਐਨਡੀਪੀ ਇਸ ਸੌਦੇ ਦਾ ਵਿਰੋਧ ਕਰਨ ਲਈ ਐਗਰੀਕਲਚਰਲ ਪ੍ਰੋਡਿਊਸਰਜ਼ ਐਸੋਸੀਏਸ਼ਨ ਆਫ਼ ਸਸਕੈਚਵਨ (ਏਪੀਏਐਸ) ਵਿੱਚ ਸ਼ਾਮਲ ਹੋ ਗਈ ਹੈ, ਚੇਤਾਵਨੀ ਦਿੱਤੀ ਹੈ ਕਿ ਇਸ ਨਾਲ ਕਿਸਾਨਾਂ ਨੂੰ ਨੁਕਸਾਨ ਹੋਵੇਗਾ ਅਤੇ ਸਸਕੈਚਵਨ ਦੀਆਂ ਨੌਕਰੀਆਂ ਦਾ ਨੁਕਸਾਨ ਹੋਵੇਗਾ।

APAS ਨਵੰਬਰ ਵਿੱਚ ਟਰਾਂਸਪੋਰਟ ਮੰਤਰੀ ਨੂੰ ਕੰਪੀਟੀਸ਼ਨ ਬਿਊਰੋ ਵੱਲੋਂ ਭੇਜੇ ਇੱਕ ਪੱਤਰ ਵੱਲ ਇਸ਼ਾਰਾ ਕਰਦਾ ਹੈ, ਜਿਸ ਵਿੱਚ ਕਿਹਾ ਗਿਆ ਹੈ ਕਿ ਰਲੇਵੇਂ ਨਾਲ ਖੇਤੀਬਾੜੀ ਸੈਕਟਰ ਦਾ ਦਮ ਘੁੱਟੇਗਾ ਅਤੇ ਇਸ 'ਤੇ ਮੁੜ ਵਿਚਾਰ ਕੀਤਾ ਜਾਣਾ ਚਾਹੀਦਾ ਹੈ।

ਏਪੀਏਐਸ ਦੇ ਪ੍ਰਧਾਨ ਬਿਲ ਪ੍ਰਿਬਿਲਸਕੀ ਨੇ ਕਿਹਾ ਕਿ ਅਭੇਦ ਹੋਣ ਨਾਲ ਸੰਭਾਵੀ ਤੌਰ 'ਤੇ ਇੱਕ ਇਕਾਈ ਦੁਆਰਾ ਨਿਯੰਤਰਣ ਵਿੱਚ ਵਾਧਾ ਹੋ ਸਕਦਾ ਹੈ, ਮੁਕਾਬਲਾ ਅਤੇ ਨਵੀਨਤਾ ਦਾ ਦਮ ਘੁੱਟ ਸਕਦਾ ਹੈ। ਟਰਾਂਸਪੋਰਟ ਕਨੇਡਾ ਦਾ ਫੈਸਲਾ, ਮੁਕਾਬਲਾ ਬਿਊਰੋ ਦੀਆਂ ਡੂੰਘੀਆਂ ਚਿੰਤਾਵਾਂ ਦਾ ਮੁਕਾਬਲਾ ਕਰਦੇ ਹੋਏ, ਉਸ ਪਰੇਸ਼ਾਨੀ ਵਾਲੀ ਨਿਗਰਾਨੀ ਨੂੰ ਦਰਸਾਉਂਦਾ ਹੈ ਜੋ ਖੇਤੀਬਾੜੀ



ਬਾਜ਼ਾਰਾਂ ਨੂੰ ਅਸਥਿਰ ਕਰ ਸਕਦਾ ਹੈ ਜਿਸ 'ਤੇ ਸਾਡੀ ਆਰਥਿਕਤਾ ਬਹੁਤ ਮਹੱਤਵਪੂਰਨ ਤੌਰ' ਤੇ ਨਿਰਭਰ ਕਰਦੀ ਹੈ, ਪ੍ਰਾਇਬਿਲਸਕੀ ਨੇ ਕਿਹਾ। ਸਬਪਾਰ ਸ਼ਰਤਾਂ ਨੂੰ ਸਵੀਕਾਰ ਕਰਨਾ ਇੱਕ ਖ਼ਤਰਨਾਕ ਮਿਸਾਲ ਕਾਇਮ ਕਰਦਾ ਹੈ, ਅਣਗਿਣਤ ਕਿਸਾਨਾਂ ਦੀ ਰੋਜ਼ੀ-ਰੋਟੀ ਅਤੇ ਖਪਤਕਾਰਾਂ ਦੀ ਭਲਾਈ ਨੂੰ ਖਤਰੇ ਵਿੱਚ ਪਾਉਂਦਾ ਹੈ।

ਬੇਕ ਵੀ ਸਸਕ ਦੀ ਮੰਗ ਕਰ ਰਿਹਾ ਹੈ। ਪਾਰਟੀ ਸਰਕਾਰ ਨੇ ਨੁਕਸਾਨਦੇਹ ਰਲੇਵੇਂ ਲਈ ਆਪਣਾ ਸਮਰਥਨ ਵਾਪਸ ਲਿਆ। ਬੇਕ ਨੇ ਕਿਹਾ, "ਫੈਡਰਲ ਅਤੇ ਸੂਬਾਈ ਸਰਕਾਰਾਂ ਨੂੰ ਸਾਡੇ ਮਿਹਨਤੀ ਉਤਪਾਦਕਾਂ ਦੀ ਗੱਲ ਸੁਣਨ ਅਤੇ ਇਸ ਸੌਦੇ 'ਤੇ ਬਰੇਕਾਂ ਨੂੰ ਪੰਪ ਕਰਨ ਦੀ ਲੋੜ ਹੈ। ਇਹ ਵਿਲੀਨਤਾ ਸਾਡੇ ਖੇਤੀਬਾੜੀ ਸੈਕਟਰ ਅਤੇ ਇਸ 'ਤੇ ਭਰੋਸਾ ਕਰਨ ਵਾਲੇ ਬਹੁਤ ਸਾਰੇ ਪੇਂਡੂ ਭਾਈਚਾਰਿਆਂ ਲਈ ਇੱਕ ਅੰਤੜੀ ਪੰਚ ਹੋਵੇਗਾ।

ਰੇਜੀਨਾ ਸਾਊਥ ਐਲਬਰਟ ਐਨਡੀਪੀ ਵਿਧਾਇਕ ਅਲੀਆਨਾ ਯੰਗ ਅੱਜ ਯੌਰਕਟਨ ਵਿੱਚ ਸਥਾਨਕ ਚੈਂਬਰ ਆਫ਼ ਕਾਮਰਸ, ਅਤੇ ਗ੍ਰੇਨ ਮਿਲਰਜ਼ ਕੈਨੇਡਾ ਦੀ ਸਹੂਲਤ ਦਾ ਦੌਰਾ ਕਰਨ ਲਈ ਸੀ। ਉਸਨੇ ਕਿਹਾ ਕਿ ਉਸਨੂੰ ਗੰਭੀਰ ਚਿੰਤਾਵਾਂ ਹਨ।

## ਪਹਿਲੀ ਜੂਨ ਤੋਂ ਬੀ.ਸੀ. 'ਚ ਮਿਨੀਮਮ ਵੇਜ 17 ਡਾਲਰ 85 ਸੈਂਟ ਹੋਵੇਗਾ

ਵੈਨਕੂਵਰ (ਪੰਜਾਬੀ ਅਖ਼ਬਾਰ ਬਿਊਰੋ )ਆਉਂਦੀ 1 ਜੂਨ ਤੋਂ ਬ੍ਰਿਟਿਸ਼ ਕੋਲੰਬੀਆ ਸੂਬੇ ਵੱਲੋਂ ਜਨਰਲ ਮਿਨੀਮਮ ਵੇਜ 2.6% ਦੇ ਹਿਸਾਬ ਦੇ ਨਾਲ ਵਧਾਈ ਜਾ ਰਹੀ ਹੈ। ਇਸ ਸਮੇਂ ਪ੍ਰਤੀ ਘੰਟਾ ਮਿਨੀਮਮ ਵੇਜ 17 ਡਾਲ 40 ਸੈਂਟ ਹੈ ਜੋ ਕਿ ਵੱਧ ਕੇ 17 ਡਾਲਰ 85 ਸੈਂਟ ਹੋ ਜਾਵੇਗੀ। ਇਹ ਚੇਂਜ ਇਮਪਲੋਇਮੈਂਟ ਸਟੈਂਡਰਡ ਅਡੈਕਟ ਦੇ ਅਧੀਨ ਕੀਤੀ ਗਈ ਹੈ। ਲੇਬਰ ਮੰਤਰੀ ਜੈਨੀਫਰ ਵਾਈਟ ਸਾਈਡ ਦਾ ਆਖਣਾ ਹੈ ਕਿ ਮਿਨੀਮਮ ਵੇਜ ਕਮਾਉਣ ਵਾਲਿਆਂ ਲਈ ਮਹਿੰਗਾਈ ਦੀ ਮਾਰ ਜ਼ਿਆਦਾ ਹੈ। ਜਿਸ ਕਰਕੇ ਸਰਕਾਰ ਵੱਲੋਂ ਇਹ ਫੈਸਲਾ ਲਿਆ ਗਿਆ ਸੀ ਕਿ ਮਿਨੀਮਮ ਵੇਜ ਨੂੰ ਕੋਸਟ ਆਫ ਲਿਵਿੰਗ ਦੇ ਹਿਸਾਬ ਨਾਲ ਵਧਾਇਆ ਜਾਵੇਗਾ। ਇਸ ਤੋਂ ਇਲਾਵਾ ਰੈਜੀਡੈਂਸ਼ੀਅਲ ਕੇਅਰ ਟੇਕਰ , ਲਿਵ ਇਨ ਹੋਮ ਸਪੋਰਟ ਵਰਕਰ ,ਕੈਂਪ ਲੀਡਰ ਅਤੇ ਡਿਲੀਵਰੀ ਸਰਵਿਸ ਵਰਕਰਾਂ ਦੀ ਮਿਨੀਮਮ ਵੇਜ ਵੀ ਇਸ ਰੇਟ ਦੇ ਹਿਸਾਬ ਦੇ ਨਾਲ ਹੀ ਵਧਾਈ ਜਾਵੇਗੀ। ਇੱਥੇ ਦੱਸਣਯੋਗ ਹੈ ਕਿ ਜੂਨ 2018 ਤੋਂ ਹਰ ਸਾਲ ਬੀਸੀ ਸੂਬੇ ਦੇ ਵਿੱਚ ਮਿਨੀਮਮ ਵੇਜ ਦੇ ਵਿੱਚ ਵਾਧਾ ਕੀਤਾ ਜਾ ਰਿਹਾ ਹੈ। ਬ੍ਰਿਟਿਸ਼ ਕੋਲੰਬੀਆ ਸੂਬਾ ਇਸ ਸਮੇਂ ਕਨੇਡਾ ਦਾ ਅਜਿਹਾ ਸੂਬਾ ਹੈ ਜਿੱਥੇ ਸਭ ਤੋਂ ਜਿਆਦਾ ਮਿਨੀਮਮ ਵੇਜ ਹੈ।

MIDWEST DIESEL REPAIR INC.
Midwest Truck Parts
Gurprit Gill (Sony)
We Service all Makes of Semi Trucks and Trailers
ਸੈਮੀ ਟਰੱਕਾਂ ਅਤੇ ਟਰੇਲਰਾਂ ਦੇ ਐਕਸਲ ਸਪਿੰਡਲ ਵੀ ਰਿਪੇਅਰ ਕਰਦੇ ਹਾਂ
ਟਰੱਕਾਂ ਦੇ ਕਿਸੇ ਵੀ ਤਰ੍ਹਾਂ ਦੇ ਪਾਰਟਸ ਵਾਜਬ ਰੇਟ 'ਤੇ ਖਰੀਦਣ ਲਈ ਸੰਪਰਕ ਕਰੋ।
• Wheel Alignment • Differential • Rebuilt
• Engine-Transmission • Heating and Air Conditioning
1009 WELLINGS ROAD, REGINA, SK, S4K 0A2
ਰੀਜਾਇਨਾ ਵਿਚ ਪੰਜਾਬੀਆਂ ਦੀ ਟਰੱਕਾਂ ਦੇ ਪਾਰਟਸ ਦੀ ਪਹਿਲੀ ਦੁਕਾਨ
Ph. (306) 525 5077
Cell (306) 201 5870
Fax (306) 525 5075
www.midwestdieselrepair.ca Email:info@midwestdieselrepair.ca

CAM TRANSPORT REGINA, SK
Currently Hiring Drivers and Owner Operators for Canada (Prairies) and USA Runs.
• Must Have-Clean Driver Abstract
• Clear Criminal Record
ਟਰੱਕ ਦਾ ਲਾਇਸੈਂਸ (Class 1A) ਲੈਣ ਵਿੱਚ ਵੀ ਮੱਦਦ ਕੀਤੀ ਜਾਂਦੀ ਹੈ
Cam Transport Offers:
• Great Pay, Steady Miles,
• Dedicated Work
• Dedicated trucks for drivers
• Every Weekend Home
• Excellent Equipments
• Paid Layover
Contact:
Kuldeep Romana 306 999 1800
Amrinder Sidhu 306 450 0453
Gurbinder Gagowal 306 520 4313
Office: 306 910-0100 Email: Info@camtransport.ca
1014 Kearns Cres Regina (SK) S4K 0A1

SUPERVISA INSURANCE
RESP & RRSP
CRITICAL ILLNESS INSURANCE
LIFE INSURANCE
MORTGAGE INSURANCE
TRAVEL INSURANCE
Punjab Insurance Inc
'Your Local Insurance Advisor'
VISITOR INSURANCE
ਘਰ ਬੈਠੇ ਹੀ ਆਨ ਲਾਈਨ ਸੇਵਾਵਾਂ ਵੀ ਲੈ ਸਕਦੇ ਹੋ
90 DAYS NEW IMMIGRANT INSURANCE
NAVDEEP JASWAL
Financial Advisor
403 909 4141

ONE-STOP TRUCK SALES
ਘੱਟ ਰੇਟ ਉੱਪਰ ਕੁੱਝ ਹੀ ਮਿੰਟਾਂ ਵਿੱਚ ਟਰੱਕ ਲੋਨ ਦੀ ਅਪਰੂਵਲ ਲਵੋ।
YOUR ONE STOP SHOP FOR TRUCK SALES AND FINANCING
ਵਨ-ਸਟਾਪ ਟਰੱਕ ਸੇਲਜ਼ ਵਾਲੇ ਹੀ ਤੁਹਾਨੂੰ ਬਣਾ ਸਕਦੇ ਹਨ ਹੈਵੀ ਡਿਊਟੀ ਟਰੱਕ ਟਰੇਲਰ, ਟਰੱਕ ਦੇ ਮਾਲਕ
Davinder Gill & Jatinder Gill
306 490 2205, 306 880 3869
56 Bryan Bay, Rosser, MB R3C 2E6
Email: admin@onestoptrucksales.com
Office: 204-987-7300
Mob. 204-396-5404

DENTRO CARRIERS LTD
REGINA, SK
HIRING
OWNER OPERATOR
NOW
ਓਨਰ ਅਪਰੇਟਰ ਅਤੇ ਟਰੱਕ ਡਰਾਈਵਰਾਂ ਦੀ ਲੋੜ ਹੈ।
• New Automatic Trucks
• City Work
• Long Haul US- Canada Runs
• Dedicated Runs
• Great Miles Rate
Referral Bonus
Health Benefits
LEASE TO OWNER OPERATOR PROGRAM
Ajitpal Singh
Tel: 306 751 4150 Mob: 306 201 7600
Fax: 306 757 7171
Email: dentrocarriersltd@gmail.com


ELEVATE
AT COOPER'S CROSSING
NEW YEAR, NEW HOME
2025
SAVE UP TO $20,000
2 & 3 Storey Townhomes, Acadia Villas Bungalow
MONARCH
AT COOPER'S CROSSING
LUXURY URBAN CONDOS
One, Two & Two bed + Flex,
ranging 670 – 1,198 SQ. FT.
ਸ਼ੋਅ ਹੋਮ ਹੁਣ ਖੁੱਲੇ ਹਨ
ਜੀਵਨਸ਼ੈਲੀ ਦੀਆਂ ਸਹੂਲਤਾਂ
$15,000 ਤੱਕ ਦੀ ਬੱਚਤ ਕਰੋ-ਆਫਰ ਥੋੜੇ ਸਮੇਂ ਲਈ
VESTA
PROPERTIES
VESTAELEVATE.COM
SALES CENTRE
#1601 – 201 Cooperswood Green SW, Airdrie
587.317.1516 | cooperscrossing@vestaproperties.com



ਕੈਲਗਰੀ ਵਿੱਚ ਸਾਂਝਾ ਪੰਜਾਬ ਗਰੌਸਰੀ ਸਟੋਰ
ਦੀ ਛੇਵੀਂ ਲੋਕੇਸ਼ਨ 400-DE CARRINGTON BLVD,NW
CALGARY ਨਾਰਥਵੈਸਟ ਏਰੀਆ ਵਿੱਚ ਖੁੱਲ ਗਈ ਹੈ
Mega
Sanjha Punjab
GROCERY STORE
ਤਾਜ਼ੀਆਂ ਸਬਜ਼ੀਆਂ, ਫਲ਼ ਫਰੂਟ, ਆਟਾ ਦਾਲਾਂ,
ਰਸੋਈ ਦਾ ਸਮਾਨ ਦੇਗਾਂ, ਪਤੀਲੇ, ਕੜਛੀਆਂ,
ਪਰੈਸ਼ਰ ਕੁਕਰ, ਮੰਜੇ, ਆਦਿ ਪੰਜਾਬ ਦੀ ਘਾਟ
ਮਹਿਸੂਸ ਹੀ ਨਹੀਂ ਹੋਣ ਦਿੰਦੇ ।
FRESH PRODUCE
GROCERY STORE
403-266-5200
6 LOCATIONS TO SERVE YOU
331-3690 WESTWINDS DR NE, CALGARY
117 7171 80 AVE NE, CALGARY
570-6520 FALCONRIDGE BLVD. NE, CALGARY
606 CITYSCAPE SQR NE, CALGARY
3150-235 RED EMBERS WAY NE, CALGARY
400-45 CARRINGTON BLVD, NW, CALGARY




2 ਫਾਰ ਵਨ ਵਾਲਿਆਂ ਦਾ ਪੀਜ਼ਾ ਇੱਕ ਵਾਰ ਖਾਂਓਗੇ
ਤਾਂ ਆਪਣੇ ਘਰ ਖਾਣਾ ਬਣਾਉਣਾ ਭੁੱਲ ਜਾਓਗੇ
ਪਹਿਲੀ ਅਤੇ ਆਖਰੀ ਬਾਈਟ ਦਾ ਸੁਆਦ
2 ਫਾਰ ਵਨ ਪੀਜ਼ਾ ਹਾਊਸ ਨੂੰ ਰੱਖਣਾ ਯਾਦ
2 FOR 1 PIZZA HOUSE
HOUSE OF TASTE & QUALITY
Please advise us of any food allergies
ਆਪਣੇ ਸ਼ਹਿਰ ਵਿੱਚ
2 ਫਾਰ ਵਨ ਪੀਜ਼ਾ ਦੀ ਫਰੈਂਚਾਈਜ
ਲੈਣ ਲਈ ਕਾਲ ਕਰੋ
ਅੰਮ੍ਰਿਤ :403-333-9000
2 For 1 Pizza House Franchise Application
"GREAT FOOD, GREAT PRICE, GREAT QUALITY!!"
Business Hours
Sunday – Thursday
11:00 am – 12:00 am
Friday & Saturday
11:0 am – 1:00 am
Location Hours May Vary
info@2for1pizzahouse.com
www.2for1pizzahouse.com
We are proud to serve in Edmonton with 6 locations!
CALGARY
#123, 55 Westwinds Cres NE, Calgary, AB T3J 5H2
Tel: 403-285-9000
STONEGATE - CALGARY
#112, 2550 Country Hills Blvd NE, Calgary, AB T3N 1E4
Tel: 403-818-9000
NOLAN HILL - CALGARY
#155, 50 Nolanridge Crt NW, Calgary, AB
Tel: 403-300-2442
CHESTERMERE
#101-288 Kinniburg BLVD, Chestermere (AB)
Tel : 403 292 0000
EDMONTON
#3747 – 8th Ave SW, Edmonton, AB T6X 1A4
Tel: 780-250-9009
EDMONTON
#3050, 106 St NW, Edmonton, AB T6J 5M5
Tel: 780-540-9900




BHINDER EXTERIORS LTD.
BHINDER EXTERIOR
ਕੁਦਰਤ ਦੀ ਗੜੇਮਾਰੀ ਕਾਰਣ ਘਰਾਂ ਦੇ
ਹੋਏ ਨੁਕਸਾਨ ਦਾ ਹੁਣ ਕੀ ਕਰੀਏ ?
ਤੁਸੀਂ ਕੁੱਝ ਨਹੀਂ ਕਰਨਾ ਸਿਰਫ ਭਿੰਡਰ ਐਕਸਟੀਰੀਅਰ
ਵਾਲਿਆਂ ਨੂੰ ਫੋਨ ਕਾਲ ਹੀ ਕਰਨੀ ਹੈ।
ਹੁਣ ਤੁਸੀਂ ਸਾਈਡਿੰਗ ਚੇਂਜ ਕਰਕੇ ਸਟੱਕੋ ਵੀ ਕਰਵਾ ਸਕਦੇ ਹੋ
ਇੰਸ਼ੋਰੈਂਸ ਕੰਪਨੀ ਨਾਲ ਉਹ ਆਪੇ
ਹੀ ਡੀਲ ਕਰਕੇ ਤੁਹਾਡੇ ਘਰ ਨੂੰ
ਪਹਿਲਾਂ ਨਾਲੋਂ ਵੀ ਸੋਹਣਾ ਅਤੇ
ਨਵਾਂ ਨਕੋਰ ਬਣਾ ਦੇਣਗੇ।
*ਸਾਨੂੰ ਵਰਕਰਾਂ ਦੀ ਲੋੜ ਹੈ
All kind of Exterior Service
* Siding * Soffit
* Fascia * Cedar
* Smart Board
* Paper Wire
* Stucco & Roofing
* Eavestrough
FREE Estimate
Call: 403 680 0436
Email: sandeeptoor72@gmail.com